# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 21 | Issue 131| 10 to 16 July , 2024 | Ph.: (510) 240-5949 | Email: asrtimes@gmail.com


# ਪੰਜਾਬ ਦੀ ‘ਪੰਥਕ ਸਿਆਸਤ’ ਦੀ ਬਦਲੀ ਦਿਸ਼ਾ ਤੇ ਦਸ਼ਾ

## ਕੀ ਅਕਾਲੀ ਦਲ ਦੀ ਥਾਂ ਮਜ਼ਬੂਤ ਪੰਥਕ ਧਿਰ ਬਣ ਸਕਣਗੇ ਨੌਜਵਾਨ ਗੁਰ ਸਿੱਖ ਆਗੂ ?

## ਅੰਮ੍ਰਿਤਪਾਲ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦੀਆਂ ਤਿਆਰੀਆਂ ਦੇ ਮਾਇਨੇ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪਟਿਆਲਾ : ਪੰਜਾਬ ਦੀ ਪੰਥਕ ਪਾਰਟੀ ਕਹਾਉਣ ਵਾਲਾ ਅਕਾਲੀ ਦਲ ਇਸ ਸਮੇਂ ਖੇਰੂੰ ਖੇਰੂੰ ਹੁੰਦਾ ਜਾ ਰਿਹਾ ਹੈ। ਇਸ ਸਮੇਂ ਅਕਾਲੀ ਦਲ ਵਿੱਚ ਦੋ ਮੁੱਖ ਧੜੇ ਸਰਗਰਮ ਹਨ। ਇੱਕ ਧੜੇ ਦੀ ਅਗਵਾਈ ਸੁਖਬੀਰ ਬਾਦਲ ਕਰ ਰਹੇ ਹਨ, ਜਦੋਂ ਕਿ ਦੂਜੇ ਬਾਗੀ ਧੜੇ ਵਿੱਚ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਗਗਨਦੀਪ ਸਿੰਘ ਬਰਨਾਲਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾ, ਬਲਦੇਵ ਸਿੰਘ ਮਾਨ, ਸਰਵਣ ਸਿੰਘ ਫਿਲੌਰ, ਜਸਟਿਸ ਨਿਰਮਲ ਸਿੰਘ, ਕਰਨੈਲ ਸਿੰਘ ਪੰਜੋਲੀ, ਸੁਖਵਿੰਦਰ ਸਿੰਘ ਔਲਖ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਬੀਬੀ ਪਰਮਜੀਤ ਕੌਰ ਲਾਂਡਰਾ, ਸਤਵਿੰਦਰ ਸਿੰਘ ਟੌਹੜਾ ਆਦਿ ਆਗੂ ਸ਼ਾਮਲ ਹਨ। ਦੋਵੇਂ ਧੜੇ ਹੀ ਆਪਣੇ ਆਪ ਨੂੰ ਅਸਲੀ ਅਕਾਲੀ ਦਸ ਰਹੇ ਹਨ, ਜਿਸ ਕਾਰਨ ਆਮ ਅਕਾਲੀ ਵਰਕਰਾਂ ਤੇ ਅਕਾਲੀ ਦਲ ਦੇ ਸਮਰਥਕਾਂ ਵਿੱਚ ਭੰਬਲਭੂਸਾ ਪੈ ਗਿਆ ਹੈ ਕਿ ਉਹ ਕਿਸੇ ਧੜੇ ਦਾ ਸਮਰਥਨ ਕਰਨ।

ਅਕਾਲੀ ਦਲ ਦੀ ਲੋਕ ਸਭਾ ਚੋਣਾਂ ਵਿੱਚ ਮਾੜੀ ਕਾਰਗੁਜਾਰੀ ਅਤੇ ਵੱਡੀ ਗਿਣਤੀ ਅਕਾਲੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਹੀ ਜ਼ਬਤ ਹੋਣ ਤੋਂ ਬਾਅਦ ਅਕਾਲੀ ਦਲ ਦੇ ਭਵਿੱਖ ’ਤੇ ਪ੍ਰਸ਼ਨ ਚਿੰਨ੍ਹ ਲੱਗ ਗਏ ਹਨ। ਉਥੇ ਲੋਕ ਸਭਾ ਚੋਣਾਂ ਵਿੱਚ ਨੌਜਵਾਨ ਸਿੱਖ ਆਗੂ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਵੱਡੇ ਅੰਤਰ ਨਾਲ ਚੋਣਾਂ ਜਿੱਤੇ ਹਨ। ਚੋਣ ਜਿੱਤਣ ਤੋਂ ਬਾਅਦ ਭਾਈ ਸਰਬਜੀਤ ਸਿੰਘ ਪੰਥਕ ਖੇਤਰ ਵਿੱਚ ਪੂਰੇ ਸਰਗਰਮ ਹੋ ਗਏ ਹਨ ਜਦੋਂਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੋਣ ਕਾਰਨ ਉਹਨਾਂ ਦੇ ਸਮਰਥਕ ਹੀ ਸਰਗਰਮ ਹਨ। ਇਸੇ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਨੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੱਧ ਤੋਂ ਵੱਧ ਬਣਾਉਣ ਦਾ ਸੰਦੇਸ਼ ਦਿੱਤਾ ਹੈ। ਭਾਵੇਂਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਬਾਰੇ ਅਜੇ ਕਿਹਾ ਹੈ ਕਿ ਇਸ ਦਾ ਫੈਸਲਾ ਚੋਣਾਂ ਨੇੜੇ ਲਿਆ ਜਾਵੇਗਾ ਪਰ ਜਿਸ ਤਰੀਕੇ ਨਾਲ ਉਹਨਾਂ ਵੱਲੋਂ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੱਧ ਤੋਂ ਵੱਧ ਬਣਾਉਣ ਬਾਰੇ ਸੰਦੇਸ਼ ਦਿੱਤਾ ਗਿਆ ਹੈ, ਉਸ ਤੋਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਆਪਣੇ ਉਮੀਦਵਾਰ ਖੜੇ ਕਰ ਸਕਦੇ ਹਨ।



ਸਿੱਖ ਪੰਥ ਵਿੱਚ ਸ਼੍ਰੋਮਣੀ ਕਮੇਟੀ ਦੀ ਮਹੱਤਤਾ ਨੂੰ ਭਾਈ ਅੰਮ੍ਰਿਤਪਾਲ ਸਿੰਘ ਚੰਗੀ ਤਰ੍ਹਾਂ ਸਮਝ ਰਹੇ ਹਨ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਅਕਾਲੀ ਦਲ ਦੇ ਪੰਜਾਬ ਵਿੱਚ ਅਨੇਕਾਂ ਧੜੇ ਹਨ ਪਰ ਸਭ ਤੋਂ ਸ਼ਕਤੀਸ਼ਾਲੀ ਧੜਾ ਉਹ ਸਮਝਿਆ ਜਾਂਦਾ ਹੈ, ਜਿਸ ਦਾ ਸ਼੍ਰੋਮਣੀ ਕਮੇਟੀ ’ਤੇ ‘ਕਬਜ਼ਾ’ ਹੋਵੇ। ਇਸ ਸਮੇਂ ਸ਼੍ਰੋਮਣੀ ਕਮੇਟੀ ’ਤੇ ‘ਕਬਜ਼ਾ’ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਬਾਦਲ ਅਕਾਲੀ ਦਲ ਦਾ ਹੈ।

ਪਰ ਜੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਖ਼ਾਲਸਾ ਇੱਕ ਦੂਸਰੇ ਨਾਲ ਸਿਰ ਜੋੜ ਕੇ ਸੱਚਮੁੱਚ ਸ਼੍ਰੋਮਣੀ ਕਮੇਟੀ ਵਿੱਚ ਭੂਮਿਕਾ ਨਿਭਾਉਣਾ ਚਾਹੁੰਦੇ ਨੇ ਤਾਂ ਸ਼੍ਰੋਮਣੀ ਕਮੇਟੀ ਤੋਂ ‘ਕਬਜ਼ੇ’ ਵਾਲਾ ਨਕਾਬ ਉਤਰ ਸਕਦਾ ਹੈ। ਇਹ ਦੋਵੇਂ ਸਿੱਖ ਚਿਹਰੇ ਸਿੱਖਾਂ ਦੇ ਹਿੱਤਾਂ ਦੇ ਲਈ, ਹੱਕਾਂ ਦੇ ਲਈ ਜੇ ਪਹਿਰਾ ਦਿੰਦੇ ਨੇ ਤਾਂ ਇਹ ਲੋਕਾਂ ਨੂੰ ਖਿੜੇ ਮੱਥੇ ਪ੍ਰਵਾਨ ਹੋਵੇਗਾ, ਤੇ ਸਾਲਾਂ ਤੋਂ ਚੱਲਦੇ ਆ ਰਹੇ ‘ਲਿਫ਼ਾਫ਼ਾ ਕਲਚਰ’ ਤੋਂ ਮੁਕਤੀ ਮਿਲੇਗੀ। ਇਹ ਭਾਈ ਅੰਮ੍ਰਿਤਪਾਲ ਸਿੰਘ ਤੇ ਭਾਈ ਸਰਬਜੀਤ ਸਿੰਘ ਦੇ ਲਈ ਕੋਈ ਸੌਖਾ ਨਹੀਂ ਹੋਵੇਗਾ ਪਰ ਇਮਾਨਦਾਰੀ ਦੇ ਨਾਲ ਹਰ ਮੈਦਾਨ ਫ਼ਤਹਿ ਹੁੰਦਾ ਹੈ।

ਦੋ ਨੌਜਵਾਨ ਸਿੱਖ ਉਮੀਦਵਾਰਾਂ ਦੇ ਲੋਕ ਸਭਾ ਮੈਂਬਰ ਬਣਨ ਤੋਂ ਬਾਅਦ ਪੰਜਾਬ ਦੀ ਪੰਥਕ ਸਿਆਸਤ ਦੀ ਦਿਸ਼ਾ ਅਤੇ ਦਸ਼ਾ ਬਦਲ ਗਈ ਹੈ। ਪੰਜਾਬ ਦੇ ਵੱਡੀ ਗਿਣਤੀ ਲੋਕ ਹੁਣ ਨੌਜਵਾਨ ਸਿੱਖ ਆਗੂਆਂ ਨੂੰ ਸਮਰਥਣ ਦੇਣ ਲੱਗ ਪਏ ਹਨ, ਜਿਸ ਦਾ ਸਬੂਤ ਦੋ ਨੌਜਵਾਨ ਸਿੱਖ ਆਗੂਆਂ ਦੇ ਸਾਂਸਦ ਬਣਨ ਤੋਂ ਮਿਲ ਜਾਂਦਾ ਹੈ।

ਸਾਲ 1989 ਵਿੱਚ ਪੰਜਾਬੀਆਂ ਨੇ ਸਿੱਖ ਆਗੂ ਸਿਮਰਨਜੀਤ ਸਿੰਘ ਮਾਨ ਤੇ ਉਹਨਾਂ ਦੇ ਸਾਥੀਆਂ ਨੂੰ ਲੋਕ ਸਭਾ ਚੋਣਾਂ ਵਿੱਚ ਵੱਡੇ ਪੱਧਰ ’ਤੇ ਜਿਤਾਇਆ ਸੀ ਅਤੇ ਉਸ ਸਮੇਂ ਮਾਨ ਦਲ ਵੱਡੀ ਪੰਥਕ ਧਿਰ ਬਣਕੇ ਉਭਰਿਆ ਸੀ, ਪਰ ਮਾਨ ਦਲ ਲਗਾਤਾਰ ਆਪਣੀ ਭਰੋਸੇਯੋਗਤਾ ਪੰਜਾਬੀਆਂ ਵਿੱਚ ਕਾਇਮ ਨਹੀਂ ਰੱਖ ਸਕਿਆ, ਜਿਸ ਕਰਕੇ ਕੁਝ ਸਮੇਂ ਬਾਅਦ ਬਾਦਲ ਦਲ ਮੁੜ ਮਜਬੂਤ ਹੋ ਗਿਆ ਸੀ। ਇਹ ਠੀਕ ਹੈ ਕਿ ਮਾਨ ਦਲ ਦੇ ਆਗੂ ਭਾਈ ਸਿਮਰਨਜੀਤ ਸਿੰਘ ਮਾਨ ਉਸ ਤੋਂ ਬਾਅਦ ਵੀ ਸਾਂਸਦ ਬਣਨ ਵਿੱਚ ਸਫਲ ਹੋ ਗਏ ਸਨ ਅਤੇ ਪਿਛਲੇ ਸਮੇਂ ਦੌਰਾਨ ਉਹ ਸੰਗਰੂਰ ਤੋਂ ਵੀ ਸਾਂਸਦ ਰਹਿ ਚੁੱਕੇ ਹਨ ਭਾਵੇਂ ਕਿ ਇਸ ਵਾਰੀ ਉਹ ਲੋਕ ਸਭਾ ਚੋਣ ਹਾਰ ਗਏ ਪਰ ਅਜੇ ਵੀ ਪੰਥਕ ਹਲਕਿਆਂ ਵਿੱਚ ਉਹਨਾਂ ਦਾ ਪ੍ਰਭਾਵ ਮੰਨਿਆ ਜਾਂਦਾ ਹੈ।

ਜਿਸ ਤਰੀਕੇ ਨਾਲ ਪੰਜਾਬ ਵਿੱਚ ਨੌਜਵਾਨ ਸਿੱਖ ਆਗੂਆਂ ਦਾ ਉਭਾਰ ਹੋ ਰਿਹਾ ਹੈ ਅਤੇ ਉਹਨਾਂ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਦਿਲਚਸਪੀ ਦਿਖਾਈ ਜਾ ਰਹੀ ਹੈ, ਉਸ ਤੋਂ ਪੰਜਾਬ ਦੀ ਪੰਥਕ ਸਿਆਸਤ ਦਾ ਮੁਹਾਂਦਰਾ ਉਭਰ ਕੇ ਸਾਹਮਣੇ ਆ ਰਿਹਾ ਹੈ। ਇਸ ਸਮੇਂ ਪੰਜਾਬ ਵਿੱਚ ਨੌਜਵਾਨ ਸਿੱਖ ਆਗੂਆਂ ਦੇ ਉਭਾਰ ਅਤੇ ਉਹਨਾਂ ਨੂੰ ਮਿਲ ਰਹੇ ਜਨ ਸਮਰਥਨ ਨਾਲ ਪੰਥਕ ਸਿਆਸਤ ਦੀ ਦਿਸ਼ਾ ਅਤੇ ਦਸ਼ਾ ਲਗਾਤਾਰ ਬਦਲਦੀ ਜਾ ਰਹੀ ਹੈ। ਇਸ ਸਮੇਂ ਪੰਜਾਬ ਦੀ ਸਿਆਸਤ ਵਿੱਚ ਨੌਜਵਾਨ ਸਿੱਖ ਆਗੂਆਂ ਦੇ ਉਭਾਰ ਕਾਰਨ ਦੁਚਿੱਤੀ ਵਾਲੀ ਹਾਲਤ ਬਣੀ ਹੋਈ ਹੈ। ਪੰਜਾਬ ਦੀ ਸਿਆਸਤ ਇਸ ਸਮੇਂ ‘ਬੁਝਾਰਤ ਦੀ ਸਿਆਸਤ’ ਬਣ ਗਈ ਹੈ, ਜਿਸ ਨੂੰ ਕੋਈ ਵੀ ਨਹੀਂ ਬੁੱਝ ਸਕਦਾ। ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਊਠ ਕਿਸ ਕਰਵਟ ਬੈਠੇਗਾ।

## ਦਲ ਖ਼ਾਲਸਾ ਦੇ ਬਾਨੀ ਗਜਿੰਦਰ ਸਿੰਘ ਦਾ ਪਾਕਿਸਤਾਨ ’ਚ ਦੇਹਾਂਤ



ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਜਥੇਬੰਦੀ ਦਲ ਖ਼ਾਲਸਾ ਦੇ ਬਾਨੀ ਅਤੇ ਸਰਪ੍ਰਸਤ ਗਜਿੰਦਰ ਸਿੰਘ ਦਾ ਜਲਾਵਤਨੀ ਦੌਰਾਨ ਪਾਕਿਸਤਾਨ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਜਥੇਬੰਦੀ ਦੇ ਆਗੂਆਂ ਕੰਵਰਪਾਲ ਸਿੰਘ, ਪਰਮਜੀਤ ਸਿੰਘ ਮੰਡ, ਹਰਚਰਨਜੀਤ ਸਿੰਘ ਧਾਮੀ ਤੇ ਜਸਵੀਰ ਸਿੰਘ ਖੰਡੂਰ ਨੇ ਮੀਡੀਆ ਨੂੰ ਦੱਸਿਆ ਕਿ ਗਜਿੰਦਰ ਸਿੰਘ ਨੇ 3 ਜੁਲਾਈ ਨੂੰ ਆਖਰੀ ਸਾਹ ਲਏ ਤੇ 4 ਜੁਲਾਈ ਸ਼ਾਮ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਨਨਕਾਣਾ ਸਾਹਿਬ ਦੇ ਸ਼ਮਸ਼ਾਨਘਾਟ ਵਿੱਚ ਉਨ੍ਹਾਂ ਦੀ ਧੀ ਦੀ ਹਾਜ਼ਰੀ ਵਿੱਚ ਕੀਤਾ ਗਿਆ। ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ 13 ਜੁਲਾਈ ਨੂੰ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਅੰਤਿਮ ਅਰਦਾਸ ਕੀਤੀ ਜਾਵੇਗੀ।

## ਮੋਦੀ ਦੀ ਰੂਸ ਯਾਤਰਾ ’ਤੇ ਛਲਕਿਆ ਜ਼ੇਲੇਂਸਕੀ ਦਾ ਦਰਦ

# ਪੁਤਿਨ-ਮੋਦੀ ਮੁਲਾਕਾਤ ਸ਼ਾਂਤੀ ਦੀਆਂ ਕੋਸ਼ਿਸ਼ਾਂ ਲਈ ‘ਵੱਡਾ ਝਟਕਾ’ : ਜ਼ੇਲੇਂਸਕੀ

ਕੀਵ/ਏ.ਟੀ.ਨਿਊਜ਼ : ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੋ ਦਿਨਾਂ ਰੂਸ ਦੌਰੇ ’ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਪ੍ਰਧਾਨ ਮੰਤਰੀ ਮੋਦੀ ਦੀ ਮੁਲਾਕਾਤ ’ਤੇ ‘ਵੱਡੀ ਨਿਰਾਸ਼ਾ’ ਜ਼ਾਹਰ ਕੀਤੀ ਹੈ ਅਤੇ ਇਸ ਨੂੰ ਸ਼ਾਂਤੀ ਦੀਆਂ ਕੋਸ਼ਿਸ਼ਾਂ ਲਈ ‘ਵੱਡਾ ਝਟਕਾ’ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਬੀਤੇ ਦਿਨੀਂ ਮਾਸਕੋ ਦੇ ਨੋਵੋ-ਓਗਾਰੀਓਵੋ ਵਿੱਚ ਰੂਸੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ‘ਕ੍ਰੇਮਲਿਨ’ ਵਿੱਚ ਵਲਾਦੀਮੀਰ ਪੁਤਿਨ ਨਾਲ ਗੈਰ ਰਸਮੀ ਮੁਲਾਕਾਤ ਕੀਤੀ। ਫਰਵਰੀ 2022 ਵਿੱਚ ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਇਹ ਉਨ੍ਹਾਂ ਦੀ ਪਹਿਲੀ ਰੂਸ ਯਾਤਰਾ ਸੀ।

ਵੋਲੋਦੀਮੀਰ ਜ਼ੇਲੇਂਸਕੀ ਨੇ ਪਿਛਲੇ ਮਹੀਨੇ ਇਟਲੀ ਵਿੱਚ ਹੋਏ ਜੀ-7 ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ। ਉਸ ਨੇ ਟਵਿੱਟਰ ’ਤੇ ਇੱਕ ਪੋਸਟ ਵਿੱਚ ਕਿਹਾ, ‘ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨੇਤਾ ਨੂੰ ਅਜਿਹੇ ਦਿਨ ਮਾਸਕੋ ਵਿੱਚ ਦੁਨੀਆਂ ਦੇ ਸਭ ਤੋਂ ਡਰੇ ਹੋਏ ਅਪਰਾਧੀ ਨੂੰ ਗਲੇ ਲਗਾਉਂਦੇ ਦੇਖਣਾ ਇੱਕ ਵੱਡੀ ਨਿਰਾਸ਼ਾ ਅਤੇ ਸ਼ਾਂਤੀ ਦੀਆਂ ਕੋਸ਼ਿਸ਼ਾਂ ਲਈ ਇਕ ਵਿਨਾਸ਼ਕਾਰੀ ਝਟਕਾ ਹੈ।’ ਰੂਸ ਦੇ ਰਾਸ਼ਟਰਪਤੀ ਅਤੇ ਮੋਦੀ ਨੇ ਕ੍ਰੇਮਲਿਨ ਵਿੱਚ ਆਪਣੀ ਮੁਲਾਕਾਤ ਦੌਰਾਨ ਇੱਕ ਦੂਜੇ ਨੂੰ ਗਲੇ ਲਗਾ ਕੇ ਵਧਾਈ ਦਿੱਤੀ। ਇਸ ਦੌਰਾਨ ਦੋਵਾਂ ਨੇਤਾਵਾਂ ਵਿਚਾਲੇ ਸ਼ਾਨਦਾਰ ਕੈਮਿਸਟਰੀ ਦੇਖਣ ਨੂੰ ਮਿਲੀ। ਤੁਹਾਨੂੰ ਦੱਸ ਦੇਈਏ ਕਿ ਰੂਸ ਨੇ ਬੀਤੇ ਦਿਨੀਂ ਕੀਵ ’ਤੇ ਇੱਕ ਮਿਜ਼ਾਈਲ ਦਾਗੀ, ਜੋ ਬੱਚਿਆਂ ਦੇ ਹਸਪਤਾਲ ’ਤੇ ਡਿੱਗੀ। ਇਸ ਹਮਲੇ ’ਚ ਘੱਟੋ-ਘੱਟ 24 ਲੋਕ ਮਾਰੇ ਗਏ ਸਨ। ਮਿਜ਼ਾਈਲ ਹਮਲਿਆਂ ਤੋਂ ਬਾਅਦ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ, ‘ਇਹ ਬਹੁਤ ਮਹੱਤਵਪੂਰਨ ਹੈ ਕਿ ਦੁਨੀਆਂ ਨੂੰ ਹੁਣ ਇਸ ਬਾਰੇ ਚੁੱਪ ਨਹੀਂ ਰਹਿਣਾ ਚਾਹੀਦਾ ਅਤੇ ਹਰ ਕਿਸੇ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਰੂਸ ਕੀ ਹੈ ਅਤੇ ਉਹ ਕੀ ਕਰ ਰਿਹਾ ਹੈ।’



## ਜੰਗ ਨਾਲ ਨਹੀਂ ਹੋਵੇਗਾ ਯੂਕਰੇਨ ਵਿਵਾਦ ਦਾ ਹੱਲ: ਮੋਦੀ

ਮਾਸਕੋ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਸਪੱਸ਼ਟ ਸੁਨੇਹਾ ਦਿੰਦਿਆਂ ਕਿਹਾ ਕਿ ਯੂਕਰੇਨ ਵਿਵਾਦ ਦਾ ਹੱਲ ਜੰਗ ਦੇ ਮੈਦਾਨ ਵਿੱਚ ਸੰਭਵ ਨਹੀਂ ਹੈ ਅਤੇ ਬੰਬਾਂ, ਬੰਦੂਕਾਂ ਤੇ ਗੋਲੀਆਂ ਦਰਮਿਆਨ ਸ਼ਾਂਤੀ ਵਾਰਤਾ ਨਹੀਂ ਹੋ ਸਕਦੀ। ਰੂਸੀ ਰਾਸ਼ਟਰਪਤੀ ਦੇ ਦਫ਼ਤਰ ‘ਕਰੈਮਲਿਨ’ ਵਿੱਚ ਪੂਤਿਨ ਨਾਲ ਸਿਖਰ ਵਾਰਤਾ ਤੋਂ ਪਹਿਲਾਂ ਆਪਣੀ ਮੁੱਢਲੀ ਵਾਰਤਾ ’ਚ ਮੋਦੀ ਨੇ ਯੂਕਰੇਨ ’ਚ ਬੱਚਿਆਂ ਦੇ ਇੱਕ ਹਸਪਤਾਲ ’ਤੇ ਬੰਬ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੇਗੁਨਾਹ ਬੱਚਿਆਂ ਦੀ ਮੌਤ ਦਿਲ ਦੁਖਾਉਣ ਵਾਲੀ ਤੇ ਬਹੁਤ ਹੀ ਤਕਲੀਫ ਦੇਣ ਵਾਲੀ ਹੈ। ਮੋਦੀ ਨੇ ਆਲਮੀ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਭਾਰਤ ਸ਼ਾਂਤੀ ਦੇ ਪੱਖ ਵਿੱਚ ਹੈ ਅਤੇ ਸੰਘਰਸ਼ ਦਾ ਹੱਲ ਗੱਲਬਾਤ ਰਾਹੀਂ ਕੱਢਿਆ ਜਾਣਾ ਚਾਹੀਦਾ ਹੈ।

## ਸ੍ਰ. ਗਜਿੰਦਰ ਸਿੰਘ ਦੀ ਚਾਰ ਕੁ ਮਹੀਨੇ ਪਹਿਲਾਂ ਦੀ ਇਹ ਲਿਖਤ ਪੜ੍ਹਿਓ। ਸਬਰ, ਸਿਦਕ, ਸੰਘਰਸ਼, ਤਿਆਗ, ਜਲਾਵਤਨੀ ਕੀ ਹੁੰਦੀ ਐ ?, 'ਕੱਲਾ-ਕੱਲਾ' ਸ਼ਬਦ ਮਹਿਸੂਸ ਕਰਿਓ।



# ਉਹ ਵੀ ਤੇਰੀ ਧੀ ਸੀ, ਜੋ ਧੱਕੇ ਖਾਂਦੀ ਰਹੀ...

ਕੁੱਝ ਦਿਨ ਪਹਿਲਾਂ ਮੈਂ ਆਪਣੀ ਜੀਵਨ ਸਾਥਣ ਅਤੇ ਬੇਟੀ ਦੀ ਗੁਰਦੁਆਰਾ ਡੇਹਰਾ ਸਾਹਿਬ ਵਿਚਲੀ ਤਸਵੀਰ ਸਾਂਝੀ ਕੀਤੀ ਸੀ, ਤਾਂ ਕਈ ਦੋਸਤਾਂ ਨੇ ਪਰਿਵਾਰ ਬਾਰੇ ਹੋਰ ਵਧੇਰੇ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਸੀ।

ਇਸੇ ਸਿਲਸਿਲੇ ਵਿੱਚ ਅੱਜ ਇਹ ਪੋਸਟ ਲਿਖ ਰਿਹਾ ਹਾਂ।

ਲਾਹੌਰ, ਗੁਰਦੁਆਰਾ ਡੇਹਰਾ ਸਾਹਿਬ ਰਹਿੰਦੇ, ਮੇਰੀ ਜੀਵਨ ਸਾਥਣ ਨੂੰ ਦਿਲ ਦੀ ਪ੍ਰਾਬਲਮ ਹੋ ਗਈ ਸੀ। ਲਾਹੌਰ ਵਿੱਚ ਦਿਲ ਦੇ ਮਰੀਜ਼ਾਂ ਦਾ ਇੱਕ ਹਸਪਤਾਲ ਹੈ, ਪੰਜਾਬ ਕਾਰਡਿਆਲੋਜੀ, ਇਸ ਵਿੱਚ ਉਹ ਚੈਕ-ਅਪ ਤੇ ਇਲਾਜ ਲਈ ਜਾਂਦੀ ਰਹੀ। ਡਾਕਟਰ ਅਪਰੇਸ਼ਨ ਕਰਵਾਉਣ ਲਈ ਕਹਿ ਰਹੇ ਸਨ।

ਕੁੱਝ ਹਮਸਫਰ, ਜੋ ਉਸ ਵੇਲੇ ਲਾਹੌਰ ਹੀ, ਜੇਲ੍ਹ ਤੋਂ ਬਾਹਰ ਰਹਿ ਰਹੇ ਸਨ, ਉਹਨਾਂ ਮੇਰੀ ਸਿੰਘਣੀ ਨੂੰ ਸਲਾਹ ਦਿੱਤੀ ਕਿ ਤੁਸੀਂ ਇੱਥੇ ਅਪਰੇਸ਼ਨ ਨਾ ਕਰਵਾਉ, ਬਲਕਿ ਬਾਹਰ ਚਲੇ ਜਾਓ, ਤੇ ਉਥੇ ਜਾ ਕੇ ਇਲਾਜ ਕਰਵਾ ਲੈਣਾ। ਕਾਫ਼ੀ ਵਿਚਾਰ ਵਟਾਂਦਰੇ ਤੋਂ ਬਾਅਦ ਅਖੀਰ ਫੈਸਲਾ ਹੋਇਆ ਕਿ ਉਹਨਾਂ ਨੂੰ ਅਮਰੀਕਾ ਭੇਜ ਦਿੱਤਾ ਜਾਵੇ। ਅਖੀਰ ਭਾਈ ਦਲਜੀਤ ਸਿੰਘ ਬਿੱਟੂ ਹੁਰਾਂ ਨੇ ਆਪਣੀ ਜਥੇਬੰਦੀ ਦੇ ਸਿੰਘਾਂ ਨੂੰ ਕਹਿ ਕੇ ਉਹਨਾਂ ਨੂੰ ਅਮਰੀਕਾ ਭੇਜਣ ਦਾ ਇੰਤਜ਼ਾਮ ਕਰਵਾ ਦਿੱਤਾ। ਇਸ ਫੈਸਲੇ ਤੋਂ ਅਮਲ ਤੱਕ ਬਹੁਤ ਸਾਰੀਆਂ ਪਰੇਸ਼ਾਨੀਆਂ ਪੇਸ਼ ਆਈਆਂ, ਜਿਨ੍ਹਾਂ ਦਾ ਮੈਂ ਇੱਥੇ ਜ਼ਿਕਰ ਨਹੀਂ ਕਰਾਂਗਾ। ਬਸ ਇੰਨਾ ਹੀ ਜ਼ਿਕਰ ਕਰਾਂਗਾ, ਕਿ ਇੱਕ ਦਿਨ ਜੇਲ੍ਹ ਮੁਲਾਕਾਤ ਆਈ ਨੇ ਦੱਸਿਆ ਕਿ ਕੱਲ ਮੇਰੀ ਫਲਾਈਟ ਹੈ। ..ਇਸ ਤੋਂ ਕਾਫ਼ੀ ਦੇਰ ਬਾਅਦ ਇੱਕ ਚਿੱਠੀ ਰਾਹੀਂ ਪਤਾ ਲੱਗਾ ਕਿ ਮਾਂ ਧੀ ਅਮਰੀਕਾ ਪਹੁੰਚ ਗਈਆਂ ਹਨ।

ਅਮਰੀਕਾ ਪਹੁੰਚਣ ਬਾਅਦ ਸਾਡੇ ਇੱਕ ਪੁਰਾਣੇ ਸਾਥੀ ਪ੍ਰਿਤਪਾਲ ਸਿੰਘ ਖ਼ਾਲਸਾ, ਗੁਰਦਾਸਪੁਰ ਵਾਲਿਆਂ ਨੇ, ਜੋ ਨਿਊ ਜਰਸੀ ਰਹਿੰਦੇ ਸਨ, ਕੁੱਝ ਹੋਰ ਸਿੰਘਾਂ ਦੇ ਸਹਿਯੋਗ ਨਾਲ ਰਹਿਣ ਸਹਿਣ ਦਾ ਕੁੱਝ ਇੰਤਜ਼ਾਮ ਕੀਤਾ। ਪੰਜ ਛੇ ਮਹੀਨੇ ਅਮਰੀਕਾ ਰਹਿਣ ਬਾਅਦ ਜਦੋਂ ਇਹ ਪਤਾ ਲੱਗਾ ਕਿ ਅਮਰੀਕਾ ਇਲਾਜ ਬਹੁਤ ਮਹਿੰਗਾ ਹੈ, ਤੇ ਕੈਨੇਡਾ ਫ੍ਰੀ ਮੈਡੀਕਲ ਹੈ, ਕੁੱਝ ਦੋਸਤਾਂ ਦੇ ਮਸ਼ਵਰੇ ਨਾਲ, ਉਹ ਇੱਕ ਦੋਸਤ ਦੇ ਟਰੱਕ ਵਿੱਚ ਬੈਠ ਕੇ ਹੀ ਕੈਨੇਡਾ ਪਹੁੰਚ ਗਈਆਂ।



ਇਸ ਪੋਸਟ ਨਾਲ ਜੋ ਤਸਵੀਰ ਸਾਂਝੀ ਕਰ ਰਿਹਾ ਹਾਂ, ਉਹ ਮੇਰੀ ਤੇ ਸਿੰਘਣੀ ਦੀ ਸ਼ਾਇਦ 1999 ਦੀ ਹੈ, ਜਦੋਂ ਉਹ ਅਮਰੀਕਾ ਤੋਂ ਡਿਪੋਰਟ ਹੋ ਕੇ ਮੇਰੇ ਕੋਲ ਆਈ ਸੀ ਤੇ ਸਾਨੂੰ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨਾਂ ਦਾ ਮੌਕਾ ਮਿਲਿਆ ਸੀ।

ਕੈਨੇਡਾ ਪਹੁੰਚ ਕੇ ਪਨਾਹ ਦਾ ਕੇਸ ਕੀਤਾ, ਬੱਚੀ ਦੀ ਪੜ੍ਹਾਈ, ਤੇ ਆਪਣਾ ਇਲਾਜ ਸ਼ੁਰੂ ਕਰਵਾਇਆ। ਕੈਨੇਡਾ ਵਿੱਚ ਪਨਾਹ ਦੀ ਦਰਖਾਸਤ ਦੇਣ ਬਾਅਦ ਸਰਕਾਰ ਲੋੜੀਂਦਾ ਖਰਚਾ ਵੀ ਦਿੰਦੀ ਸੀ। ਉਹ ਸ਼ੁਰੂ ਤੋਂ ਹੀ ਕਿਸੇ ਉੱਤੇ ਬੋਝ ਬਣਨੋਂ ਬਚਣਾ ਚਾਹੁੰਦੀ ਸੀ, ਸੋ ਕੈਨੇਡਾ ਪਹੁੰਚ ਕੇ ਉਸ ਦੀ ਇਹ ਇੱਛਾ ਪੂਰੀ ਹੋ ਗਈ। ਮੈਨੂੰ ਇਹ ਸਾਰਾ ਕੁੱਝ ਜੇਲ੍ਹ ਪਹੁੰਚੀਆਂ ਚਿੱਠੀਆਂ ਰਾਹੀਂ ਕਾਫ਼ੀ ਸਮੇਂ ਬਾਅਦ ਪਤਾ ਲੱਗਾ ਸੀ।

ਕੈਨੇਡਾ ਵਿੱਚ ਪਨਾਹ ਦਾ ਕੇਸ ਤਿੰਨ ਕੁ ਸਾਲ ਚੱਲਣ ਬਾਅਦ ਆਖਰ ਉਸ ਨੂੰ ਇੱਕ 'ਵੱਡੇ ਅਤਿਵਾਦੀ ਦੀ ਮਦਦਗਾਰ ਪਤਨੀ' ਗਰਦਾਨ ਕੇ ਡਿਪੋਰਟ ਕਰਨ ਦਾ ਫੈਸਲਾ ਹੋ ਗਿਆ। ਮੈਂ ਇਸ ਵੇਲੇ ਤੱਕ ਕੋਟ ਲਖਪੱਤ ਜੇਲ੍ਹ ਤੋਂ ਰਿਹਾਅ ਹੋ ਚੁੱਕਾ ਸਾਂ।

ਇਸ ਤੋਂ ਬਾਅਦ ਹਮਦਰਦੀ ਰੱਖਣ ਵਾਲੇ ਸਿੰਘਾਂ ਨੇ ਉਹਨਾਂ ਨੂੰ ਮੁੜ ਅਮਰੀਕਾ ਭੇਜਣ, ਤੇ ਉਥੇ ਪਨਾਹ ਦਾ ਕੇਸ ਦਰਜ ਕਰਵਾਉਣ ਲਈ, ਅਮਰੀਕਾ ਭੇਜ ਦਿੱਤਾ। ਮਾਂ ਧੀ ਦੇ ਅਮਰੀਕਾ ਪਹੁੰਚਣ ਦੀ ਕਹਾਣੀ ਕਾਫ਼ੀ ਲੰਮੀ ਹੈ, ਪਰ ਮੈਂ ਉਹ ਨਹੀਂ ਲਿਖਣੀ ਚਾਹਾਂਗਾ। ਇੰਨਾ ਹੀ ਕਾਫ਼ੀ ਹੈ, ਕਿ ਵਾਪਿਸ ਅਮਰੀਕਾ ਪਹੁੰਚ ਗਈਆਂ, ਤੇ ਕਈ ਮਹੀਨੇ ਦੀ ਭਟਕਣ ਬਾਅਦ ਕੈਲੀਫ਼ੋਰਨੀਆਂ ਵਿੱਚ ਪਨਾਹ ਦੀ ਦਰਖਾਸਤ ਦਰਜ ਕਰਵਾਈ। ਬੇਟੀ ਦੀ ਪੜ੍ਹਾਈ ਦਾ ਸਿਲਸਿਲਾ ਇੱਕ ਵਾਰ ਫਿਰ ਟੁੱਟਣ ਬਾਅਦ ਜੁੜਿਆ ਤੇ ਜ਼ਿੰਦਗੀ ਸ਼ੁਰੂ ਹੋਈ। ਇੱਥੇ ਵੀ ਕੁੱਝ ਹਮਦਰਦ ਤੇ ਪਿਆਰ ਕਰਨ ਵਾਲੇ ਸਿੰਘਾਂ ਨੇ ਉਹਨਾਂ ਦੀ ਸਾਂਭ ਸੰਭਾਲ ਕੀਤੀ। ਚਾਰ ਪੰਜ ਸਾਲ ਬਾਅਦ ਜਦੋਂ ਬੇਟੀ ਨੇ ਸਕੂਲ ਗਰੈਜੂਏਸ਼ਨ ਬੜੇ ਹਾਈ ਗਰੇਡ ਨਾਲ ਕਰ ਲਈ ਸੀ, ਤੇ ਅਗਲੀ ਡਾਕਟਰੀ ਦੀ ਪੜ੍ਹਾਈ ਲਈ ਵਜ਼ੀਫਾ ਵੀ ਮਨਜ਼ੂਰ ਹੋ ਗਿਆ ਸੀ, ਮੇਰੀ ਸਿੰਘਣੀ ਨੂੰ ਕੋਰਟ ਵੱਲੋਂ ਡਿਪੋਰਟ ਕਰਨ ਦਾ ਫੈਸਲਾ ਸੁਣਾ ਦਿੱਤਾ ਗਿਆ।

ਦੋਸਤਾਂ ਮਿੱਤਰਾਂ ਦੇ ਮਸ਼ਵਰੇ ਤੇ ਲੰਮੀ ਸੋਚ ਵਿਚਾਰ ਬਾਅਦ ਫੈਸਲਾ ਹੋਇਆ ਕਿ ਉਹਨਾਂ ਨੂੰ ਮੇਰੇ ਕੋਲ ਭੇਜ ਦਿੱਤਾ ਜਾਵੇ, ਤੇ ਬੇਟੀ ਨੂੰ ਪੜ੍ਹਾਈ ਦੀ ਬੁਨਿਆਦ ਉੱਤੇ ਅਮਰੀਕਾ ਹੀ ਰਹਿਣ ਦਿੱਤਾ ਜਾਵੇ, ਜਿਸ ਦੀ ਇਜਾਜ਼ਤ ਦੀ ਯਕੀਨ ਦਹਾਨੀ ਵਕੀਲ ਸੇਖੋਂ ਸਾਹਿਬ ਨੇ ਕਰਵਾਈ ਸੀ।

ਅਖੀਰ ਇੱਕ ਦਿਨ ਉਹ ਬੇਟੀ ਬਿਕਰਮ ਨੂੰ ਅਮਰੀਕਾ ਇੱਕ ਹਮਦਰਦ ਦੋਸਤ ਜਸਜੀਤ ਸਿੰਘ ਤੇ ਉਹਨਾਂ ਦੀ ਪਤਨੀ ਦੀ ਨਿਗਰਾਨੀ ਵਿੱਚ ਛੱਡ ਕੇ ਮੇਰੇ ਜਲਾਵਤਨ ਟਿਕਾਣੇ ਉੱਤੇ ਮੇਰੇ ਕੋਲ ਪਹੁੰਚ ਗਈ। ਬੇਟੀ ਬਿਕਰਮ ਆਪਣੀ ਮਾਂ ਦੀ ਡਿਪੋਰਟੇਸ਼ਨ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਨਾ ਰੱਖ ਸਕੀ, ਤੇ ਉਸ ਨੂੰ ਜ਼ਿੰਦਗੀ ਚੱਲਦੀ ਰੱਖਣ ਲਈ ਨੌਕਰੀ ਕਰਨੀ ਪੈ ਗਈ। ਬੇਟੀ ਨੂੰ ਅੱਛੀ ਪੜ੍ਹਾਈ ਕਰਾਉਣ ਦਾ ਮੇਰਾ ਸੁਪਨਾ ਇੰਝ ਬਿਖਰ ਕੇ ਰਹਿ ਗਿਆ। ਜੀਵਨ ਸਾਥਣ ਦਾ ਮੇਰੇ ਕੋਲ ਆਉਣਾ ਯਕੀਨਨ ਵੱਡੀ ਖੁਸ਼ੀ ਦੀ ਗੱਲ ਸੀ, ਪਰ ਮੇਰੇ ਕੋਲ ਰਹਿੰਦੇ ਵੀ ਬਿਮਾਰੀਆਂ ਨੇ ਉਸ ਦਾ ਖਹਿੜਾ ਨਾ ਛੱਡਿਆ। ਛੇ/ਸੱਤ ਮਹੀਨੇ ਇਕੱਠੇ ਰਹਿਣ ਬਾਅਦ ਜਦੋਂ ਇਹ ਮਹਿਸੂਸ ਹੋਇਆ ਕਿ ਉਸ ਦਾ ਆਪਣੀਆਂ ਬਿਮਾਰੀਆਂ ਨਾਲ ਹੋਰ ਇੱਥੇ ਰਹਿਣਾ ਲਗਾਤਾਰ ਤਕਲੀਫ-ਦੇਹ ਬਣਦਾ ਜਾ ਰਿਹਾ ਹੈ, ਤਾਂ ਜਰਮਨ ਵਾਲੇ ਕੁੱਝ ਦੋਸਤਾਂ ਨੇ ਉਹਨਾਂ ਵੱਲ ਭੇਜ ਦੇਣ ਦਾ ਮਸ਼ਵਰਾ ਦਿੱਤਾ। ਦੋਸਤਾਂ ਦੀ ਰਾਏ ਮੁਤਾਬਕ ਜਰਮਨ ਭੇਜਣ ਦਾ ਇੰਤਜ਼ਾਮ ਕੀਤਾ। ਕਾਫ਼ੀ ਰਿਸਕੀ ਸਫ਼ਰ ਤਹਿ ਕਰ ਕੇ ਉਹ ਜਰਮਨ ਪਹੁੰਚਣ ਵਿੱਚ ਕਾਮਯਾਬ ਹੋ ਗਈ। ਜਰਮਨ ਵਿੱਚ ਪਨਾਹ ਦਾ ਕੇਸ ਦਰਜ ਹੋਇਆ, ਫਿਰ ਇੱਥੇ ਵੀ ਇਨਕਾਰ ਹੋਇਆ, ਪਰ ਇਲਾਜ ਮੁਲਾਹਜੇ ਪੱਖੋਂ ਜਰਮਨ ਬਹੁਤ ਵਧੀਆ ਮੁਲਕ ਸਾਬਤ ਹੋਇਆ। ਇਸ ਮੁਲਕ ਨੇ ਅੱਛੀ ਮੈਡੀਕਲ ਟਰੀਟਮੈਂਟ ਦਿੱਤੀ, ਤੇ ਅਖੀਰ ਡਾਕਟਰਾਂ ਦੀ ਹਮਾਇਤ ਨਾਲ ਹੀ ਉਹਨਾਂ ਨੂੰ ਉਥੇ ਮੈਡੀਕਲ ਗਰਾਊਂਡ ਉੱਤੇ ਰਹਿਣ ਦੀ ਇਜਾਜ਼ਤ ਮਿਲੀ ਤੇ ਇੱਕ ਟਰੈਵਲ ਡਾਕੂਮੈਂਟ ਵੀ ਮਿਲਿਆ। ਪੰਜ ਸਾਲ ਪਹਿਲਾਂ ਜਰਮਨ ਤੋਂ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਉਸ ਨੇ ਮੇਰੇ ਕੋਲ ਤਿੰਨ/ਚਾਰ ਚੱਕਰ ਵੀ ਲਾਏ। ਸਿੰਘਣੀ ਦੇ ਜਰਮਨ ਵਿੱਚ ਰਹਿੰਦੇ ਹੀ, ਬੇਟੀ ਬਿਕਰਮਜੀਤ ਕੌਰ ਦਾ ਯੂ.ਕੇ. ਦੇ ਸਰਦਾਰ ਮੰਗਲ ਸਿੰਘ ਦੇ ਬੇਟੇ ਗੁਰਪ੍ਰੀਤ ਸਿੰਘ ਨਾਲ ਰਿਸ਼ਤਾ ਤਹਿ ਹੋਇਆ, ਤੇ ਅਮਰੀਕਾ ਤੋਂ ਸਿੱਧੀ ਯੂ.ਕੇ. ਪਹੁੰਚੀ। ਨਜ਼ਦੀਕੀ ਦੋਸਤਾਂ ਸਰਦਾਰ ਕੇਸਰ ਸਿੰਘ ਮੰਡ ਅਤੇ ਮਨਮੋਹਨ ਨੇ ਰਲ ਮਿਲ ਕੇ ਬਿਕਰਮ ਦਾ ਆਨੰਦ ਕਾਰਜ ਕਰਵਾਇਆ ਤੇ ਹੁਣ ਉਹ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਰਾਜ਼ੀ ਖੁਸ਼ੀ ਰਹਿ ਰਹੀ ਹੈ। ਉਸ ਦੇ ਆਨੰਦ ਕਾਰਜ ਉੱਤੇ ਨਾ ਮੈਂ ਜਾ ਸਕਿਆ ਸਾਂ, ਤੇ ਨਾ ਉਸ ਦੀ ਮਾਂ ਨੂੰ ਇਜਾਜ਼ਤ ਮਿਲੀ ਸੀ। ਜਰਮਨ ਰਹਿਣ ਦੌਰਾਨ ਉਸ ਦਾ ਖਿਆਲ, ਉਸ ਦੀ ਦੇਖ ਭਾਲ ਬਹੁਤਾ ਬੇਟੀ ਜਸਪਾਲ ਕੌਰ ਨੇ ਕੀਤੀ।

ਮੇਰੀ ਜੀਵਨ ਸਾਥਣ ਦੁਨੀਆਂ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਨਕਲੀ ਪਾਸਪੋਰਟਾਂ ਉੱਤੇ ਧੱਕੇ ਖਾਂਦੀ ਰਹੀ, ਪਰ ਕਿਤੇ ਉਸ ਦੇ ਪੈਰ ਨਾ ਲੱਗੇ, ਕਿਤੇ ਉਹ ਟਿੱਕ ਨਾ ਸਕੀ, ਤੇ ਅਖੀਰ 23 ਜਨਵਰੀ 2019 ਨੂੰ ਆਪਣੇ ਸਾਰੇ ਦੁੱਖ ਤਕਲੀਫ਼ਾਂ ਨੂੰ ਸਮੇਟ ਕੇ ਇਸ ਦੁਨੀਆਂ ਤੋਂ ਵਿਦਾ ਹੋ ਗਈ।

ਪੰਜ ਸਾਲ ਪਹਿਲਾਂ ਜਦੋਂ ਮੇਰੀ ਸਿੰਘਣੀ ਦਾ ਅਕਾਲ ਚਲਾਣਾ ਹੋਇਆ, ਮੈਂ ਆਪਣੇ ਜਲਾਵਤਨ ਟਿਕਾਣੇ ਉੱਤੇ ਸਾਂ, ਤੇ ਉਸ ਦੇ ਆਖਰੀ ਸਫ਼ਰ ਦੀਆਂ ਬਸ ਤਸਵੀਰਾਂ ਹੀ ਦੇਖ ਸਕਿਆ ਸਾਂ।


**-ਗਜਿੰਦਰ ਸਿੰਘ, ਦਲ ਖਾਲਸਾ**
4.3.2024

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਲਾਵਤਨੀ ਯੋਧੇ ਦੀ ਉਪਾਧੀ ਪਾਉਣ ਵਾਲਾ ਖ਼ਾਲਿਸਤਾਨੀ ਆਗੂ ਸੀ ਭਾਈ ਗਜਿੰਦਰ ਸਿੰਘ



ਬਘੇਲ ਸਿੰਘ ਧਾਲੀਵਾਲ

ਭਾਈ ਗਜਿੰਦਰ ਸਿੰਘ ਕਿਸੇ ਆਮ ਵਿਅਕਤੀ ਦਾ ਨਾਮ ਨਹੀ, ਬਲਕਿ ਅਜ਼ਾਦ ਸਿੱਖ ਰਾਜ ਦੇ ਪਵਿੱਤਰ ਕੌਮੀ ਕਾਰਜ ਲਈ ਦ੍ਰਿੜ ਸੰਕਲਪ, ਸਾਰੀ-ਉਮਰ ਅਡੋਲ ਰਹਿਣ ਵਾਲੀ ਨਿੱਡਰ ਜਲਾ-ਵਤਨੀ ਸਤਿਕਾਰਿਤ ਸਖਸ਼ੀਅਤ ਹੈ ਗਜਿੰਦਰ ਸਿੰਘ ਹਾਈਜੈਕਰ। ਭਾਈ ਸਾਹਿਬ ਸ਼ਾਇਦ ਇੱਕੋ ਇੱਕ ਅਜਿਹੇ ਸਿੱਖ ਜੋਧੇ ਜਰਨੈਲ ਸਨ, ਜਿੰਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਬੜੀ ਦ੍ਰਿੜਤਾ, ਅਡੋਲਤਾ ਅਤੇ ਬੇਗਰਜ਼ੀ ਨਾਲ ਬਗੈਰ ਕੌਮ ਨੂੰ ਨਿਹੋਰੇ ਦਿੱਤਿਆਂ ਅਜ਼ਾਦ ਸਿੱਖ ਰਾਜ ਦੀ ਪ੍ਰਾਪਤੀ ਦੀ ਜਦੋ ਜਹਿਦ ਦੇ ਲੇਖੇ ਲਾ ਦਿੱਤੀ। ਤਿੰਨ ਜੀਆਂ ਦੇ ਪਰਿਵਾਰ ਦੇ ਤਿੰਨ ਜਗ੍ਹਾ ਹੋ ਕੇ ਬਿਖਰ ਜਾਣ ਵਰਗਾ ਦੁੱਖ ਵੀ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਤੋਂ ਡੁਲਾ ਨਾ ਸਕਿਆ। ਉਨ੍ਹਾਂ ਦਾ ਜੀਵਨ ਭਾਵੇਂ ਮੁੱਢੋਂ ਹੀ ਸੰਘਰਸ਼ੀ ਰਿਹਾ,ਪਰ ਉਨ੍ਹਾਂ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੇ ਉੱਦੋਂ ਚਰਚਾ ਵਿੱਚ ਆਇਆ ਜਦੋਂ ਉਨ੍ਹਾਂ ਵੱਲੋਂ ਆਪਣੇ ਚਾਰ ਸਾਥੀਆਂ ਸ੍ਰ. ਸਤਨਾਮ ਸਿੰਘ ਪਾਉਂਟਾ ਸਾਹਿਬ, ਮਾਸਟਰ ਕਰਨ ਸਿੰਘ, ਸ੍ਰ. ਜਸਬੀਰ ਸਿੰਘ ਅਤੇ ਸ੍ਰ. ਤੇਜਿੰਦਰਪਾਲ ਸਿੰਘ ਸਮੇਤ 29 ਸਤੰਬਰ 1981 ਨੂੰ ਦਿੱਲੀ ਤੋਂ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰਕੇ ਲਾਹੌਰ (ਪਾਕਿਸਤਾਨ) ਲਿਜਾਇਆ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਬਿਨ੍ਹਾਂ ਸ਼ਰਤ ਰਿਹਾਈ ਦੇ ਨਾਲ ਕੁਝ ਹੋਰ ਸ਼ਰਤਾਂ ਵੀ ਰੱਖੀਆਂ ਗਈਆਂ। ਇਸ ਕਾਰਵਾਈ ਨਾਲ ਜਿੱਥੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੀ ਚਰਚਾ ਕੌਮਾਂਤਰੀ ਪੱਧਰ 'ਤੇ ਹੋਈ, ਉਥੇ ਭਾਈ ਗਜਿੰਦਰ ਸਿੰਘ ਹੋਰਾਂ ਦਾ ਨਾਮ ਵੀ ਦੁਨੀਆਂ ਪੱਧਰ 'ਤੇ ਜਾਣਿਆ ਜਾਣ ਲੱਗਾ। ਯਾਦ ਰਹੇ ਕਿ 20 ਸਤੰਬਰ 1981 ਵਾਲੇ ਦਿਨ ਲਾਲਾ ਜਗਤ ਨਰਾਇਣ ਦੇ ਕਤਲ ਦੇ ਸਬੰਧ ਵਿੱਚ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਮਹਿਤਾ ਚੌਕ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਦੌਰਾਨ ਸੰਗਤਾਂ ਅਤੇ ਪੁਲਿਸ ਦਰਮਿਆਨ ਹੋਈ ਗੋਲੀਬਾਰੀ ਵਿੱਚ ਗਿਆਰਾਂ ਵਿਅਕਤੀਆਂ ਦੀ ਸ਼ਹਾਦਤ ਹੋ ਗਈ ਸੀ। ਭਾਈ ਗਜਿੰਦਰ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸੰਤ ਭਿੰਡਰਾਂ ਵਾਲਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਹੀ ਜਹਾਜ਼ ਅਗਵਾ ਕੀਤਾ ਗਿਆ ਸੀ, ਜਿਸ ਵਿੱਚ ਜਹਾਜ਼ ਦੇ ਅਮਲੇ ਦੇ ਛੇ ਵਿਅਕਤੀਆਂ ਸਮੇਤ 117 ਵਿਅਕਤੀ ਸਵਾਰ ਸਨ, ਪਰ ਸਿੱਖ ਅਗਵਾਕਾਰਾਂ ਦੇ ਇਸ ਖਤਰਨਾਕ ਕੰਮ ਦੀ ਖੂਬਸੂਰਤੀ ਇਹ ਸੀ ਕਿ ਉਨ੍ਹਾਂ ਨੇ ਖ਼ਾਲਸਈ ਪਰੰਪਰਾਵਾਂ 'ਤੇ ਪਹਿਰਾ ਦਿੰਦਿਆਂ ਜਹਾਜ਼ ਵਿੱਚ ਸਵਾਰ ਔਰਤਾਂ ਅਤੇ ਬੱਚਿਆਂ ਨੂੰ ਤੁਰੰਤ ਛੱਡ ਦਿੱਤਾ ਸੀ।



ਭਾਈ ਗਜਿੰਦਰ ਸਿੰਘ ਦਾ ਜਨਮ 19 ਨਵੰਬਰ 1951 ਨੂੰ ਪਟਿਆਲਾ ਵਿਖੇ ਹੋਇਆ। ਉਹ ਪੰਜ ਭੈਣ ਭਰਾਵਾਂ ਵਿੱਚੋਂ ਚੌਥੇ ਨੰਬਰ 'ਤੇ ਸਨ। ਸਭ ਤੋਂ ਵੱਡੀ ਭੈਣ, ਬੀਬੀ ਹਰਪਾਲ ਕੌਰ, ਜੋ ਭਾਈ ਸਾਹਿਬ ਤੋਂ ਦੱਸ ਸਾਲ ਵੱਡੀ ਹੈ, ਬੀਬੀ ਹਰਪਾਲ ਕੌਰ ਤੋਂ ਛੋਟਾ ਭਰਾ, ਸਰਦਾਰ ਅਵਤਾਰ ਸਿੰਘ, ਜੋ ਭਾਈ ਸਾਹਿਬ ਤੋਂ ਪੰਜ ਸਾਲ ਵੱਡਾ ਸੀ। ਇਸ ਤੋਂ ਛੋਟੀ ਭੈਣ ਇੰਦਰਮੋਹਣ ਕੌਰ ਹੈ, ਜੋ ਭਾਈ ਸਾਹਿਬ, ਤੋਂ ਡੇਢ ਕੁ ਸਾਲ ਵੱਡੀ ਹੈ। ਭਾਈ ਸਾਹਿਬ ਤੋਂ ਛੋਟਾ ਭਰਾ, ਸਰਦਾਰ ਦਰਸ਼ਨ ਸਿੰਘ ਹੈ, ਜੋ ਗਜਿੰਦਰ ਸਿੰਘ ਤੋਂ ਤਕਰੀਬਨ ਸਤ ਕੁ ਸਾਲ ਛੋਟਾ ਹੈ। ਸੰਤਾਲੀ ਦੀ ਵੰਡ ਤੋਂ ਮਗਰੋਂ ਇਹ ਪਰਿਵਾਰ, ਭਾਰਤ ਵਾਲੇ ਪਾਸੇ ਦੇ ਪੰਜਾਬ ਦੇ ਪਟਿਆਲਾ ਸ਼ਹਿਰ ਆ ਕੇ ਵੱਸ ਗਿਆ ਸੀ। ਭਾਈ ਸਾਹਿਬ ਦਾ ਪਿਛੋਕੜ ਖਾਲਸਾ ਰਾਜ ਦੇ ਅਜੇਤੂ ਜਰਨੈਲ ਸ੍ਰ ਹਰੀ ਸਿੰਘ ਨਲੂਆ ਵੱਲੋਂ ਵਸਾਏ ਨਗਰ ਹਰੀਪੁਰ ਹਜਾਰਾ (ਪਾਕਿਸਤਾਨ) ਨਾਲ ਜੁੜਦਾ ਹੈ। ਇਹ ਪਿੰਡ ਉਨ੍ਹਾਂ ਦਾ ਪਿਛਲਾ ਪਿੰਡ ਸੀ, ਸ਼ਾਇਦ ਇਹੋ ਕਾਰਨ ਹੋਵੇਗਾ ਕਿ ਭਾਈ ਗਜਿੰਦਰ ਸਿੰਘ ਵੀ ਸਾਰੀ ਉਮਰ ਸਿੱਖ ਰਾਜ ਦੇ ਸੁਪਨਿਆਂ ਵਿੱਚ ਗੁਆਚਿਆ ਜਲਾਵਤਨੀ ਹੰਢਾਉਂਦਾ ਰਿਹਾ। ਉਨ੍ਹਾਂ ਦੇ ਮਨ ਅੰਦਰ ਅਜ਼ਾਦੀ ਦੀ ਤਾਂਘ ਦੇ ਭਾਂਬੜ ਬਲ਼ਦੇ ਰਹੇ। ਭਾਈ ਸਾਹਿਬ ਦੇ ਅੰਦਰਲੀ ਤਾਂਘ ਦਾ ਕਾਰਨ ਉਨ੍ਹਾਂ ਅੰਦਰ ਆਪਣੇ ਪੁਰਖਿਆਂ ਦੇ ਪਿੰਡ ਹਰੀਪੁਰ ਹਜਾਰਾ ਦੀ ਜਰਖੇਜ ਅਤੇ ਸਖਤ ਮਿੱਟੀ ਦਾ ਕ੍ਰਿਸ਼ਮਾ ਵੀ ਤਾਂ ਹੈ,ਜਿਹੜਾ ਉਨ੍ਹਾਂ ਦੇ ਅੰਦਰ ਆਪਣੇ ਗੁਆਚੇ ਸਿੱਖ ਰਾਜ ਦੀ ਲਟ-ਲਟ ਬਲ਼ਦੀ ਜੋਤ ਨੂੰ ਪਰਚੰਡ ਰੱਖਦਾ ਰਿਹਾ ਹੈ,ਉਨ੍ਹਾਂ ਦੇ ਅੰਦਰ ਕੌਮੀ ਜਜ਼ਬੇ ਦੇ ਠਾਠਾਂ ਮਾਰਦੇ ਸਮੁੰਦਰ ਦੀਆਂ ਲਹਿਰਾਂ ਨੂੰ ਉਨ੍ਹਾਂ ਦੇ ਦਗ ਦਗ ਕਰਦੇ ਚਿਹਰੇ ਤੋ ਤੈਰਦੀਆਂ ਮਹਿਸੂਸ ਕੀਤਾ ਜਾ ਸਕਦਾ ਸੀ। ਭਾਈ ਗਜਿੰਦਰ ਸਿੰਘ ਜਿੱਥੇ ਦਲ ਖਾਲਸਾ ਜਥੇਬੰਦੀ ਦਾ ਬਾਨੀ ਆਗੂ ਸੀ,ਉਥੇ ਉਹ ਇੱਕ ਉੱਚ ਕੋਟੀ ਦਾ ਕਵੀ ਸੀ,ਜਿਨ੍ਹਾਂ ਦੀਆਂ ਲਿਖਤਾਂ ਨੇ ਦਿੱਲੀ ਦਰਬਾਰ ਨੂੰ ਕੰਬਣੀ ਛੇੜ ਦਿੱਤੀ ਸੀ। ਲਿਹਾਜ਼ਾ ਉਨ੍ਹਾਂ ਦੀਆਂ ਦੋ ਪੁਸਤਕਾਂ ਪੰਜ ਤੀਰ ਹੋਰ ਅਤੇ ਗੰਗੂ ਦੀ ਰੂਹ 'ਤੇ ਸਮੇ ਦੀ ਸਰਕਾਰ ਨੇ ਪਾਬੰਦੀ ਲਗਾ ਦਿੱਤੀ। ਉਨ੍ਹਾਂ ਵੱਲੋਂ ਆਪਣੇ ਸੰਘਰਸ਼ੀ ਜੀਵਨ ਤੋਂ ਪਹਿਲਾਂ ਅਤੇ ਦਰਮਿਆਨ ਕੁੱਲ ਨੌਂ ਪੁਸਤਕਾਂ ਲਿਖੀਆਂ ਗਈਆਂ, ਜਿਨ੍ਹਾਂ ਵਿੱਚ ਪੰਜ ਤੀਰ ਹੋਰ, ਗੰਗੂ ਦੀ ਰੂਹ, ਵਸੀਅਤਨਾਮਾ, ਸੂਰਜ ਤੇ ਖ਼ਾਲਿਸਤਾਨ, ਸਲਾਖਾਂ ਪਿੱਛੇ, ਸਮੇਂ ਦਾ ਸੱਚ, ਲਕੀਰ ਅਤੇ ਸੰਘਰਸ਼ ਸਲਾਖਾਂ ਤੇ ਸੱਜਣੀ ਸ਼ਾਮਿਲ ਹਨ। ਇਸ ਤੋਂ ਇਲਾਵਾ ਬਹੁਤ ਕੁੱਝ ਅਣਛਪਿਆ ਵੀ ਹੋਵੇਗਾ, ਜਿਹੜਾ ਉਨ੍ਹਾਂ ਨੂੰ ਚਾਹੁਣ ਵਾਲੇ ਪਾਠਕ ਅਕਸਰ ਹੀ ਫੇਸਬੁੱਕ 'ਤੇ ਲਗਾਤਾਰ ਪੜ੍ਹਦੇ ਆ ਰਹੇ ਹਨ। ਉਨ੍ਹਾਂ ਆਪਣੀ ਜ਼ਿੰਦਗੀ ਦੇ 41 ਸਾਲ ਜਲਾਵਤਨੀ ਹੰਢਾਉਂਦਿਆਂ ਗੁਜ਼ਾਰੇ ਹਨ। ਇਸ ਵਿੱਚ 13 ਸਾਲ ਅਤੇ ਕੁੱਝ ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਵੀ ਸਾਮਲ ਹੈ।

ਇਸ ਸਮੇ ਦੌਰਾਨ ਇਸ ਅਡੋਲ ਜਰਨੈਲ ਦੀ ਧਰਮ ਪਤਨੀ ਅਤੇ ਸਪੁੱਤਰੀ ਨੂੰ ਵੀ ਵੱਖ ਵੱਖ ਮੁਲਕਾਂ ਵਿੱਚ ਧੱਕੇ ਖਾਣ ਲਈ ਮਜਬੂਰ ਹੋਣਾ ਪਿਆ।

**(ਬਾਕੀ ਸਫ਼ਾ 30 'ਤੇ)**

# ਸਾਂਸਦ ਬਣਨ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਦੇ ਕੇਸਾਂ ਦੇ ਹੱਲ ਨੂੰ ਲੈ ਕੇ ਪੁਲਿਸ ਫਸੀ

## ਸੁਪਰੀਮ ਕੋਰਟ ਅਨੁਸਾਰ ਹੁਣ ਸਰਕਾਰ ਲਈ ਅੰਮ੍ਰਿਤਪਾਲ ਦੇ ਕੇਸਾਂ ਸਬੰਧੀ ਵੀ ਹਾਈਕੋਰਟ ਨੂੰ ਜਾਣਕਾਰੀ ਦੇਣੀ ਜ਼ਰੂਰੀ

### ਦਰਜ 10 ਪੁਲਿਸ ਕੇਸਾਂ 'ਚੋਂ ਕੇਵਲ ਇੱਕ 'ਚ ਹੀ ਪੇਸ਼ ਹੋਇਆ ਚਲਾਨ

ਭਾਈ ਅੰਮ੍ਰਿਤਪਾਲ ਸਿੰਘ ਵਿਰੁੱਧ ਰਾਜ ਵਿੱਚ ਦਰਜ 10 ਐਫ.ਆਈ.ਆਰਜ਼ ਸੰਬੰਧੀ ਉਸ ਦੇ ਡਿਬਰੂਗੜ੍ਹ ਜੇਲ੍ਹ ਵਿੱਚ ਹੋਣ ਕਾਰਨ ਜਾਂਚ ਦੇ ਲਗਾਤਾਰ ਲਟਕਣ ਕਾਰਨ ਅਤੇ ਹੁਣ ਉਸ ਦੇ ਲੋਕ ਸਭਾ ਦੇ ਮੈਂਬਰ ਬਣਨ ਕਾਰਨ ਅਤੇ ਸੁਪਰੀਮ ਕੋਰਟ ਦੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਕੇਸਾਂ ਦੇ ਛੇਤੀ ਨਿਪਟਾਰੇ ਲਈ ਅਦਾਲਤਾਂ ਦੇ ਵਿਸ਼ੇਸ਼ ਬੈਂਚ ਗਠਿਤ ਕਰਨ ਦੇ ਆਦੇਸ਼ਾਂ ਕਾਰਨ ਪੰਜਾਬ ਪੁਲਿਸ ਕਸੂਤੀ ਸਥਿਤੀ ਵਿੱਚ ਫਸੀ ਹੋਈ ਹੈ । ਅੰਮ੍ਰਿਤਪਾਲ ਸਿੰਘ ਦੇ ਰਾਜ ਤੋਂ ਕਾਫ਼ੀ ਦੂਰ ਅਸਾਮ ਦੀ ਜੇਲ੍ਹ ਵਿੱਚ ਹੋਣ ਕਾਰਨ ਪੰਜਾਬ ਵਿੱਚ ਦਰਜ ਕੇਸਾਂ ਸੰਬੰਧੀ ਨਾ ਤਾਂ ਕੋਈ ਜਾਂਚ ਹੀ ਹੋ ਰਹੀ ਹੈ ਅਤੇ ਨਾ ਹੀ ਉਸ ਵਿਰੁੱਧ ਅਦਾਲਤੀ ਕਾਰਵਾਈ ਹੀ ਸੰਭਵ ਹੈ, ਕਿਉਂਕਿ ਉਸ ਨਾਲ ਅਦਾਲਤਾਂ 'ਚ ਪੇਸ਼ ਕਰਨ ਲਈ ਵਾਰ-ਵਾਰ ਲਿਆਉਣਾ ਕਾਫ਼ੀ ਮੁਸ਼ਕਿਲ ਸਮਝਿਆ ਜਾ ਰਿਹਾ ਹੈ ।ਹੁਣੇ ਜਿਹੇ ਵੀ ਜਿਵੇਂ ਸਹੁੰ ਚੁੱਕਣ ਲਈ ਉਨ੍ਹਾਂ ਨੂੰ ਹਵਾਈ ਫ਼ੌਜ ਦੇ ਜਹਾਜ਼ ਰਾਹੀਂ ਅਸਾਮ ਤੋਂ ਲਿਆਂਦਾ ਗਿਆ ਸੀ, ਜਿਸ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਨੂੰ ਦੇਣਾ ਪੈ ਰਿਹਾ ਹੈ ਪਰ ਸਰਕਾਰ ਲਈ ਵਾਰ-ਵਾਰ ਅਜਿਹਾ ਕਰਨਾ ਸੰਭਵ ਨਜ਼ਰ ਨਹੀਂ ਆ ਰਿਹਾ । ਫ਼ਿਲਹਾਲ ਕੇਵਲ ਅੰਮ੍ਰਿਤਸਰ ਦੀ ਦਿਹਾਤੀ ਪੁਲਿਸ ਵੱਲੋਂ ਹੀ ਅਜਨਾਲਾ ਪੁਲਿਸ ਥਾਣੇ 'ਤੇ 24 ਫਰਵਰੀ, 2023 ਨੂੰ ਹੋਏ ਹਮਲੇ ਸੰਬੰਧੀ ਹੀ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਇਸ ਸੰਬੰਧੀ ਵੀ ਅੰਮ੍ਰਿਤਪਾਲ ਸਿੰਘ ਅਤੇ ਦੋਸ਼ੀ ਬਣਾਏ ਗਏ ਉਨ੍ਹਾਂ ਦੇ 33 ਸਮਰਥਕਾਂ ਵਿਚੋਂ ਬਹੁਤਿਆਂ ਤੋਂ ਪੁਲਿਸ ਪੁੱਛਗਿੱਛ ਵੀ ਨਹੀਂ ਕਰ ਸਕੀ ।ਪਰ ਮੁਲਜ਼ਮਾਂ ਨੂੰ ਪੇਸ਼ ਨਾ ਕਰ ਸਕਣ ਦੀ ਸੂਰਤ ਵਿੱਚ ਕੀ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਇਸ ਕੇਸ ਵਿੱਚ ਅਦਾਲਤੀ ਕਾਰਵਾਈ ਅੱਗੇ ਤੁਰ ਸਕੇਗੀ ? ਇਸੇ ਤਰ੍ਹਾਂ ਦਰਜ ਦੂਜੇ ਕੇਸਾਂ ਵਿੱਚ ਵੀ ਕੋਈ ਜਾਂਚ ਜਾਂ ਕੇਸ ਟ੍ਰੂ-ਕੋਟ ਕਰ ਕੇ ਅਦਾਲਤਾਂ ਨੂੰ ਭੇਜਣ ਸੰਬੰਧੀ ਕੋਈ ਕਾਰਵਾਈ ਨਹੀਂ ਚੱਲ ਸਕੀ ਪਰ ਸੁਪਰੀਮ ਕੋਰਟ, ਜੋ ਕੇਸਾਂ ਦੇ ਨਿਪਟਾਰੇ ਵਿੱਚ ਦੇਰੀ ਅਤੇ ਜਾਂਚਾਂ ਦੇ ਲਟਕਣ ਦਾ ਸਖ਼ਤ ਨੋਟਿਸ ਲੈ ਰਹੀ ਹੈ, ਨੇ ਮੌਜੂਦਾ ਤੇ ਸਾਬਕਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਸੰਬੰਧੀ ਅਸ਼ਵਨੀ ਕੁਮਾਰ ਉਪਾਧਿਆ ਤੇ ਭਾਰਤ ਸਰਕਾਰ ਦਰਮਿਆਨ ਕੇਸ ਵਿੱਚ ਆਦੇਸ਼ ਦਿੱਤੇ ਹਨ ਕਿ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਕੇਸਾਂ ਦੇ ਨਿਪਟਾਰੇ ਲਈ ਹਾਈ ਕੋਰਟਾਂ ਦੇਸ਼ ਭਰ ਵਿੱਚ ਵਿਸ਼ੇਸ਼ ਬੈਂਚਾਂ ਦਾ ਗਠਨ ਕਰਨ, ਜੋ ਅਜਿਹੇ ਕੇਸਾਂ ਵਿੱਚ ਕਾਰਵਾਈ ਦੀ ਨਿਗਰਾਨੀ ਕਰਨ ।

ਭਾਰਤ ਦੇ ਵਧੀਕ ਸਾਲੀਸਿਟਰ ਜਨਰਲ ਸਤਪਾਲ ਜੈਨ ਨੇ ਵੀ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਵੀ ਇੱਕ ਡਵੀਜ਼ਨ ਬੈਂਚ ਇਸ ਮੰਤਵ ਲਈ ਬਣਿਆ ਹੋਇਆ ਹੈ ਅਤੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ 'ਚ ਮੌਜੂਦਾ ਤੇ ਸਾਬਕਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਕੇਸਾਂ ਸੰਬੰਧੀ ਚੱਲ ਰਹੀ ਕਾਰਵਾਈ ਸੰਬੰਧੀ ਲਗਾਤਾਰ ਜਾਣਕਾਰੀ ਦਿੱਤੀ ਜਾਂਦੀ ਰਹਿੰਦੀ ਹੈ, ਤਾਂ ਜੋ ਇਨ੍ਹਾਂ ਕੇਸਾਂ ਦੀ ਸੁਣਵਾਈ ਤੇ ਨਿਪਟਾਰੇ ਵਿਚ ਗੈਰ ਜ਼ਰੂਰੀ ਦੇਰੀ ਨਾ ਹੋਵੇ ।

ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਹੁਣ ਸਰਕਾਰ ਲਈ ਅੰਮ੍ਰਿਤਪਾਲ ਵਿਰੁੱਧ ਦਰਜ ਕੇਸਾਂ ਸੰਬੰਧੀ ਵੀ ਹੁਣ ਹਾਈ ਕੋਰਟ ਦੇ ਬੈਂਚਾਂ ਨੂੰ ਜਾਣਕਾਰੀ ਦੇਣੀ ਹੋਵੇਗੀ । ਜਾਣਕਾਰੀ ਅਨੁਸਾਰ ਅਜਨਾਲਾ ਪੁਲਿਸ ਥਾਣੇ ਦੀ ਘਟਨਾ ਤੋਂ ਇਲਾਵਾ 16 ਫਰਵਰੀ, 2023 ਨੂੰ ਅਜਨਾਲਾ ਥਾਣੇ 'ਚ ਹੀ ਅੰਮ੍ਰਿਤਪਾਲ ਤੇ ਸਾਥੀਆਂ ਵਿਰੁੱਧ ਅਗਵਾ ਤੇ ਮਾਰ ਕੁਟਾਈ ਦਾ ਕੇਸ ਦਰਜ ਹੈ।ਅੰਮ੍ਰਿਤਸਰ ਪੁਲਿਸ ਵੱਲੋਂ 22 ਫਰਵਰੀ, 2023 ਨੂੰ ਉਨ੍ਹਾਂ ਵਿਰੁੱਧ ਧਾਰਾ 153ਏ ਅਰਥਾਤ ਦੋ ਫ਼ਿਰਕਿਆਂ ਵਿੱਚ ਨਫ਼ਰਤ ਫੈਲਾਉਣ ਦੇ ਦੋਸ਼ 'ਚ ਕੇਸ ਦਰਜ ਕੀਤਾ ਗਿਆ। 22 ਫਰਵਰੀ, 2023 ਨੂੰ ਹੀ ਅਜਿਹੇ ਦੋਸ਼ਾਂ 'ਚ ਉਨ੍ਹਾਂ ਵਿਰੁੱਧ ਬਾਘਾ ਪੁਰਾਣਾ ਵਿਖੇ ਵੀ ਕੇਸ ਦਰਜ ਹੋਇਆ।ਮਾਰਚ 18, 2023 ਨੂੰ ਥਾਣਾ ਮਹਿਤਪੁਰ ਵਿਖੇ ਅੰਮ੍ਰਿਤਪਾਲ ਸਿੰਘ ਵਿਰੁੱਧ ਲਾਪ੍ਰਵਾਹੀ ਨਾਲ ਵਾਹਨ ਚਲਾਉਣ ਅਤੇ ਆਰਮਜ਼ ਐਕਟ ਵਿੱਚ ਕੇਸ ਦਰਜ ਕੀਤਾ ਗਿਆ। 19 ਮਾਰਚ ਨੂੰ ਖਿਲਚੀਆਂ ਪੁਲਿਸ ਥਾਣੇ ਵਿਖੇ ਵੀ ਲਾਪ੍ਰਵਾਹੀ ਨਾਲ ਸਵਾਰੀ ਚਲਾਉਣ ਅਤੇ ਸਰਕਾਰੀ ਅਧਿਕਾਰੀ ਨੂੰ ਕੰਮਕਾਜ ਕਰਨ ਤੋਂ ਰੋਕਣ ਸੰਬੰਧੀ ਕੇਸ ਦਰਜ ਕੀਤਾ ਗਿਆ। ਇਸੇ ਦਿਨ ਨਾਜਾਇਜ਼ ਹਥਿਆਰ ਰੱਖਣ ਦਾ ਵੀ ਇੱਕ ਕੇਸ ਉਨ੍ਹਾਂ ਵਿਰੁੱਧ ਦਰਜ ਹੋਇਆ 20 ਮਾਰਚ, 2023 ਮਹਿਤਪੁਰ ਥਾਣੇ ਵਿਖੇ ਅੰਮ੍ਰਿਤਪਾਲ ਸਿੰਘ, ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਅਤੇ ਡਰਾਈਵਰ ਹਰਪ੍ਰੀਤ ਸਿੰਘ 'ਤੇ ਆਰਮਜ਼ ਐਕਟ, ਟਰੈਸ ਪਾਸਿੰਗ ਤੇ ਧਮਕੀ ਦੇਣ ਦੇ ਦੋਸ਼ਾਂ 'ਚ ਕੇਸ ਦਰਜ ਕੀਤਾ ਗਿਆ।ਮਾਰਚ 21, 2023 ਨੂੰ ਉਨ੍ਹਾਂ ਵਿਰੁੱਧ ਹੁੱਲੜਬਾਜ਼ੀ ਕਰਨ, ਗ਼ੈਰ-ਕਾਨੂੰਨੀ ਢੰਗ ਨਾਲ ਇਕੱਠੇ ਹੋਣ, ਆਰਮਜ਼ ਐਕਟ ਤੇ ਲੁੱਟ-ਖੋਹ ਦੇ ਦੋਸ਼ਾਂ 'ਚ ਉਨ੍ਹਾਂ ਵਿਰੁੱਧ ਸ਼ਾਹਕੋਟ ਥਾਣੇ 'ਚ ਕੇਸ ਦਰਜ ਕੀਤਾ ਗਿਆ। ਮਾਰਚ 23, 2023 ਨੂੰ ਫਿਰ ਆਰਮਜ਼ ਐਕਟ, ਲੁੱਟ-ਖੋਹ ਅਤੇ ਗੈਰ ਕਾਨੂੰਨੀ ਢੰਗ ਨਾਲ ਕਿਸੇ ਨੂੰ ਕਬਜ਼ੇ 'ਚ ਰੱਖਣ ਸੰਬੰਧੀ ਪੁਲਿਸ ਥਾਣਾ ਬਿਲਗਾ ਵਿਖੇ ਕੇਸ ਦਰਜ ਕੀਤਾ ਗਿਆ ਪਰ ਅੱਜ ਸਵਾ ਸਾਲ ਬੀਤ ਜਾਣ ਦੇ ਬਾਅਦ ਕੀ ਇਨ੍ਹਾਂ ਕੇਸਾਂ 'ਚ ਜਾਂਚ ਪੂਰੀ ਹੋ ਚੁੱਕੀ ਹੈ ਜਾਂ ਕੀ ਇਨ੍ਹਾਂ ਕੇਸਾਂ ਵਿੱਚ ਚਲਾਨ ਪੇਸ਼ ਹੋ ਚੁੱਕੇ ਹਨ। ਪੁਲਿਸ ਨੂੰ ਹੁਣ ਇਨ੍ਹਾਂ ਸਵਾਲਾਂ ਦੇ ਜਵਾਬ ਹਾਈ ਕੋਰਟ 'ਚ ਦੇਣੇ ਹੋਣਗੇ। ਭਾਵੇਂ ਇਨ੍ਹਾਂ ਕੇਸਾਂ 'ਚ ਜਾਂਚ ਦੇ ਅੱਗੇ ਨਾ ਤੁਰਨ ਦਾ ਕਾਰਨ ਦੋਸ਼ੀਆਂ ਦੇ ਦੂਰ-ਦੁਰਾਡੇ ਦੀਆਂ ਜੇਲ੍ਹ 'ਚ ਹੋਣਾ ਹੀ ਹੋਵੇ ਪਰ ਰਾਜ ਸਰਕਾਰ ਇਹ ਦਲੀਲ ਵੀ ਅਦਾਲਤ 'ਚ ਦੇਣਾ ਨਹੀਂ ਚਾਹੇਗੀ। ਹਾਲਾਂਕਿ ਆਉਣ ਵਾਲੇ ਦਿਨਾਂ ਦੌਰਾਨ ਲੋਕ ਸਭਾ 'ਚ ਨਿਯਮਾਂ ਅਨੁਸਾਰ ਬੈਠਕਾਂ ਵਿੱਚ ਹਾਜ਼ਰੀ ਦਾ ਮੁੱਦਾ ਵੀ ਉੱਭਰ ਸਕਦਾ ਹੈ।



### ਅੰਮ੍ਰਿਤਪਾਲ ਸਿੰਘ ਨੇ ਖ਼ਾਲਿਸਤਾਨ ਦੇ ਹੱਕ ਵਿੱਚ ਬਿਆਨ ਦਿੱਤਾ

ਬੀਤੇ ਦਿਨੀਂ ਮਾਤਾ ਬਲਵਿੰਦਰ ਕੌਰ ਦਾ ਇੱਕ ਬਿਆਨ ਵਾਇਰਲ ਹੋਇਆ ਸੀ। ਪੱਤਰਕਾਰ ਦੇ ਸਵਾਲ ਉਤੇ ਉਨ੍ਹਾਂ ਕਿਹਾ ਸੀ ਕਿ ਕੋਈ ਕੁਝ ਵੀ ਕਹੀ ਜਾਵੇ ਅੰਮ੍ਰਿਤਪਾਲ ਕੋਈ ਖ਼ਾਲਿਸਤਾਨੀ ਨਹੀਂ ਹੈ। ਉਨ੍ਹਾਂ ਦੇ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਕਾਰਨ ਸਮਰਥਕ ਕਾਫੀ ਖੁਸ਼ ਹਨ। ਮੈਂ ਸਰਕਾਰ ਤੋਂ ਮੰਗ ਕਰਦੀ ਹਾਂ ਕਿ ਉਸ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਜਾਵੇ।ਜਿਸ ਤੋਂ ਬਾਅਦ ਅੰਮ੍ਰਿਤਪਾਲ ਨੇ ਇਸ ਬਿਆਨ ਉਤੇ ਸਖਤ ਇਤਰਾਜ਼ ਜਤਾਇਆ ਸੀ। ਮਾਂ ਦੇ ਇਸ ਬਿਆਨ ਉਤੇ ਅੰਮ੍ਰਿਤਪਾਲ ਦੀ ਸਫਾਈ ਸਾਹਮਣੇ ਆਈ ਸੀ। ਉਨ੍ਹਾਂ ਦੀ ਟੀਮ ਵੱਲੋਂ ਟਵੀਟ ਕਰਦਿਆਂ ਕਿਹਾ 'ਮਾਤਾ ਜੀ ਵੱਲੋਂ ਦਿੱਤੇ ਬਿਆਨ ਬਾਰੇ ਜਦੋਂ ਅੱਜ ਮੈਨੂੰ ਪਤਾ ਲੱਗਾ ਤਾਂ ਮੇਰਾ ਮਨ ਬਹੁਤ ਦੁਖੀ ਹੋਇਆ। ਬੇਸ਼ੱਕ ਮੈਨੂੰ ਇਹ ਯਕੀਨ ਹੈ ਕਿ ਮਾਤਾ ਜੀ ਵੱਲੋਂ ਇਹ ਬਿਆਨ ਅਣਜਾਣੇ ਵਿੱਚ ਦਿੱਤਾ ਗਿਆ ,ਪਰ ਫਿਰ ਵੀ ਅਜਿਹਾ ਬਿਆਨ ਮੇਰੇ ਪਰਿਵਾਰ ਜਾਂ ਕਿਸੇ ਵੀ ਉਸ ਸ਼ਖ਼ਸ ਵੱਲੋਂ ਜੋ ਮੇਰੀ ਹਮਾਇਤ ਕਰਦਾ ਹੈ, ਉਸ ਵੱਲੋਂ ਨਹੀਂ ਆਉਣਾ ਚਾਹੀਦਾ ਸੀ।' ਉਨ੍ਹਾਂ ਕਿਹਾ ਕਿ ਖ਼ਾਲਸੇ ਰਾਜ ਦਾ ਸੁਪਨਾ ਵੇਖਣਾ ਕੋਈ ਗੁਨਾਹ ਨਹੀਂ, ਸਗੋਂ ਮਾਣ ਵਾਲੀ ਗੱਲ ਹੈ। ਜਿਸ ਸੁਪਨੇ ਦੀ ਪੂਰਤੀ ਲਈ ਲੱਖਾਂ ਸਿੱਖਾਂ ਨੇ ਸ਼ਹੀਦੀ ਦਿੱਤੀ ਹੋਵੇ , ਉਸ ਮਾਰਗ ਤੋਂ ਪਿੱਛੇ ਹਟ ਜਾਣ ਬਾਰੇ ਅਸੀਂ ਸੁਪਨੇ ਵਿੱਚ ਵੀ ਨਹੀਂ ਸੋਚ ਸਕਦੇ।

ਇਸ ਬਿਆਨ ਤੋਂ ਬਾਅਦ ਹੁਣ ਅੰਮ੍ਰਿਤਪਾਲ ਸਿੰਘ ਮਾਤਾ ਵੱਲੋਂ ਸਫਾਈ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ 'ਮੈਂ ਕਿਹਾ ਕਿ ਸੀ ਕਿ ਅੰਮ੍ਰਿਤਪਾਲ ਨੇ ਸੰਵਿਧਾਨ ਦੀ ਸਹੁੰ ਚੁੱਕੀ ਹੈ ਅਤੇ ਬਾਕੀ ਬਿਆਨ ਅੰਮ੍ਰਿਤਪਾਲ ਜੇਲ੍ਹ ਤੋਂ ਬਾਹਰ ਆ ਕੇ ਖੁਦ ਦੇਵਗਾ ਜਿਸ ਨੂੰ ਮੀਡੀਆ ਵੱਲੋਂ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ।'

### ਸ਼੍ਰੋਮਣੀ ਕਮੇਟੀ ਲਈ ਸਰਗਰਮ ਹੋਣਗੇ ਅੰਮ੍ਰਿਤਪਾਲ ਸਿੰਘ

### 'ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਵੱਧ ਤੋਂ ਵੱਧ ਵੋਟਾਂ ਬਣਾਉਣ ਲਈ ਕਿਹਾ'

S.G.P.C.

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਤੇ ਖਡੂਰ ਸਾਹਿਬ ਤੋਂ ਲੋਕ ਸਭਾ ਸਾਂਸਦ ਅੰਮ੍ਰਿਤਪਾਲ ਸਿੰਘ ਨੇ ਸਾਂਸਦ ਵੱਲੋਂ ਬੀਤੇ ਦਿਨੀਂ ਸਹੁੰ ਚੁੱਕ ਲਈ ਸੀ। ਉਨ੍ਹਾਂ ਨੂੰ ਸਖ਼ਤ ਸੁਰੱਖਿਆ ਹੇਠ ਏਅਰ ਫੋਰਸ ਦੇ ਜਹਾਜ਼ ਰਾਹੀਂ ਅਸਾਮ ਤੋਂ ਦਿੱਲੀ ਲਿਆਂਦਾ ਗਿਆ ਸੀ। ਇੱਥੇ ਉਨ੍ਹਾਂ ਸਪੀਕਰ ਦੇ ਚੈਂਬਰ ਵਿੱਚ ਹਲਫ਼ ਲਿਆ। ਇਸ ਦੌਰਾਨ ਦੀ ਸਾਰੀ ਕਾਰਵਾਈ ਗੁਪਤ ਰੱਖੀ ਗਈ ਸੀ ਤੇ ਅਨੇਕਾਂ ਪਾਬੰਦੀਆਂ ਲਗਾਈਆਂ ਗਈਆਂ ਸਨ। ਹੁਣ ਉਨ੍ਹਾਂ ਵੱਲੋਂ ਸ਼੍ਰੋਮਣੀ ਕਮੇਟੀ ਲਈ ਸਰਗਰਮੀਆਂ ਕਰਨ ਦੀ ਸੰਭਾਵਨਾ ਹੈ।

ਸਹੁੰ ਚੁੱਕਣ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਤੇ ਚਾਚੇ ਨੇ ਕਰੀਬ 45 ਮਿੰਟ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਪਿਤਾ ਨੇ ਦੱਸਿਆ ਕਿ ਪੈਰੋਲ 4 ਦਿਨਾਂ ਦੀ ਸੀ ਪਰ ਇੱਕ ਦਿਨ ਵਿੱਚ ਹੀ ਵਾਪਸ ਚਲੇ ਗਏ ਸਨ। ਸ਼੍ਰੋਮਣੀ ਕਮੇਟੀ ਚੋਣਾਂ ਤੇ ਜ਼ਿਮਨੀ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਅਜੇ ਅੰਮ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਚੋਣਾਂ ਨੇੜੇ ਆਉਣ 'ਤੇ ਫੈਸਲੇ ਲਏ ਜਾਣਗੇ। ਉਸ ਨੇ ਐਮ. ਪੀ. ਬਣਨ ਤੋਂ ਬਾਅਦ ਨਸ਼ੇ ਦਾ ਮੁੱਦਾ ਚੁੱਕਣ ਦੀ ਗੱਲ ਕੀਤੀ ਹੈ। ਪਿਤਾ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੇ ਮੁਲਾਕਾਤ ਵੇਲੇ ਸੰਗਤਾਂ ਨੂੰ ਸੰਦੇਸ਼ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੱਧ ਤੋਂ ਵੱਧ ਵੋਟਾਂ ਬਣਵਾਉਣ 'ਤੇ ਜ਼ੋਰ ਦਿੱਤਾ ਜਾਵੇ। ਇਸ ਤੋਂ ਸਪਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਉਨ੍ਹਾਂ ਦਾ ਅਗਲਾ ਟੀਚਾ ਹੋ ਸਕਦਾ ਹੈ।

# ਪੰਥਕ ਧਿਰਾਂ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਹੋਈਆਂ ਸਰਗਰਮ

## ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਗਿਆਨੀ ਹਰਪ੍ਰੀਤ ਸਿੰਘ ਨੇ ਕੀਤੀ ਬੰਦ ਕਮਰਾ ਬੈਠਕ

ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਕਰਨ ਉਪਰੰਤ ਖ਼ਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਮਿਲੇ ਤੇ ਉਨ੍ਹਾਂ ਨਾਲ ਬੰਦ ਕਮਰੇ ਵਿੱਚ ਗੱਲਬਾਤ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਉਨ੍ਹਾਂ ਦੀ ਨਿੱਜੀ ਸਾਂਝ ਹੈ ਤੇ ਉਹ ਪਰਿਵਾਰ ਉਨ੍ਹਾਂ ਨੂੰ ਮਿਲਣ ਲਈ ਆਇਆ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਡੈਮੋਕਰੇਸੀ ਦੇ ਵਿੱਚ ਰਹਿੰਦੇ ਹੋਏ ਵੱਡੀ ਲੀਡ ਦੇ ਨਾਲ ਹਲਕਾ ਖਡੂਰ ਸਾਹਿਬ ਤੋਂ ਜਿੱਤੇ ਹਨ ਅਤੇ ਜਿਸ ਤਰੀਕੇ ਉਹਨਾਂ ਨੂੰ ਹਲਫ ਦਿਵਾਇਆ ਗਿਆ ਹੈ ਉਹ ਲੋਕਤੰਤਰ ਦਾ ਵੀ ਘਾਣ ਹੈ ਕਿ ਪਰਿਵਾਰ ਦੇ ਨਾਲ ਵੀ ਅੰਮ੍ਰਿਤਪਾਲ ਸਿੰਘ ਨੂੰ ਮੁਲਾਕਾਤ ਚੰਗੀ ਤਰੀਕੇ ਨਾਲ ਨਹੀਂ ਕਰਨ ਦਿੱਤੀ ਗਈ।



ਸਰਕਾਰਾਂ ਨੂੰ ਸਿੱਖਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਦੂਸਰੇ ਸੂਬਿਆਂ ਲਈ ਨਿਯਮ ਹੋਰ ਹਨ ਤੇ ਪੰਜਾਬ ਲਈ ਹੋਰ ਨਿਯਮ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਬਾਕੀ ਸੂਬਿਆਂ ਵਿੱਚ ਐੱਨ.ਐੱਸ.ਏ. ਇੱਕ ਸਾਲ ਦੀ ਹੈ ਜਦੋਂ ਕਿ ਪੰਜਾਬ 'ਚ ਵੱਧ ਸਮੇਂ ਦੀ ਹੈ । ਉਨ੍ਹਾਂ ਕਿਹਾ ਕਿ ਬਿਨ੍ਹਾਂ ਕਿਸੇ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਵਿੱਚ ਰੱਖਣਾ ਗੈਰ ਵਾਜ਼ਬ ਹੈ ।

ਉਨ੍ਹਾਂ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੀ ਰਿਹਾਈ ਹੋਣੀ ਚਾਹੀਦੀ ਹੈ ਅਤੇ ਭਾਰਤ ਆਪਣੇ ਆਪ ਨੂੰ ਡੈਮੋਕ੍ਰੇਟਿਕ ਦੇਸ਼ ਦੱਸਦਾ ਹੈ ਪਰ ਇੱਥੇ ਡੈਮੋਕਰੇਸੀ ਨਾਂ ਦੀ ਕੋਈ ਚੀਜ਼ ਨਹੀਂ ਹੈ ਕਿਉਂਕਿ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜਾਣਬੁੱਝ ਕੇ ਦੁਨੀਆਂ ਦੇ ਸਾਹਮਣੇ ਸਿੱਖਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਦੇਸ਼ ਦੀ ਪਾਰਲੀਮੈਂਟ ਵਿੱਚ ਹਿੰਦੂ ਰਾਸ਼ਟਰ ਦਾ ਨਾਅਰੇ ਦੇਣ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਫੇਰ ਸਿੱਖ ਰਾਜ ਦਾ ਨਾਅਰਾ ਲਗਾਉਣ ਵਾਲਿਆਂ ਖ਼ਿਲਾਫ ਕਾਰਵਾਈ ਕਿਉਂ ਕੀਤੀ ਜਾਂਦੀ ਹੈ।

ਸਿੱਖਾਂ ਨੂੰ ਤੀਸਰੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ । ਇਸ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਨਾਲ ਮੌਤ ਦਰ ਵੱਧਦੀ ਜਾ ਰਹੀ ਹੈ । ਕਾਨੂੰਨ ਵਿਵਸਥਾ ਦੀ ਮੰਦੀ ਹਾਲਤ ਹੈ, ਗੁੰਡਾਗਰਦੀ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਆਪਣੇ ਵਖਰੇਵੇਂ ਨੂੰ ਪਿੱਛੇ ਛੱਡ ਕੇ ਸਿੱਖਾਂ ਤੇ ਪੰਜਾਬ ਦੀ ਭਲਾਈ ਲਈ ਯਤਨ ਕਰਨੇ ਚਾਹੀਦੇ ਹਨ । ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਅਤੇ ਚਾਚਾ ਸੁਖਚੈਨ ਸਿੰਘ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਅੰਮ੍ਰਿਤ ਪਾਲ ਸਿੰਘ ਦੇ ਪਰਿਵਾਰ ਨੂੰ ਮਿਲ ਚੁੱਕੇ ਹਨ। ਸਪਸ਼ਟ ਹੈ ਕਿ ਬਾਦਲ ਵਿਰੋਧੀ ਧਿਰ ਵੱਲੋਂ ਅੰਮ੍ਰਿਤ ਪਾਲ ਸਿੰਘ ਦਾ ਸਹਾਰਾ ਭਾਲਿਆ ਜਾ ਰਿਹਾ ਹੈ। ਪਤਾ ਲਗਾ ਹੈ ਕਿ ਬਾਦਲ ਦਲ ਦੇ ਸੀਨੀਅਰ ਨੇਤਾ ਗਿਆਨੀ ਹਰਪ੍ਰੀਤ ਸਿੰਘ ਦੀਆਂ ਇਨ੍ਹਾਂ ਸਰਗਰਮੀਆਂ ਤੋਂ ਨਰਾਜ਼ ਹਨ।

# ਅਮਰੀਕਨ ਨੈਸ਼ਨਲ ਪਰੇਡ ’ਚ ਸਿੱਖਸ ਆਫ਼ ਅਮਰੀਕਾ ਦੇ ‘ਸਿੱਖ ਫ਼ਲੋਟ’ ਦੀ ਹੋਈ ਖ਼ੂਬ ਚਰਚਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਵੱਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਅਜ਼ਾਦੀ ਦਾ ਦਿਨ ਬਹੁਤ ਹੀ ਖ਼ੁਸ਼ੀਆਂ ਅਤੇ ਉਤਸ਼ਾਹ ਵਾਲਾ ਹੁੰਦਾ ਹੈ। ਇਸ ਦਿਨ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿੱਚ ਰਾਸ਼ਟਰੀ ਪੱਧਰ ਦੀ ਇੱਕ ਅਜ਼ਾਦੀ ਦੀ ਨੈਸ਼ਨਲ ਪਰੇਡ ਕੱਢੀ ਜਾਂਦੀ ਹੈ। ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿੱਚ ਆਪਣਾ ਫਲੋਟ ਸ਼ਾਮਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ। ਸਿੱਖਸ ਆਫ਼ ਅਮਰੀਕਾ ਵੱਲੋਂ ਪਿਛਲੇ 11 ਸਾਲਾਂ ਤੋਂ ਆਪਣਾ ਫ਼ਲੋਟ ਇਸ ਪਰੇਡ ਵਿਚ ਸ਼ਾਮਲ ਕੀਤਾ ਜਾਂਦਾ ਰਿਹਾ ਹੈ। ਇਸ ਸਾਲ ਵੀ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿੱਚ ਸਿੱਖਸ ਆਫ਼ ਅਮਰੀਕਾ ਨੂੰ ਅਜ਼ਾਦੀ ਦੀ ਰਾਸ਼ਟਰੀ ਪਰੇਡ ਵਿੱਚ ਸਿੱਖ ਫ਼ਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲੀ ਅਤੇ ਸਿੱਖਸ ਆਫ਼ ਅਮਰੀਕਾ ਨੇ ਇਸ ਪਰੇਡ ਵਿੱਚ ਸਿੱਖ ਫ਼ਲੋਟ ਸ਼ਾਮਲ ਕਰ ਕੇ ਸਭ ਭਾਈਚਾਰਿਆਂ ਦਾ ਦਿਲ ਜਿੱਤ ਲਿਆ। ਆਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫ਼ਲੋਟ ਨੂੰ ਐੱਲ.ਈ.ਡੀ. ਸਕਰੀਨ ਨਾਲ ਸਜਾਇਆ ਗਿਆ ਸੀ ਜਿਸ ਵਿੱਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ।






ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖਸ ਆਫ਼ ਅਮੈਰਿਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸਿੱਖੀ ਦੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ ਅਮਰੀਕਾ ’ਚ ਫ਼ੌਜ, ਪੁਲਿਸ, ਅਕਾਦਮਿਕ, ਆਰਥਿਕ ਖ਼ੇਤਰ, ਬਿਜਨੈੱਸ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ। ਦੱਸਣਯੋਗ ਹੈ ਕਿ ਇਸ ਫਲੋਟ ਵਿੱਚ ਵਰਲਡ ਬੈਂਕ ਦੇ ਪ੍ਰਧਾਨ ਬਣੇ ਕੇਸਾਧਾਰੀ ਸਿੱਖ ਅਜੇ ਬੰਗਾ ਅਤੇ ਪ੍ਰਸਿੱਧ ਟੀ.ਵੀ. ਸ਼ੋਅ ਬਿਗ ਬ੍ਰਦਰਜ਼ ਦੇ ਜੇਤੂ ਰਹੇ ਨਵੇਂ ਬੈਂਸ ਦੀਆਂ ਪ੍ਰਾਪਤੀਆਂ ਨੂੰ ਵੀ ਦਰਸਾਇਆ ਗਿਆ ਸੀ। ਫ਼ਲੋਟ ਦੇ ਅੱਗੇ ਅੱਗੇ ਭੰਗੜਾ ਟੀਮ ਸੱਭਿਆਚਾਰਕ ਰੰਗ ਪੇਸ਼ ਕਰ ਰਹੀ ਸੀ ਜਿਨ੍ਹਾਂ ਦੇ ਪਿੱਛੇ ਮਿੰਟਗੁਮਰੀ ਕਾਉਂਟੀਦੇ ਪੁਲਿਸ ਡਿਪਾਰਟਮੈਂਟ ਦੇ ਦੋ ਪਗੜੀਧਾਰੀ ਸਿੱਖ ਪੁਲਿਸ ਅਫਸਰ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਪੈਦਲ ਮਾਰਚ ਕਰਦੇ ਆ ਰਹੇ ਸਨ।ਇੱਕ ਅੰਦਾਜ਼ੇ ਮੁਤਾਬਕ ਸੜਕ ਦੇ ਦੋਵੇਂ ਪਾਸੇ ਬੈਠੇ ਇੱਕ ਲੱਖ ਤੋਂ ਵੱਧ ਲੋਕਾਂ ਨੇ ਨੇੜਿਓਂ ਫ਼ਲੋਟ ਨੂੰ ਦੇਖਿਆ ਅਤੇ ਹੋਰ ਲੱਖਾਂ ਲੋਕਾਂ ਨੇ ਨੈਸ਼ਨਲ ਟੀ.ਵੀ. ਰਾਹੀਂ ਇਸ ਦੀਆਂ ਗਤੀਵਿਧੀਆਂ ਨੂੰ ਵਾਚਿਆ। ਸਿੱਖ ਫ਼ਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮਰੀਕਨ ਫਲੈਗ ਅਤੇ ਸਿੱਖਸ ਆਫ ਅਮਰੀਕਾ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਪਹਿਨੇ ਮਰਦ ਅਤੇ ਅਮਰੀਕਨ ਝੰਡੇ ਦੇ ਸਕਾਰਫ਼ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫ਼ਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ। ਸਿੱਖ ਫ਼ਲੋਟ ਵਿੱਚ ਸਿੱਖਸ ਆਫ ਅਮਰਿਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਦਿਲਵੀਰ ਸਿੰਘ, ਵਰਿੰਦਰ ਸਿੰਘ, ਸੁਖਪਾਲ ਧਨੋਆ, ਕੁਲਵਿੰਦਰ ਫ਼ਲੋਰਾ, ਚਤਰ ਸਿੰਘ ਸੈਣੀ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਗੁਰਚਰਨ ਸਿੰਘ ਸਾਬਕਾ ਵਰਲਡ ਬੈਂਕ ਅਧਿਕਾਰੀ, ਜਸਵਿੰਦਰ ਸਿੰਘ ਰੌਇਲ ਤਾਜ, ਨਿਹਾਲ ਸਿੰਘ, ਸਰਮੁੱਖ ਸਿੰਘ ਮਾਣਕੂ ਅਤੇ ਦਵਿੰਦਰ ਸਿੰਘ ਚਿੱਬ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਸਿੱਖ ਐਸੋਸੀਏਸ਼ਨ ਬਾਲਟੀਮੋਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਪ੍ਰੀਤ ਸਿੰਘ ਸੰਨੀ ਪ੍ਰਧਾਨ, ਚਰਨਜੀਤ ਸਿੰਘ ਸਰਪੰਚ ਚੇਅਰਮੈਨ, ਗੁਰਦਿਆਲ ਸਿੰਘ ਭੋਲਾ, ਗੁਰਦੇਵ ਘੋਤੜਾ, ਸੁਰਜੀਤ ਸਿੰਘ ਗੋਲਡੀ, ਜਰਨੈਲ ਸਿੰਘ ਟੀਟੂ, ਜਸਵੰਤ ਸਿੰਘ ਧਾਲੀਵਾਲ ਅਤੇ ਡੰਡਾਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਜੋਗਿੰਦਰ ਸਿੰਘ ਸਮਰਾ ਸ਼ਾਮਲ ਹੋਏ। ਪਰੇਡ ਵਿੱਚ ਸ਼ਾਮਲ ਲੋਕਾਂ ਵਿੱਚ ਸਿੱਖ ਫਲੋਟ ਖਿੱਚ ਦਾ ਕੇਂਦਰ ਬਣਿਆ ਰਿਹਾ ਅਤੇ ਹਰ ਭਾਈਚਾਰੇ ਵਿੱਚ ਸਿੱਖਸ ਆਫ ਅਮੈਰਿਕਾ ਦੇ ਇਸ ਸਿੱਖ ਫਲੋਟ ਦੀ ਖ਼ੂਬ ਚਰਚਾ ਹੁੰਦੀ ਰਹੀ।

## ਮੈਂ ਡੈਮੋਕਰੈਟਿਕ ਪਾਰਟੀ ਦਾ ਉਮੀਦਵਾਰ ਹਾਂ: ਬਾਇਡਨ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਹ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਹਨ ਅਤੇ ਉਨ੍ਹਾਂ ’ਤੇ ਇਸ ਦੌੜ ’ਚੋਂ ਹਟਣ ਦਾ ਕੋਈ ਦਬਾਅ ਨਹੀਂ ਹੈ। ਬਾਇਡਨ ਦਾ ਇਹ ਬਿਆਨ ਮੀਡੀਆ ਦੀਆਂ ਹਾਲੀਆ ਉਨ੍ਹਾਂ ਖ਼ਬਰਾਂ ਤੋਂ ਬਿਲਕੁਲ ਉਲਟ ਹੈ ਜਿਨ੍ਹਾਂ ’ਚ ਕਿਹਾ ਗਿਆ ਸੀ ਕਿ ਪਾਰਟੀ ’ਚ ਅੰਦਰ ਅਜਿਹੀ ਧਾਰਨਾ ਹੈ ਕਿ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰਾਂ ਦੀ ਬਹਿਸ (ਪ੍ਰੈਜ਼ੀਡੈਂਸ਼ੀਅਲ ਡਿਬੇਟ) ’ਚ ਬਾਇਡਨ ਦਾ ਪ੍ਰਦਰਸ਼ਨ ਵਿਰੋਧੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਦੇ ਮੁਕਾਬਲੇ ਨਿਰਾਸ਼ਾਜਨਕ ਰਿਹਾ ਹੈ ਅਤੇ ਉਨ੍ਹਾਂ ਨੂੰ ਪਿੱਛੇ ਹਟ ਜਾਣਾ ਚਾਹੀਦਾ ਹੈ। ਬਾਇਡਨ ਨੇ ਚੋਣਾਂ ਲਈ ਚੰਦਾ ਇਕੱਠਾ ਕਰਨ ਦੀ



ਮੁਹਿੰਮ ਦੌਰਾਨ ਕਿਹਾ, ‘‘ਮੈਂ ਡੈਮੋਕਰੈਟਿਕ ਪਾਰਟੀ ਦਾ ਉਮੀਦਵਾਰ ਹਾਂ। ਕੋਈ ਵੀ ਮੈਨੂੰ ਬਾਹਰ ਨਹੀਂ ਕਰ ਰਿਹਾ। ਮੈਂ ਮੈਦਾਨ ਨਹੀਂ ਛੱਡ ਰਿਹਾ। ਮੈਂ ਅੰਤ ਤੱਕ ਇਸ ਦੌੜ ’ਚ ਹਾਂ ਅਤੇ ਅਸੀਂ ਇਹ ਚੋਣਾਂ ਜਿੱਤਣ ਜਾ ਰਹੇ ਹਾਂ। ਮੈਨੂੰ ਤੇ ਉਪ ਰਾਸ਼ਟਰਪਤੀ ਹੈਰਿਸ ਨੂੰ ਨਵੰਬਰ ’ਚ ਡੋਨਲਡ ਟਰੰਪ ਨੂੰ ਹਰਾਉਣ ਲਈ ਚੰਦਾ ਦਿਓ।’’ ਐਟਲਾਂਟਾ ’ਚ ਪਿਛਲੇ ਵੀਰਵਾਰ ਨੂੰ ਹੋਈ ਬਹਿਸ ’ਚ ਖਰਾਬ ਪ੍ਰਦਰਸ਼ਨ ਮਗਰੋਂ ਬਾਇਡਨ ਦੀ ਰੇਟਿੰਗ ਹੇਠਾਂ ਆ ਗਈ ਹੈ।

## ਅਮਰੀਕਾ ਵਿੱਚ ਆਜ਼ਾਦੀ ਦਿਵਸ ਦੇ ਜਸ਼ਨ ਦੌਰਾਨ ਭੜਕੀ ਹਿੰਸਾ ’ਚ 33 ਲੋਕਾਂ ਦੀ ਮੌਤ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਜੁਲਾਈ ਦੇ ਹਫ਼ਤੇ ਦੇ ਅੰਤ ਵਿੱਚ ਗੋਲੀਬਾਰੀ ਅਤੇ ਹਿੰਸਾ ਵਿੱਚ ਕਾਫ਼ੀ ਵਾਧਾ ਹੋਇਆ ਹੈ। ਜਿਸ ਵਿੱਚ ਸ਼ਿਕਾਗੋ ਵਿੱਚ 11 ਸਮੇਤ ਘੱਟੋ ਘੱਟ 33 ਲੋਕਾਂ ਦੀ ਅਮਰੀਕਾ ਵਿੱਚ ਮੌਤ ਹੋ ਗਈ। ਦੇਸ਼ ਭਰ ਵਿੱਚ ਸੈਂਕੜੇ ਲੋਕ ਜ਼ਖਮੀ ਹੋਏ ਹਨ। ਇਸ ਸਾਲ 4 ਜੁਲਾਈ ਇਤਿਹਾਸਕ ਤੌਰ ’ਤੇ ਸਾਲ ਦਾ ਇਹ ਸਭ ਤੋਂ ਘਾਤਕ ਦਿਨ ਸਾਬਤ ਹੋਇਆ ਹੈ। ਪਿਛਲੇ ਸਾਲ ਵੀ 4 ਜੁਲਾਈ ਨੂੰ ਗੋਲੀਬਾਰੀ ਦੀਆਂ ਕਈ ਘਟਨਾਵਾਂ ਵਾਪਰੀਆਂ ਸਨ, ਜਿਨ੍ਹਾਂ ਵਿੱਚ ਦਰਜਨ ਤੋਂ ਵੱਧ ਲੋਕ ਮਾਰੇ ਗਏ ਸਨ ਅਤੇ 60 ਤੋਂ ਵੱਧ ਜ਼ਖ਼ਮੀ ਹੋਏ ਸਨ। ਇੱਕ ਸਾਲ ਪਹਿਲਾਂ ਸ਼ਿਕਾਗੋ ਨੇੜੇ 4 ਜੁਲਾਈ ਦੀ ਪਰੇਡ ਦੌਰਾਨ ਹੋਈ ਗੋਲੀਬਾਰੀ ਵਿੱਚ 7 ਲੋਕ ਮਾਰੇ ਗਏ ਸਨ। ਸ਼ੁੱਕਰਵਾਰ ਸਵੇਰੇ ਇਕੱਲੇ ਸ਼ਿਕਾਗੋ ਵਿੱਚ ਹੋਈ ਗੋਲੀਬਾਰੀ ਵਿੱਚ 11 ਲੋਕਾਂ ਦੀ ਮੌਤ ਹੋ ਗਈ ਅਤੇ 55 ਦੇ ਕਰੀਬ ਜ਼ਖਮੀ ਹੋ ਗਏ। ਵੀਰਵਾਰ ਨੂੰ ਹੋਈ ਸਮੂਹਿਕ ਗੋਲੀਬਾਰੀ ਸਮੇਤ ਹਿੰਸਾ ਵਿੱਚ ਦੋ ਔਰਤਾਂ ਅਤੇ ਇੱਕ 8 ਸਾਲ ਦੇ ਬੱਚੇ ਦੀ ਵੀ ਮੌਤ ਹੋ ਗਈ। ਸ਼ਿਕਾਗੋ ਦੇ ਮੇਅਰ ਨੇ ਕਿਹਾ ਕਿ ਹਾਲ




ਹੀ ਵਿੱਚ ਹੋਈ ਹਿੰਸਾ ਨੇ ਸ਼ਹਿਰ ਨੂੰ ਸੋਗ ਵਿੱਚ ਬਦਲ ਦਿੱਤਾ ਹੈ। ਇਸ ਤਰਾਂ ਕੈਲੀਫੋਰਨੀਆ ਦੇ ਹੰਟਿੰਗਟਨ ਬੀਚ ’ਤੇ ਸੁਤੰਤਰਤਾ ਦਿਵਸ ਦੀ ਆਤਿਸ਼ਬਾਜ਼ੀ ਦੇ ਪ੍ਰਦਰਸ਼ਨ ਦੇ ਖ਼ਤਮ ਹੋਣ ਤੋਂ ਦੋ ਘੰਟੇ ਤੋਂ ਵੀ ਘੱਟ ਸਮੇਂ ਬਾਅਦ ਹੋਈ ਗੋਲੀਬਾਰੀ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖਮੀ ਹੋ ਗਏ ਸਨ।

ਨੀਲਜ ਦੇ ਉੱਤਰ-ਪੂਰਬੀ ਭਾਈਚਾਰੇ ਵਿੱਚ 4 ਜੁਲਾਈ ਨੂੰ ਵੀਰਵਾਰ ਰਾਤ ਨੂੰ ਇੱਕ ਰਿਹਾਇਸ਼ੀ ਖੇਤਰ ਵਿੱਚ ਇੱਕ 23 ਸਾਲਾ ਦੇ ਵਿਅਕਤੀ ਨੂੰ ਗੋਲੀ ਮਾਰਨ ਤੋਂ ਬਾਅਦ ਇੱਕ 15 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਕਲੀਵਲੈਂਡ ਇਲਾਕੇ ’ਚ ਹੋਈ ਗੋਲੀਬਾਰੀ ’ਚ ਜ਼ਖਮੀ 10 ਸਾਲਾ ਬੱਚੀ ਦੀ ਪਛਾਣ ਗ੍ਰੇਸੀ ਗ੍ਰਿਫਿਨ ਵਜੋਂ ਹੋਈ ਹੈ।

ਫਿਲਾਡੇਲਫੀਆ ਵਿੱਚ ਵੀਰਵਾਰ ਰਾਤ ਨੂੰ ਇੱਕ ਡਰਾਈਵ-ਬਾਈ ਗੋਲੀਬਾਰੀ ਵਿੱਚ ਇੱਕ 19 ਸਾਲਾ ਵਿਅਕਤੀ ਦੀ ਮੌਤ ਹੋ ਗਈ ਅਤੇ ਛੇ ਹੋਰ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿੱਚ ਚਾਰ ਨਾਬਾਲਗ ਵੀ ਸ਼ਾਮਲ ਹਨ। ਉਨ੍ਹਾਂ ਦਾ ਹਸਪਤਾਲ ਵਿੱਚ ਵੱਖ-ਵੱਖ ਸੱਟਾਂ ਕਾਰਨ ਇਲਾਜ ਚੱਲ ਰਿਹਾ ਹੈ। ਬੋਸਟਨ ਵਿੱਚ ਸ਼ਹਿਰ ਵਿੱਚ ਚਾਰ ਜੁਲਾਈ ਦੇ ਜਸ਼ਨ ਤੋਂ ਬਾਅਦ ਤਿੰਨ ਗੋਲੀਬਾਰੀ ਹੋਈ। ਇਹ ਘਾਤਕ ਗੋਲੀਬਾਰੀ ਸ਼ੁੱਕਰਵਾਰ ਦੁਪਹਿਰ 1:30 ਵਜੇ ਬੋਸਟਨ ਦੇ ਦੱਖਣੀ ਉਪਨਗਰ ਨੇੜੇ ਇੱਕ ਪਾਰਕ ਵਿੱਚ ਹੋਈ। ਇਸ ਦੇ ਨਾਲ ਹੀ ਸ਼ਹਿਰ ਦੇ ਜਮਾਇਕਾ ਪਲੇਨ ਇਲਾਕੇ ’ਚ ਹੋਈ ਗੋਲੀਬਾਰੀ ’ਚ ਤਿੰਨ ਲੋਕ ਜ਼ਖਮੀ ਹੋ ਗਏ। ਗੈਸ ਸਟੇਸ਼ਨ ’ਤੇ ਗੋਲੀ ਚੱਲਣ ਦੀ ਤੀਜੀ ਘਟਨਾ ’ਚ ਇੱਕ ਵਿਅਕਤੀ ਗੰਭੀਰ ਜ਼ਖਮੀ ਹੋ ਗਿਆ ਹੈ। ਈਸਟ ਬ੍ਰਿਜਵਾਟਰ, ਮੈਸੇਚਿਉਸੇਟਸ ਵਿੱਚ ਇੱਕ ਕੰਡੋਮੀਨੀਅਮ ਪਾਰਕਿੰਗ ਵਿੱਚ ਵੀਰਵਾਰ ਰਾਤ ਨੂੰ ਗੋਲੀਬਾਰੀ ਵਿੱਚ ਇੱਕ 17 ਸਾਲਾ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਕਨੈਕਟੀਕਟ ਦੀ ਇੱਕ ਔਰਤ ਸ਼ੁੱਕਰਵਾਰ ਸਵੇਰੇ ਗੋਲੀ ਲੱਗਣ ਤੋਂ ਬਾਅਦ ਆਪਣੀ ਕਾਰ ਵਿੱਚ ਮ੍ਰਿਤਕ ਪਾਈ ਗਈ। ਅਲਬਾਨੀ, ਨਿਊਯਾਰਕ ਵਿੱਚ ਇੱਕ ਵੱਡੇ ਇਕੱਠ ਵਿੱਚ ਹੋਈ ਗੋਲੀਬਾਰੀ ਵਿੱਚ 16 ਤੋਂ 19 ਸਾਲ ਦੀ ਉਮਰ ਦੇ 6 ਨੌਜਵਾਨ ਜ਼ਖ਼ਮੀ ਹੋ ਗਏ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਟਾਰਮਰ ਬਣੇ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ

## ਆਮ ਚੋਣਾਂ ’ਚ ਲੇਬਰ ਪਾਰਟੀ ਨੇ ਹੂੰਝਾ ਫੇਰਿਆ, 650 ’ਚੋਂ 412 ਸੀਟਾਂ ਜਿੱਤੀਆਂ



ਲੰਡਨ/ਏ.ਟੀ.ਨਿਊਜ਼ : ਬਰਤਾਨੀਆ ਦੀਆਂ ਆਮ ਚੋਣਾਂ ਵਿੱਚ ਲੇਬਰ ਪਾਰਟੀ ਦੀ ਹੂੰਝਾ ਫੇਰ ਜਿੱਤ ਤੋਂ ਬਾਅਦ ਕੀਰ ਸਟਾਰਮਰ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ ਅਤੇ ਉਨ੍ਹਾਂ ਬਰਤਾਨੀਆ ਦੇ ਪੁਨਰ ਵਿਕਾਸ ਦਾ ਅਹਿਦ ਲਿਆ ਹੈ। ਇਨ੍ਹਾਂ ਚੋਣਾਂ ਵਿੱਚ ਰਿਸ਼ੀ ਸੂਨਕ ਦੀ ਅਗਵਾਈ ਹੇਠਲੀ ਕੰਜ਼ਰਵੇਟਿਵ ਪਾਰਟੀ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਹੇਠਲੇ ਸਦਨ ਦੀਆਂ 650 ਸੀਟਾਂ ’ਚੋਂ ਲੇਬਰ ਪਾਰਟੀ ਨੇ 412 ਜਦਕਿ ਕੰਜ਼ਰਵੇਟਿਵ ਪਾਰਟੀ ਨੇ ਸਿਰਫ਼ 121 ਸੀਟਾਂ ਜਿੱਤੀਆਂ ਹਨ। ਹਾਲਾਂਕਿ ਲੇਬਰ ਪਾਰਟੀ ਦਾ ਵੋਟ ਫੀਸਦ 33.7 ਤੇ ਕੰਜ਼ਰਵੇਟਿਵ ਦਾ 23.7 ਫੀਸਦ ਰਿਹਾ।

ਚੋਣ ਨਤੀਜਿਆਂ ਤੋਂ ਬਾਅਦ ਸਟਾਰਮਰ (61) ਨੇ ਮਹਾਰਾਜਾ ਚਾਰਲਸ-3 ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੂੰ ਮੁਲਕ ਦਾ 58ਵਾਂ ਪ੍ਰਧਾਨ ਮੰਤਰੀ ਐਲਾਨਿਆ ਗਿਆ। ਉਨ੍ਹਾਂ ਤੋਂ ਪਹਿਲਾਂ ਰਿਸ਼ੀ ਸੂਨਕ ਨੇ ਮਹਾਰਾਜਾ ਚਾਰਲਸ ਨਾਲ ਮੁਲਾਕਾਤ ਕੀਤੀ। ਇਸ ਮਗਰੋਂ ਸਟਾਰਮਰ 10 ਡਾਊਨਿੰਗ ਸਟਰੀਟ ਪੁੱਜੇ। ਬਰਤਾਨਵੀ ਪ੍ਰਧਾਨ ਮੰਤਰੀ ਦੀ ਅਧਿਕਾਰਤ ਰਿਹਾਇਸ਼ 10 ਡਾਊਨਿੰਗ ਸਟਰੀਟ ਦੇ ਬਾਹਰ ਆਪਣੇ ਉਦਘਾਟਨੀ ਸੰਬੋਧਨ ਦੌਰਾਨ ਸਟਾਰਮਰ ਨੇ ਕਿਹਾ, ‘ਸਾਡੇ ਮੁਲਕ ਨੇ ਤਬਦੀਲੀ, ਮੁਲਕ ਦੇ ਮੁੜ ਨਿਰਮਾਣ ਤੇ ਲੋਕ ਸੇਵਾ ’ਚ ਸਿਆਸਤ ਦੀ ਵਾਪਸੀ ਲਈ ਵੋਟ ਪਾਈ ਹੈ।’ ਉਨ੍ਹਾਂ ਕਿਹਾ ਕਿ ਬਹੁਤ ਜ਼ਰੂਰੀ ਕੰਮ ਕਰਨ ਵਾਲੇ ਪਏ ਹਨ ਅਤੇ ਉਹ ਅੱਜ ਤੋਂ ਹੀ ਕੰਮ ਸ਼ੁਰੂ ਕਰ ਰਹੇ ਹਨ। ਹਾਲਾਂਕਿ ਉਨ੍ਹਾਂ ਕਿਹਾ ਕਿ ਇਹ ਕੰਮ ਇੰਨੇ ਸੌਖੇ ਨਹੀਂ ਹੋਣਗੇ।

ਸਟਾਰਮਰ ਤੋਂ ਪਹਿਲਾਂ ਇੱਥੇ ਰਿਸ਼ੀ ਸੂਨਕ ਨੇ ਵਿਦਾਇਗੀ ਭਾਸ਼ਣ ਦਿੱਤਾ ਅਤੇ ਪਾਰਟੀ ਦੀ ਹਾਰ ਸਵੀਕਾਰ ਕੀਤੀ। ਅਕਤੂਬਰ 2022 ’ਚ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਵਾਲੇ ਸੂਨਕ ਨੇ ਕਿਹਾ ਕਿ ਉਹ ਕੰਜ਼ਰਵੇਟਿਵ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਪਿੱਛੇ ਹਟ ਰਹੇ ਹਨ ਤੇ ਆਮ ਚੋਣਾਂ ਵਿੱਚ ਪਾਰਟੀ ਦੀ ਹਾਰ ਦੀ ਜ਼ਿੰਮੇਵਾਰੀ ਲੈਂਦੇ ਹਨ। ਸੂਨਕ ਨਾਲ ਉਨ੍ਹਾਂ ਦੀ ਪਤਨੀ ਅਕਸ਼ਤਾ ਮੂਰਤੀ ਵੀ ਸਨ। ਇਨ੍ਹਾਂ ਚੋਣਾਂ ਵਿੱਚ ਰਿਸ਼ੀ ਸੂਨਕ ਉੱਤਰੀ ਇੰਗਲੈਂਡ ਵਿਚਲੀ ਆਪਣੀ ਰਿਚਮੰਡ ਤੇ ਨਾਰਥੈਲਰਟਨ ਸੀਟ ਜਿੱਤਣ ’ਚ ਕਾਮਯਾਬ ਰਹੇ ਹਨ। ਲੰਘੇ 14 ਸਾਲ ਤੋਂ ਸੱਤਾ ’ਤੇ ਕਾਬਜ਼ ਕੰਜ਼ਰਵੇਟਿਵ ਪਾਰਟੀ ਨੂੰ ਇਤਿਹਾਸ ਦੀ ਸਭ ਤੋਂ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

## ਕੌਣ ਹੈ ਕੀਰ ਸਟਾਰਮਰ ?



61 ਸਾਲਾ ਕੀਰ ਸਟਾਰਮਰ ਆਪਣੇ ਆਪ ਨੂੰ ਮਜ਼ਦੂਰ ਵਰਗ ਤੋਂ ਦੱਸਦੇ ਹਨ ਉਸਦੇ ਪਿਤਾ ਇੱਕ ਸੰਦ ਬਣਾਉਣ ਵਾਲੇ ਅਤੇ ਮਾਤਾ ਇੱਕ ਨਰਸ ਸਨ। ਉਸਨੇ ਆਪਣੀ ਸਕੂਲੀ ਪੜ੍ਹਾਈ ਰੀਗੇਟ ਗ੍ਰਾਮਰ ਸਕੂਲ ਤੋਂ ਕੀਤੀ। ਉੱਚ ਸਿੱਖਿਆ ਲਈ, ਉਸਨੇ ਲੀਡਜ਼ ਯੂਨੀਵਰਸਿਟੀ ਅਤੇ ਆਕਸਫੋਰਡ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ। ਕਿਹਾ ਜਾਂਦਾ ਹੈ ਕਿ ਸਟਾਰਮਰ ਆਪਣੇ ਪਰਿਵਾਰ ਵਿੱਚ ਯੂਨੀਵਰਸਿਟੀ ਵਿੱਚ ਪੜ੍ਹਣ ਵਾਲਾ ਪਹਿਲਾ ਵਿਅਕਤੀ ਸੀ। 1987 ਵਿੱਚ, ਉਹ ਬੈਰਿਸਟਰ ਬਣ ਗਿਆ ਅਤੇ ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ ਲਈ ਲੜਨਾ ਸ਼ੁਰੂ ਕਰ ਦਿੱਤਾ।

ਇੱਕ ਬੈਰਿਸਟਰ ਵਜੋਂ, ਸਟਾਰਮਰ ਨੇ ਕੈਰੇਬੀਅਨ ਅਤੇ ਅਫਰੀਕਾ ਵਿੱਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਕੈਦੀਆਂ ਦੀ ਤਰਫੋਂ ਕੇਸ ਵੀ ਲੜੇ। ਇਸ ਨੇ ਉਨ੍ਹਾਂ ਲੋਕਾਂ ਨੂੰ ਕਾਨੂੰਨੀ ਸਹਾਇਤਾ ਦੀ ਪੇਸ਼ਕਸ਼ ਵੀ ਕੀਤੀ ਜੋ ਮੈਕਡੋਨਲਡਜ਼ ਦੇ ਵਾਤਾਵਰਣ ਸੰਬੰਧੀ ਦਾਅਵਿਆਂ ’ਤੇ ਸਵਾਲ ਉਠਾਉਣ ਦਾ ਵਿਰੋਧ ਕਰਨ ਲਈ ਪਰਚੇ ਵੰਡ ਰਹੇ ਸਨ। ਇਹ ਲੋਕ ਮੈਕਲਿਬਲ ਕਾਰਕੁਨ ਸਨ, ਜੋ ਪੈਂਫਲਿਟ ਵੰਡਣ ਤੋਂ ਬਾਅਦ ਕਾਨੂੰਨੀ ਪੇਚੀਦਗੀਆਂ ਦਾ ਸਾਹਮਣਾ ਕਰ ਰਹੇ ਸਨ।

## ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਕੈਬਨਿਟ ਦਾ ਗਠਨ

### 25 ਮੈਂਬਰੀ ਵਜ਼ਾਰਤ ’ਚ ਭਾਰਤੀ ਮੂਲ ਦੀ ਲਿਜ਼ਾ ਨੰਦੀ ਸਣੇ ਰਿਕਾਰਡ 11 ਔਰਤਾਂ ਸ਼ਾਮਲ



ਲੰਡਨ/ਏ.ਟੀ.ਨਿਊਜ਼ : ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੀ ਨਵੀਂ ਕੈਬਨਿਟ ਦਾ ਗਠਨ ਕੀਤਾ ਹੈ, ਜਿਸ ’ਚ ਐਂਜਲਾ ਰੇਨਰ ਨੂੰ ਉਪ ਪ੍ਰਧਾਨ ਮੰਤਰੀ ਅਤੇ ਰਿਚੇਲ ਰੀਵਜ਼ ਨੂੰ ਖਜ਼ਾਨਾ ਮੰਤਰੀ ਨਿਯੁਕਤ ਕੀਤਾ ਗਿਆ।

ਸਟਾਰਮਰ ਦੀ 25 ਮੈਂਬਰੀ ਕੈਬਨਿਟ ’ਚ ਭਾਰਤੀ ਮੂਲ ਦੀ ਲਿਜ਼ਾ ਨੰਦੀ ਸਣੇ ਰਿਕਾਰਡ 11 ਔਰਤਾਂ ਸ਼ਾਮਲ ਹਨ। ਉੱਤਰ ਪੱਛਮੀ ਇੰਗਲੈਂਡ ਦੇ ਵਿਗਨ ਸੰਸਦੀ ਹਲਕੇ ਤੋਂ ਜੇਤੂ ਰਹੀ ਲਿਜ਼ਾ ਨੰਦੀ (44) ਨੂੰ ਸੱਭਿਆਚਾਰ, ਮੀਡੀਆ ਤੇ ਖੇਡ ਮੰਤਰੀ ਬਣਾਇਆ ਗਿਆ ਹੈ। ਰਿਚੇਲ ਰੀਵਜ਼ ਦੇਸ਼ ਦੀ ਪਹਿਲੀ ਮਹਿਲਾ ਵਿੱਤ ਮੰਤਰੀ ਹਨ ਜਦਕਿ ਜਦਕਿ ਰੇਨਰ ਉਪ ਪ੍ਰਧਾਨ ਮੰਤਰੀ ਬਣਨ ਵਾਲੀ ਦੂਜੀ ਮਹਿਲਾ ਹਨ।

ਇਸ ਦੌਰਾਨ ਯੁਵੈਟੇ ਕੂਪਰ ਨੂੰ ਗ੍ਰਹਿ ਮੰਤਰੀ, ਡੇਵਿਡ ਲੈਮੀ ਨੂੰ ਵਿਦੇਸ਼ ਮੰਤਰੀ ਅਤੇ ਜੌਹਨ ਹੀਲੀ ਨੂੰ ਰੱਖਿਆ ਮੰਤਰੀ ਨਿਯੁਕਤ ਕੀਤਾ ਗਿਆ ਹੈ। ਹੋਰ ਨਿਯੁਕਤੀਆਂ ਤਹਿਤ ਸ਼ਬਾਨਾ ਮਹਿਮੂਦ ਨੂੰ ਨਿਆਂ ਮੰਤਰੀ, ਵੈਸ ਸਟਰੀਟਿੰਗ ਨੂੰ ਸਿਹਤ ਮੰਤਰੀ, ਬ੍ਰਿਗੇਟ ਫਿਲਪਸਨ ਨੂੰ ਸਿੱਖਿਆ ਮੰਤਰੀ ਅਤੇ ਐਡ ਮਿਲੀਬੈਂਡ ਨੂੰ ਊਰਜਾ ਮੰਤਰੀ ਬਣਾਇਆ ਗਿਆ ਹੈ। ਇਸੇ ਦੌਰਾਨ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ ਕੀਤੀ ਕਿਉਂਕਿ ਉਨ੍ਹਾਂ ਦੀ ਨਵੀਂ ਸਰਕਾਰ ਕਈ ਗੰਭੀਰ ਘਰੇਲੂ ਸਮੱਸਿਆਵਾਂ ਦੂਰ ਕਰਨ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਸਟਾਰਮਰ ਨੇ 10 ਡਾਊਨਿੰਗ ਸਟਰੀਟ ’ਚ ਨਵੇਂ ਮੰਤਰੀਆਂ ਦਾ ਸਵਾਗਤ ਕੀਤਾ। ਉਨ੍ਹਾਂ ਆਖਿਆ, “ਸਾਡੇ ਕੋਲ ਕਰਨ ਲਈ ਬਹੁਤ ਸਾਰਾ ਕੰਮ ਹੈ, ਇਸ ਲਈ ਹੁਣ ਅਸੀਂ ਆਪਣਾ ਕੰਮ ਸ਼ੁਰੂ ਕਰਨਾ ਹੈ।” ਉਨ੍ਹਾਂ ਸਾਹਮਣੇ ਮੰਦੇ ਅਰਥਚਾਰੇ ਨੂੰ ਹੁਲਾਰਾ ਦੇਣਾ, ਸਿਹਤ ਸੰਭਾਲ ਪ੍ਰਣਾਲੀ ’ਚ ਸੁਧਾਰ ਅਤੇ ਸਰਕਾਰ ਦਾ ਭਰੋਸਾ ਬਹਾਲ ਕਰਨਾ ਆਦਿ ਸਮੱਸਿਆਵਾਂ ਹਨ। ਲੰਘੇ ਦਿਨ ਡਾਊਨਿੰਗ ਸਟਰੀਟ ਤੋਂ ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਭਾਸ਼ਨ ’ਚ ਕੀਰ ਸਟਾਰਮਰ ਨੇ ਬਰਤਾਨੀਆ ਦੀਆਂ ਸਰਹੱਦਾਂ ਸੁਰੱਖਿਅਤ ਬਣਾਉਣ ਅਤੇ ਦੇਸ਼ ਦੇ ਸਿਹਤ ਢਾਂਚੇ ਨੂੰ ਮੁੜ ਲੀਹ ’ਤੇ ਲਿਆਉਣ ਦਾ ਅਹਿਦ ਕੀਤਾ ਸੀ। ਹਾਲਾਂਕਿ ਸਟਾਰਮਰ ਨੇ 10 ਡਾਊਨਿੰਗ ਸਟਰੀਟ ’ਚ ਆਪਣੀ ਨਵੀਂ ਅਧਿਕਾਰਤ ਰਿਹਾਇਸ਼ ਦੇ ਬਾਹਰ ਸਮਰਥਕਾਂ ਦੀ ਹਾਜ਼ਰੀ ’ਚ ਕਿਹਾ, “ਕਿਸੇ ਦੇਸ਼ ਨੂੰ ਬਦਲਣਾ ਕੋਈ ‘ਸਵਿੱਚ ਦਬਾਉਣ’ ਵਾਂਗ ਨਹੀਂ ਹੈ। ਇਸ ਵਿੱਚ ਕੁਝ ਸਮਾਂ ਲੱਗੇਗਾ। ਪਰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਬਦਲਾਅ ਦਾ ਕੰਮ ਸ਼ੁਰੂ ਹੋ ਗਿਆ ਹੈ।” ਇਸ ਦੌਰਾਨ ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਵੀ ਆਪਣਾ ਕੰਮਕਾਜ ਸ਼ੁਰੂ ਕਰ ਦਿੱਤਾ ਹੈ।

## ਬਰਤਾਨਵੀ ਚੋਣਾਂ ’ਚ ਪੰਜਾਬੀਆਂ ਦਾ ਜਲਵਾ

# 9 ਪੰਜਾਬੀ ਚੋਣ ਜਿੱਤਣ ’ਚ ਰਹੇ ਸ.ਫਲ




ਲੰਡਨ/ਏ.ਟੀ.ਨਿਊਜ਼ : ਬਰਤਾਨੀਆ ’ਚ ਹੋਈਆਂ ਆਮ ਚੋਣਾਂ ’ਚ ਵੀ ਪੰਜਾਬੀ ਮੂਲ ਦੇ ਕਰੀਬ 9 ਲੋਕ ਚੋਣ ਜਿੱਤਣ ’ਚ ਸਫਲ ਰਹੇ ਹਨ। ਬਹੁਤੇ ਆਗੂ ਸੱਤਾ ਵਿੱਚ ਆਈ ਲੇਬਰ ਪਾਰਟੀ ਦੀ ਟਿਕਟ ’ਤੇ ਚੋਣ ਜਿੱਤੇ ਹਨ। ਇਨ੍ਹਾਂ ਸਾਰਿਆਂ ਵਿਚ ਪ੍ਰਮੁੱਖ ਨਾਂ ਲੇਬਰ ਪਾਰਟੀ ਦੇ ਤਨਮਨਜੀਤ ਸਿੰਘ ਢੇਸੀ ਦਾ ਹੈ। ਉਹ ਮੂਲ ਰੂਪ ਤੋਂ ਜਲੰਧਰ ਦਾ ਰਹਿਣ ਵਾਲਾ ਹੈ। ਉਹ ਤੀਜੀ ਵਾਰ ਸੰਸਦ ਮੈਂਬਰ ਬਣੇ ਹਨ। ਇਸ ਜਿੱਤ ਦੇ ਜਸ਼ਨ ਪੰਜਾਬ ਵਿੱਚ ਵੀ ਮਨਾਏ ਜਾ ਰਹੇ ਹਨ।

**20 ਤੋਂ ਵੱਧ ਲੋਕਾਂ ਨੇ ਲੜੀ ਸੀ ਚੋਣ**

ਇਸ ਵਾਰ ਯੂ.ਕੇ. ਦੀਆਂ ਚੋਣਾਂ ਵਿੱਚ ਉਥੋਂ ਦੀਆਂ ਸਿਆਸੀ ਪਾਰਟੀਆਂ ਨੇ 20 ਤੋਂ ਵੱਧ ਭਾਰਤੀ ਮੂਲ ਦੇ ਅਤੇ ਪੰਜਾਬੀ ਲੋਕਾਂ ਨੂੰ ਮੈਦਾਨ ਵਿੱਚ ਉਤਾਰਿਆ ਸੀ। ਕਿਉਂਕਿ ਉਥੇ ਪੰਜਾਬੀਆਂ ਦੀ ਗਿਣਤੀ ਕਾਫੀ ਵੱਧ ਰਹੀ ਹੈ ਪਰ ਇਸ ਵਾਰ ਲਗਾਤਾਰ ਚੋਣਾਂ ਜਿੱਤ ਰਹੇ ਲੇਬਰ ਪਾਰਟੀ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਮੈਦਾਨ ਤੋਂ ਹਟ ਗਏ ਸਨ। ਉਹ ਜਲੰਧਰ ਦਾ ਵਸਨੀਕ ਹੈ ਅਤੇ ਲੰਬੇ ਸਮੇਂ ਤੋਂ ਯੂ.ਕੇ. ਵਿੱਚ ਸੈਟਲ ਹੈ। ਹਾਲਾਂਕਿ ਪਿਛਲੀਆਂ ਚੋਣਾਂ ਵਿੱਚ ਤਿੰਨ ਵਿਅਕਤੀ ਚੋਣ ਜਿੱਤਣ ਵਿੱਚ ਸਫਲ ਰਹੇ ਸਨ।

**ਪ੍ਰੀਤ ਕੌਰ ਗਿੱਲ ਤੀਜੀ ਵਾਰ ਬਣੀ ਸਾਂਸਦ**

ਬਰਮਿੰਘਮ-ਐਡਸਬੈਸਟਨ ਤੋਂ ਲੇਬਰ ਪਾਰਟੀ ਦੀ ਪ੍ਰੀਤ ਕੌਰ ਗਿੱਲ ਤੀਜੀ ਵਾਰ ਚੋਣ ਜਿੱਤ ਗਈ ਹੈ। ਪ੍ਰੀਤ ਕੌਰ ਗਿੱਲ ਨੂੰ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਹੋਣ ਦਾ ਮਾਣ ਵੀ ਹਾਸਲ ਹੈ।

**ਜਸ ਅਠਵਾਲ ਵੀ ਚੋਣ ਜਿੱਤਣ ਵਿੱਚ ਕਾਮਯਾਬ ਰਹੇ**

ਪਤਾ ਲੱਗਾ ਹੈ ਕਿ ਜਸ ਅਠਵਾਲ ਵੀ ਚੋਣ ਜਿੱਤਣ ਵਿੱਚ ਕਾਮਯਾਬ ਰਹੇ ਹਨ। ਉਸਨੇ ਇਲਫੋਰਡ ਸਾਊਥ ਤੋਂ ਚੋਣ ਜਿੱਤੀ। ਉਨ੍ਹਾਂ ਦਾ ਜਨਮ ਵੀ ਪੰਜਾਬ ਵਿੱਚ 1963 ਵਿੱਚ ਹੋਇਆ ਸੀ। ਉਹ 2010 ਤੋਂ ਰਾਜਨੀਤੀ ਵਿੱਚ ਸਰਗਰਮ ਹਨ।

**ਹਰਪ੍ਰੀਤ ਕੌਰ ਵੀ ਚੋਣ ਜਿੱਤ ਗਈ**

ਹਰਪ੍ਰੀਤ ਕੌਰ ਉੱਪਲ ਵੀ ਪੰਜਾਬੀ ਮੂਲ ਦੀ ਹੈ। ਉਸਨੇ ਲੇਬਰ ਪਾਰਟੀ ਦੀ ਟਿਕਟ ’ਤੇ ਹਡਰਸਫੀਲਡ ਤੋਂ ਚੋਣ ਲੜੀ ਸੀ।

**ਵਰਿੰਦਰ ਜਸ ਨੂੰ ਵੀ ਸ.ਫਲਤਾ ਮਿਲੀ**

ਇਸ ਤਰ੍ਹਾਂ ਵਰਿੰਦਰ ਜਸ ਵੀ ਲੇਬਰ ਪਾਰਟੀ ਦੀ ਟਿਕਟ ’ਤੇ ਚੋਣ ਜਿੱਤ ਗਏ ਹਨ। ਉਸ ਨੇ ਵੂਲਵਰਹੈਂਪਟਨ ਵੈਸਟ ਤੋਂ ਚੋਣ ਜਿੱਤੀ। ਇਸ ਦੌਰਾਨ ਜਦੋਂ ਉਨ੍ਹਾਂ ਨੂੰ ਜੇਤੂ ਐਲਾਨਿਆ ਗਿਆ ਤਾਂ ਉਨ੍ਹਾਂ ਦੇ ਸਮਰਥਕਾਂ ਦਾ ਉਤਸ਼ਾਹ ਦੇਖਣ ਨੂੰ ਮਿਲਿਆ। ਇਸੇ ਤਰ੍ਹਾਂ ਗੁਰਿੰਦਰ ਸਿੰਘ ਜੋਸਨ ਸਮੈਥਵਿਕ ਸੰਸਦੀ ਹਲਕੇ ਤੋਂ ਸੰਸਦ ਮੈਂਬਰ ਚੁਣੇ ਗਏ ਹਨ।

# ਭਾਰਤੀ ਵਿਦਿਆਰਥੀਆਂ ਦੀ ਗਿਣਤੀ ’ਚ ਗਿਰਾਵਟ ਕਾਰਨ ਕੈਨੇਡਾ ਦੀ ਅਰਥਵਿਵਸਥਾ ’ਤੇ ਬੁਰਾ ਅਸਰ ਪਿਆ

## ਬੇਰੁਜ਼ਗਾਰੀ, ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਕਾਰਨ ਵਿਦਿਆਰਥੀਆਂ ਦਾ ਮੋਹ ਭੰਗ

### ਕੈਨੇਡਾ ’ਚ ਬੇਰੁਜ਼ਗਾਰੀ ਦੀ ਦਰ 6.1% ਤੱਕ ਪਹੁੰਚੀ ਜੋ ਕਿ 3 ਸਾਲਾਂ ਵਿੱਚ ਸਭ ਤੋਂ ਵੱਧ

ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਲੰਮੇ ਸਮੇਂ ਤੋਂ ਪਸੰਦੀਦਾ ਦੇਸ਼ ਸੀ ਪਰ ਹੁਣ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਪਿਛਲੇ ਇੱਕ ਸਾਲ ਵਿੱਚ ਭਾਰਤੀ ਵਿਦਿਆਰਥੀਆਂ ਵਿੱਚ ਕੈਨੇਡਾ ਹਰਮਨਪਿਆਰਾ ਨਹੀਂ ਰਿਹਾ। ਆਈ.ਆਰ.ਸੀ.ਸੀ ਦੇ ਅੰਕੜਿਆਂ ਅਨੁਸਾਰ ਮਾਰਚ 2024 ਵਿੱਚ ਸਿਰਫ 4,210 ਭਾਰਤੀ ਵਿਦਿਆਰਥੀਆਂ ਨੇ ਅਧਿਐਨ ਪਰਮਿਟ ਲਈ ਅਰਜ਼ੀ ਦਿੱਤੀ ਹੈ। ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਸਿਰਫ 83.16% ਹੈ।ਮਾਰਚ 2022 ਅਤੇ ਮਾਰਚ 2023 ਵਿੱਚ 25 ਹਜ਼ਾਰ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਪਰਮਿਟ ਲਈ ਅਰਜ਼ੀ ਦਿੱਤੀ ਸੀ।

ਭਾਰਤੀ ਵਿਦਿਆਰਥੀਆਂ ਵੱਲੋਂ ਕੈਨੇਡੀਅਨ ਸਟੱਡੀ ਪਰਮਿਟ ਅਰਜ਼ੀਆਂ ਦੀ ਗਿਣਤੀ ਅਕਤੂਬਰ 2023 ਤੱਕ ਲਗਾਤਾਰ ਘਟਦੀ ਜਾ ਰਹੀ ਹੈ। ਪਿਛਲੇ ਸਾਲ ਦੇ ਮੁਕਾਬਲੇ 2023 ਦੀ ਆਖਰੀ ਤਿਮਾਹੀ ਵਿੱਚ 86% ਜ਼ਿਆਦਾ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਵੀਜ਼ਾ ਲਈ ਅਪਲਾਈ ਕੀਤਾ।2023 ਵਿਚ ਜੁਲਾਈ ਤੋਂ ਸਤੰਬਰ ਵਿਚਕਾਰ 1.08 ਲੱਖ ਵੀਜ਼ਾ ਪਰਮਿਟ ਜਾਰੀ ਹੋਏ, ਅਕਤੂਬਰ ਤੋਂ ਦਸੰਬਰ ਵਿਚਕਾਰ



ਸਟੱਡੀ ਪਰਮਿਟ ਦੀ ਗਿਣਤੀ 14,910 ’ਤੇ ਆ ਗਈ।

ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ ਦਾ ਕੈਨੇਡੀਅਨ ਅਰਥਚਾਰੇ ’ਤੇ ਮਹੱਤਵਪੂਰਨ ਅਸਰ ਪਿਆ ਹੈ।41% ਅੰਤਰਰਾਸ਼ਟਰੀ ਵਿਦਿਆਰਥੀ ਭਾਰਤ ਤੋਂ ਆਉਂਦੇ ਹਨ, ਟਿਊਸ਼ਨ ਫੀਸਾਂ, ਰਿਹਾਇਸ਼ ਅਤੇ ਰਹਿਣ-ਸਹਿਣ ਦੇ ਖਰਚਿਆਂ ਰਾਹੀਂ ਸਾਲਾਨਾ ਅਰਬਾਂ ਡਾਲਰ ਦਾ ਯੋਗਦਾਨ ਪਾਉਂਦੇਹਨ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਦੀ ਰਿਪੋਰਟ ਦੇ ਅਨੁਸਾਰ, ਅੰਤਰਰਾਸ਼ਟਰੀ ਵਿਦਿਆਰਥੀ ਸਾਲਾਨਾ ਕੈਨੇਡੀਅਨ ਆਰਥਿਕਤਾ ਵਿੱਚ ਲਗਭਗ 1.34 ਲੱਖ ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ।

ਪੰਜਾਬ ਦੇ ਵਿਦਿਆਰਥੀ ਕੈਨੇਡੀਅਨ ਆਰਥਿਕਤਾ ਵਿੱਚ 68,000 ਕਰੋੜ ਰੁਪਏ ਦਾ ਯੋਗਦਾਨ ਪਾਉਂਦੇਹਨ। ਓਨਟਾਰੀਓ ਵਿੱਚ 8 ਸਾਲਾਂ ਤੋਂ ਗਰੋਸਰੀ ਸਟੋਰ ਚਲਾ ਰਹੇ ਰਾਜ ਪਟੇਲ ਦਾ ਕਹਿਣਾ ਹੈ ਕਿ ਸਾਡੇ ਜ਼ਿਆਦਾਤਰ ਉਤਪਾਦ ਕਿਫਾਇਤੀ ਹਨ, ਵਿਦਿਆਰਥੀ ਸਾਡੇ ਮੁੱਖ ਗਾਹਕਾਂ ਵਿੱਚੋਂ ਇੱਕ ਹਨ। ਇਸ ਬਦਲਾਅ ਕਾਰਨ ਕਾਰੋਬਾਰ ਪ੍ਰਭਾਵਿਤ ਹੋਇਆ ਹੈ।

ਭਾਰਤੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਵਿੱਚ ਗਿਰਾਵਟ ਦੇ ਕਈ ਕਾਰਨ ਹਨ, ਇਨ੍ਹਾਂ ਵਿੱਚ ਵਿਗੜਦੇ ਕੂਟਨੀਤਕ ਸਬੰਧ, ਰੁਜ਼ਗਾਰ ਦੇ ਮੌਕਿਆਂ ਦੀ ਘਾਟ, ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਸ਼ਾਮਲ ਹਨ।

**ਰਹਿਣ-ਸਹਿਣ ਦਾ ਖਰਚਾ ਵਧਿਆ, ਪਾਰਟ ਟਾਈਮ ਨੌਕਰੀਆਂ ਕਾਫ਼ੀ ਨਹੀਂ**

ਕੈਨੇਡਾ ਵਿੱਚ 2021 ਵਿੱਚ ਮਹਿੰਗਾਈ ਦਰ 0.71% ਜੋ 2023 ਵਿੱਚ ਵੱਧ ਕੇ 6.8% ਹੋ ਗਿਆ ਹੈ। ਸਰਕਾਰ ਨੇ ਭਾਰਤੀ ਵਿਦਿਆਰਥੀਆਂ ’ਤੇ ਹਫ਼ਤੇ ਵਿੱਚ 24 ਘੰਟੇ ਕੰਮ ਕਰਨ ਦੀ ਸੀਮਾ ਲਗਾਈ ਹੈ। ਇਸ ਕਾਰਨ ਵਿਦਿਆਰਥੀਆਂ ਲਈ ਚੰਗੀ ਜੀਵਨ ਸ਼ੈਲੀ ਜਿਊਣਾ ਸੰਭਵ ਨਹੀਂ ਹੈ। ਕੈਨੇਡਾ ਵਿੱਚ ਰਿਹਾਇਸ਼ੀ ਸੰਕਟ ਕਾਰਨ ਇੱਕ ਮਕਾਨ ਕਿਰਾਏ ’ਤੇ ਦੇਣਾ ਤੇ ਇਸ ਨੂੰ ਲੈਣਾ ਵੀ ਹੁਣ ਸੌਖਾ ਨਹੀਂ ਹੈ।

**ਭਾਰਤੀ ਨੌਜਵਾਨਾਂ ਵਿੱਚ ਹੁਨਰ ਦੀ ਘਾਟ, ਨੌਕਰੀ ਦੇ ਮੌਕੇ ਘਟ ਰਹੇ**

ਕੈਨੇਡਾ ਵਿੱਚ ਨੌਕਰੀ ਦੀ ਮਾਰਕੀਟ ਵਿੱਚ ਗਿਰਾਵਟ ਭਾਰਤੀ ਵਿਦਿਆਰਥੀਆਂ ਲਈ ਹੋਰ ਸਮੱਸਿਆਵਾਂ ਪੈਦਾ ਕਰ ਰਹੀ ਹੈ। ਕੈਨੇਡਾ ਵਿੱਚ ਤਕਨੀਕੀ ਭਰਤੀ ਕਰਨ ਵਾਲੇ ਲਸ਼ਿਤ ਕਪੂਰ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀ 20 ਸਾਲਾਂ ਦੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਇਹ ਸਖ਼ਤ ਹੁਨਰ ਨਹੀਂ ਹੁੰਦੇ ਹਨ, ਜਿਸ ਨਾਲ ਉਨ੍ਹਾਂ ਦੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੋਰ ਘਟਦੀਆਂ ਹਨ। ਅਸਲ ਵਿੱਚ, ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 6.1% ਤੱਕ ਪਹੁੰਚ ਗਈ, ਜੋ ਕਿ 3 ਸਾਲਾਂ ਵਿੱਚ ਸਭ ਤੋਂ ਵੱਧ ਹੈ।ਅਪ੍ਰੈਲ 2024 ਵਿਚ 25 ਹਜ਼ਾਰ ਨੌਕਰੀਆਂ ਦਿੱਤੀਆਂ ਜਾਣੀਆਂ ਸਨ ਪਰ 2200 ਨੌਕਰੀਆਂ ਚਲੀਆਂ ਗਈਆਂ।

### ਕੈਨੇਡਾ ਨੇ ਅਮਰੀਕਾ ਦੇ ਐਚ -1ਬੀ ਵੀਜ਼ਾ ਧਾਰਕਾਂ ਲਈ ਵਰਕ ਪਰਮਿਟ ਨਿਯਮਾਂ ’ਚ ਦਿੱਤੀ ਢਿੱਲ

ਕੈਨੇਡਾ ਨੇ ਅਮਰੀਕਾ ਦੇ ਐਚ -1ਬੀ ਵੀਜ਼ਾ ਧਾਰਕਾਂ ਲਈ ਵਰਕ ਪਰਮਿਟ ਨਿਯਮਾਂ ਵਿੱਚ ਢਿੱਲ ਦਿੱਤੀ ਹੈ।ਕੈਨੇਡੀਅਨ ਸਰਕਾਰ ਦੇ ਇਸ ਕਦਮ ਨੂੰ ਆਈ.ਟੀ. ਦਾ ਪ੍ਰਮੁੱਖ ਸਥਾਨ ਬਣਾਉਣ ਦੇ ਉਦੇਸ਼ ਵਜੋਂ ਦੇਖਿਆ ਜਾ ਰਿਹਾ ਹੈ।ਕੈਨੇਡਾ ਦੇ ਵਰਕ ਪਰਮਿਟ ਨਿਯਮਾਂ ’ਚ ਦਿੱਤੀ ਢਿੱਲ ਨੇ ਇੱਕ ਚੋਟੀ ਦੇ ਆਈ.ਟੀ. ਸੈਕਟਰ ਵਜੋਂ ਇਸਦੀ ਸਥਿਤੀ ਨੂੰ ਵਧਾ ਦਿੱਤਾ ਹੈ। ਇਸ ਨੂੰ ਭਾਰਤੀਆਂ ਲਈ ਵੀ ਚੰਗੀ ਖ਼ਬਰ ਵਜੋਂ ਦੇਖਿਆ ਜਾ ਰਿਹਾ ਹੈ। ਐਚ-1ਬੀ ਵੀਜ਼ਾ ਰੱਖਣ ਵਾਲੇ ਭਾਰਤੀਆਂ ਨੂੰ ਵੀ ਵਰਕ ਪਰਮਿਟ ਨਿਯਮਾਂ ਵਿੱਚ ਢਿੱਲ ਦਾ ਲਾਭ ਮਿਲੇਗਾ। ਕੈਨੇਡਾ ਦੇ ਫੈਸਲੇ ਨਾਲ ਉੱਚ ਹੁਨਰਮੰਦ ਪੇਸ਼ੇਵਰਾਂ, ਖਾਸ ਤੌਰ ’ਤੇ ਆਈ.ਟੀ. ਨਾਲ ਸਬੰਧਤ ਪੇਸ਼ਿਆਂ ਵਿੱਚ, ਉੱਥੇ ਜਾਣਾ ਆਸਾਨ ਹੋ ਜਾਵੇਗਾ। ਇਹ ਗਲੋਬਲ ਟੈਲੇਂਟ ਪੂਲ ਵਿੱਚ ਆਪਣੀ ਪ੍ਰਤੀਯੋਗਿਤਾ ਨੂੰ ਬਰਕਰਾਰ ਰੱਖਣ ਲਈ ਕੈਨੇਡਾ ਦੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ।1.2% ਦੀ ਜੀਡੀਪੀ ਵਿਕਾਸ ਦਰ ਦੇ ਨਾਲ, ਕੈਨੇਡਾ ਆਈ.ਟੀ. ਪੇਸ਼ੇਵਰਾਂ ਲਈ ਬਹੁਤ ਸਾਰੇ ਮੌਕੇ ਪ੍ਰਦਾਨ ਕਰਦਾ ਹੈ। ਵਿੱਤੀ ਸਾਲ 2022-2023 ਵਿੱਚ 15,000 ਤੋਂ ਵੱਧ ਭਾਰਤੀ ਤਕਨੀਕੀ ਪੇਸ਼ੇਵਰ ਕੈਨੇਡਾ ਚਲੇ ਗਏ, ਜੋ ਕਿ ਤਕਨੀਕੀ ਪ੍ਰਤਿਭਾ ਲਈ ਇੱਕ ਵਿਸ਼ਵਵਿਆਪੀ ਕੇਂਦਰ ਵਜੋਂ ਦੇਸ਼ ਦੀ ਵਧ ਰਹੀ ਸਥਿਤੀ ਅਤੇ ਭਾਰਤੀ ਨਾਗਰਿਕਾਂ ਵਿੱਚ ਇਸਦੀ ਪ੍ਰਸਿੱਧੀ ਨੂੰ ਦਰਸਾਉਂਦਾ ਹੈ।

ਯੂ.ਐਸ. ਐਚ-1ਬੀ ਵੀਜ਼ਾ ਧਾਰਕਾਂ ਲਈ ਵਰਕ ਪਰਮਿਟ ਨਿਯਮਾਂ ਵਿੱਚ ਇਹ ਢਿੱਲ ਅਮਰੀਕਾ ਵਿੱਚ ਭਾਰਤੀ ਆਈ.ਟੀ. ਪੇਸ਼ੇਵਰਾਂ ਲਈ ਮਹੱਤਵਪੂਰਨ ਹੈ, ਕਿਉਂਕਿ ਇਹ ਉਹਨਾਂ ਨੂੰ ਸਥਿਰ ਰੁਜ਼ਗਾਰ ਦੇ ਮੌਕਿਆਂ ਦੇ ਨਾਲ ਇੱਕ ਨਵੇਂ ਬਾਜ਼ਾਰ ਵਿੱਚ ਆਪਣੇ ਹੁਨਰ ਦਾ ਲਾਭ ਉਠਾਉਣ ਲਈ ਇੱਕ ਵਿਕਲਪਕ ਰਸਤਾ ਪ੍ਰਦਾਨ ਕਰ ਸਕਦਾ ਹੈ। ਖਾਸ ਤੌਰ ’ਤੇ ਮੌਜੂਦਾ ਅਮਰੀਕੀ ਇਮੀਗ੍ਰੇਸ਼ਨ ਮਾਹੌਲ ਵਿੱਚ ਪਾਬੰਦੀਆਂ ਵਾਲੀਆਂ ਨੀਤੀਆਂ ਜਾਂ ਅਨਿਸ਼ਚਿਤ ਨੌਕਰੀ ਦੀ ਸੁਰੱਖਿਆ ਤੋਂ ਪ੍ਰਭਾਵਿਤ ਲੋਕਾਂ ਲਈ।

## ਆਖ਼ਰਕਾਰ ਕੈਨੇਡਾ ਦੀ ਪੜ੍ਹਾਈ ਦਾ ਮਿਆਰ ਕੀ ਹੈ?

ਟੋਰਾਂਟੋ ਵਿੱਚ ਲੰਬੇ ਸਮੇਂ ਤੋਂ ਪੱਤਰਕਾਰ ਵਜੋਂ ਕੰਮ ਕਰ ਰਹੇ ਜਸਵੀਰ ਸ਼ਮੀਲ ਆਖਦੇ ਹਨ ਕਿ ਪਿਛਲੇ ਦਸ ਸਾਲਾਂ ਤੋਂ ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀ ਖ਼ਾਸ ਤੌਰ ਉੱਤੇ ਭਾਰਤੀ ਵਿਦਿਆਰਥੀਆਂ ਦਾ ਗਿਣਤੀ ਵਿੱਚ ਵਾਧਾ ਹੋਇਆ ਹੈ। ਜਸਵੀਰ ਸ਼ਮੀਲ ਨੇ ਦੱਸਿਆ, “ਸਟੱਡੀ ਪਰਮਿਟ ਸਿਰਫ਼ ਕੈਨੇਡਾ ਆਉਣ ਦਾ ਇੱਕ ਤਰੀਕਾ ਹੈ।ਇੱਥੇ ਜ਼ਿਆਦਾਤਰ ਵਿਦਿਆਰਥੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਟਰੱਕ ਡਰਾਈਵਰ, ਟੈਕਸੀ ਚਲਾਉਣੀ, ਡਲਿਵਰੀ ਦਾ ਕੰਮ, ਹੋਟਲ ਵਿੱਚ ਕੰਮ ਕਰਨ ਲੱਗ ਜਾਂਦੇ ਹਨ।”

ਸ਼ਮੀਲ ਦੱਸਦੇ ਹਨ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਦਿਆਰਥੀ ਇੰਨ੍ਹਾਂ ਕੰਮਾਂ ਵਿੱਚ ਹੀ ਫਸ ਕੇ ਰਹਿ ਜਾਂਦੇ ਹਨ।

ਵਿਦਿਆਰਥੀਆਂ ਨੇ ਜਿਸ ਵਿਸ਼ੇ ਦੀ ਪੜ੍ਹਾਈ ਕੀਤੀ ਹੁੰਦੀ ਹੈ, ਉਸ ਵਿੱਚ ਨੌਕਰੀ ਹਾਸਲ ਕਰਨ ਵਾਲਿਆਂ ਦਾ ਨੰਬਰ ਬਹੁਤ ਘੱਟ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਕੈਨੇਡਾ ਵਿੱਚ ਹਾਲਾਤ ਬਹੁਤ ਖ਼ਰਾਬ ਹਨ। ਵਿਦਿਆਰਥੀਆਂ ਦੀ ਗੱਲ ਤਾਂ ਇੱਕ ਪਾਸੇ ਰਹੀ ਇੱਥੋਂ ਦੇ ਨਾਗਰਿਕਾਂ



ਨੂੰ ਨੌਕਰੀ ਨਹੀਂ ਮਿਲ ਰਹੀ ਹੈ। ਸ਼ਮੀਲ ਮੁਤਾਬਕ ਕੈਨੇਡਾ ਦੇ ਨਿੱਜੀ ਕਾਲਜ ਭਾਰਤੀ ਵਿਦਿਆਰਥੀਆਂ ਨਾਲ ਭਰੇ ਪਏ ਹਨ। ਕਈ ਕਾਲਜਾਂ ਵਿੱਚ ਤਾਂ 95 ਪ੍ਰਤੀਸ਼ਤ ਭਾਰਤੀ ਵਿਦਿਆਰਥੀ ਹੀ ਹਨ।

ਉਨ੍ਹਾਂ ਦੱਸਿਆ ਕਿ ਜਨਵਰੀ 2024 ਵਿੱਚ ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਉੱਤੇ ਕੁਝ ਸਖ਼ਤੀ ਕੀਤੀ ਜਿਸ ਮੁਤਾਬਕ ਕੈਨੇਡਾ ਸਰਕਾਰ ਨੇ ਦੋ ਸਾਲ ਦੇ ਲਈ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ 35 ਫੀਸਦ ਦੀ ਕਟੌਤੀ ਕੀਤੀ ਹੈ।

ਇਸ ਤੋਂ ਇਲਾਵਾ ਕੈਨੇਡਾ ਨੇ ਹੁਣ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਨੂੰ ਹੀ ਵੀਜ਼ਾ ਦੇਣ ਦਾ ਐਲਾਨ ਕੀਤਾ ਹੈ ਜੋ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨਗੇ।

ਹੇਠਲੇ ਪੱਧਰ ਦੇ ਕੋਰਸ ਕਰ ਰਹੇ ਵਿਦਿਆਰਥੀ ਸਪਾਊਜ਼ ਵੀਜ਼ੇ ਉੱਪਰ ਆਪਣੇ ਪਤੀ ਜਾਂ ਪਤਨੀ ਨੂੰ ਕੈਨੇਡਾ ਨਹੀਂ ਬੁਲਾ ਸਕਣਗੇ। ਕੈਨੇਡਾ ਨੇ ਇਹ ਕਦਮ ਉਥੇ ਘਰਾਂ ਦੀ ਸਮੱਸਿਆ ਕਾਰਨ ਪੈਦਾ ਹੋਏ ਹਾਲਤਾਂ ਕਾਰਨ ਚੁੱਕੇ ਹਨ।

ਕੈਨੇਡਾ ਸਰਕਾਰ ਦੇ ਅੰਕੜੇ ਦੱਸਦੇ ਹਨ ਕਿ ਇਸ ਸਮੇਂ ਪੂਰੇ ਕੈਨੇਡਾ ਵਿੱਚ 3 ਲੱਖ 45 ਹਜ਼ਾਰ ਮਕਾਨਾਂ ਦੀ ਕਮੀ ਹੈ।

ਨਤੀਜਾ ਵਿਦਿਆਰਥੀਆਂ ਨੂੰ ਬੈਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

## ਪੰਜਾਬੀ ਵੀ ਅੱਕੇ ਕੈਨੇਡਾ ਦੀ ਜ਼ਿੰਦਗੀ ਤੋਂ



ਪੰਜਾਬੀ ਵੀ ਕੈਨੇਡਾ ਦੀ ਜ਼ਿੰਦਗੀ ਤੋਂ ਅੱਕ ਚੁੱਕੇ ਹਨ। ਆਪਣੇ ਦੇਸ਼ ਦੇ ਰੁਪਇਆਂ ਨੂੰ ਡਾਲਰਾਂ ਨਾਲ ਗੁਣਾ ਕਰਕੇ ਨੌਜਵਾਨ ਮੁੰਡੇ ਅਤੇ ਕੁੜੀਆਂ ਚਾਅ ਚਾਅ ਵਿੱਚ ਆ ਤਾਂ ਜਾਂਦੇ ਹਨ ਪਰ ਜਦੋਂ ਆਪਣਿਆਂ ਤੋਂ ਦੂਰ ਰਹਿੰਦਿਆਂ ਬੀਮੇ, ਘਰਾਂ, ਗੱਡੀਆਂ ਅਤੇ ਹੋਰ ਸਮਾਨ ਦੀਆਂ ਕਿਸ਼ਤਾਂ ਉਤਾਰਦਿਆਂ ਉਨ੍ਹਾਂ ਦੀ ਜ਼ਿੰਦਗੀ ਕੋਹਲੂ ਦੇ ਬੈਲ ਵਾਂਗ ਬਣ ਜਾਂਦੀ ਹੈ ਤਾਂ ਮਨ ਵਿੱਚ ਇਹੋ ਵਲਵਲਾ ਉੱਠਦਾ ਹੈ ਕਿ ਕਿੱਥੇ ਆ ਕੇ ਫਸ ਗਏ ਹਾਂ, ਇਸਦੇ ਨਾਲੋਂ ਤਾਂ ਉੱਥੇ ਹੀ ਚੰਗੇ ਸੀ। ਘੱਟੋ ਘੱਟ ਕੋਈ ਦੁੱਖ ਸੁਖ ਸੁਣਨ ਵਾਲਾ ਤਾਂ ਸੀ ਉੱਥੇ, ਇੱਥੇ ਤਾਂ ਕੋਈ ਬੁਲਾਉਂਦਾ ਵੀ ਨਹੀਂ। ਪਾਰਕਾਂ, ਪਲਾਜ਼ਿਆਂ, ਸੈਰਗਾਹਾਂ ਤੇ ਜਨਤਕ ਥਾਵਾਂ ’ਤੇ ਘੁੰਮਦੇ ਲੋਕਾਂ ਦੇ ਉਦਾਸ ਅਤੇ ਉੱਤਰੇ ਹੋਏ ਚਿਹਰੇ ਉਨ੍ਹਾਂ ਦੀ ਮਨਾਂ ਦੀ ਦਾਸਤਾਂ ਬਿਆਨ ਕਰ ਰਹੇ ਹੁੰਦੇ ਹਨ ਪਰ ਇੱਕ ਦੂਜੇ ਨੂੰ ਵੇਖੋ ਵੇਖੀ ਜੀਅ ਰਹੇ ਹੁੰਦੇ ਹਨ।

ਪਾਰਕਾਂ ਵਿੱਚ ਅਤੇ ਹੋਰ ਥਾਵਾਂ ’ਤੇ ਬੈਠੇ ਬਜ਼ੁਰਗ ਪਤੀ ਪਤਨੀ ਅਤੇ ਨੌਜਵਾਨ ਪਤੀ ਪਤਨੀ ਉਸ ਥਾਂ ਦਾ ਆਨੰਦ ਘੱਟ ਮਾਣ ਰਹੇ ਹੁੰਦੇ ਹਨ, ਆਪਣੀਆਂ ਸਮੱਸਿਆਵਾਂ ਦੀ ਚਰਚਾ ਵੱਧ ਕਰ ਰਹੇ ਹੁੰਦੇ ਹਨ। ਪਾਰਕਾਂ ਵਿੱਚ ਬੱਚਿਆਂ ਨੂੰ ਖਿਡਾਉਣ ਆਏ ਬਜ਼ੁਰਗਾਂ ਅਤੇ ਪਤੀਆਂ ਪਤਨੀਆਂ ਦੇ ਕੰਨਾਂ ਤੋਂ ਫੋਨ ਨਹੀਂ ਉੱਤਰਦਾ ਕਿਉਂਕਿ ਉਹ ਆਪਣੇ ਰਿਸ਼ਤੇਦਾਰਾਂ ਕੋਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਰਹੇ ਹੁੰਦੇ ਹਨ। ਫੋਨ ਕਰਦੇ ਸਮੇਂ ਤਾਂ ਉਹ ਆਪਣੇ ਨਾਲ ਲਿਆਂਦੇ ਬੱਚਿਆਂ ਨੂੰ ਵੀ ਭੁੱਲ ਜਾਂਦੇ ਹਨ। ਪੱਛਮੀ ਦੇਸ਼ਾਂ ਵਿੱਚ ਬੇਰੋਜ਼ਗਾਰੀ ਦਾ ਸੰਤਾਪ ਭੋਗ ਰਹੇ, ਰੋਜ਼ਗਾਰ ਲੱਭ ਰਹੇ, ਬੇਸਮੈਂਟਾਂ ਵਿੱਚ ਜ਼ਿੰਦਗੀ ਗੁਜ਼ਾਰ ਰਹੇ, ਨਾ ਇੱਥੇ ਰਹਿਣ ਜੋਗੇ ਤੇ ਨਾ ਹੀ ਮੁੜ ਵਾਪਸ ਜਾਣ ਜੋਗੇ। ?

ਕੈਨੇਡਾ ਸਰਕਾਰ ਵੱਲੋਂ ਨਿੱਤ ਨਵੇਂ ਲਗਾਏ ਜਾ ਰਹੇ ਟੈਕਸਾਂ, ਤੇਜ਼ੀ ਨਾਲ ਵਧ ਰਹੀ ਮਹਿੰਗਾਈ, ਨੌਕਰੀ ਤੋਂ ਕੱਢੇ ਜਾਣ ਦਾ ਡਰ, ਜੁਰਮਾਂ, ਫ਼ਿਰੌਤੀਆਂ, ਚੋਰੀਆਂ, ਵਧ ਰਹੀਆਂ ਵਾਰਦਾਤਾਂ, ਖਾਮੀਆਂ ਭਰਪੂਰ ਕਾਨੂੰਨਾਂ ਅਤੇ ਮਾਲਕ ਮਕਾਨਾਂ ਅਤੇ ਕਿਰਾਏਦਾਰਾਂ ਦੇ ਵਧ ਰਹੇ ਝਗੜਿਆਂ ਨੇ ਪ੍ਰਵਾਸੀ ਲੋਕਾਂ ਦੇ ਮਨਾਂ ਵਿੱਚ ਇਸ ਪ੍ਰਵਾਸ ਦੀ ਜ਼ਿੰਦਗੀ ਪ੍ਰਤੀ ਅਕੇਵਾਂ ਪੈਦਾ ਕਰ ਦਿੱਤਾ ਹੈ। ਪੱਛਮੀ ਦੇਸ਼ਾਂ ਵਿੱਚ



ਪੜ੍ਹਨ ਆਏ ਬੱਚਿਆਂ ਦਾ ਨਸ਼ਿਆਂ ਵਿੱਚ ਗਲਤਾਨ ਹੋਣਾ, ਉਨ੍ਹਾਂ ਦੇ ਕਤਲ ਹੋਣਾ ਤੇ ਉਨ੍ਹਾਂ ਵੱਲੋਂ ਖੁਦਕੁਸ਼ੀਆਂ ਕਰਨਾ ਪ੍ਰਵਾਸ ਦੀ ਜ਼ਿੰਦਗੀ ਪ੍ਰਤੀ ਕਈ ਖਦਸ਼ੇ ਪੈਦਾ ਕਰ ਰਿਹਾ ਹੈ। ਸਿਹਤ ਸੇਵਾਵਾਂ ਦਾ ਮੰਦਾ ਹਾਲ, ਖਾਮੀਆਂ ਭਰਪੂਰ ਸਿੱਖਿਆ ਪ੍ਰਣਾਲੀ, ਪੱਛਮੀ ਸੱਭਿਆਚਾਰ ਵਿੱਚ ਫਸਕੇ ਬਾਗੀ ਹੁੰਦੇ ਜਾ ਰਹੇ ਬੱਚੇ ਕਮਜ਼ੋਰ ਕਾਨੂੰਨ, ਨਸ਼ਿਆਂ ਦਾ ਵਧ ਰਿਹਾ ਰੁਝਾਨ ਪ੍ਰਵਾਸ ਦੀ ਜ਼ਿੰਦਗੀ ਬਸਰ ਕਰ ਰਹੇ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਰਿਹਾ ਹੈ।

# ਟਰੂਡੋ ਦੇ ਕੈਨੇਡਾ ਦੀ ਸੱਤਾ ਤੋਂ 'ਬਾਹਰ' ਹੋਣ ਦਾ ਖ਼ਤਰਾ ਬਣਿਆ

## ਲੇਜ਼ਰ ਪੋਲ ਦੇ ਸਮੁੱਚੇ ਅੰਕੜਿਆਂ ਮੁਤਾਬਕ ਕੰਜ਼ਰਵੇਟਿਵ ਪਾਰਟੀ ਨੂੰ 41 ਫ਼ੀਸਦੀ ਸਮਰਥਨ ਹਾਸਲ

## ਕੀ ਜਗਮੀਤ ਸਿੰਘ ਸਮਰਥਨ ਵਾਪਸ ਲੈ ਲੈਣਗੇ?

## ਕੈਨੇਡਾ 'ਚ ਰਿਹਾਇਸ਼ੀ ਸੰਕਟ ਡੂੰਘਾ, ਭਾਰਤੀ ਵਾਪਸੀ ਦੀ ਤਿਆਰੀ ਵਿੱਚ





ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬੁਰੇ ਦਿਨ ਸ਼ੁਰੂ ਹੋਣ ਵਾਲੇ ਹਨ। ਇੱਕ ਤਾਜ਼ਾ ਸਰਵੇਖਣ ਅਨੁਸਾਰ ਟਰੂਡੋ ਦੀ ਲਿਬਰਲ ਪਾਰਟੀ ਵੋਟਰਾਂ ਦਾ ਭਰੋਸਾ ਗੁਆ ਰਹੀ ਹੈ। ਇੰਨਾ ਹੀ ਨਹੀਂ, ਲੋਕਾਂ ਦਾ ਟਰੂਡੋ ਦੇ ਅਹਿਮ ਸਹਿਯੋਗੀ, ਖ਼ਾਲਿਸਤਾਨ ਸਮਰਥਕ ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕ੍ਰੇਟਿਕ ਪਾਰਟੀ ਤੋਂ ਵੀ ਲੋਕਾਂ ਦਾ ਵਿਸ਼ਵਾਸ ਉੱਠ ਗਿਆ ਹੈ। ਇਸ ਨਾਲ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਟਰੂਡੋ ਦੀ ਲੀਡਰਸ਼ਿਪ ਬਾਰੇ ਸ਼ੰਕੇ ਖੜ੍ਹੇ ਹੋ ਰਹੇ ਹਨ। ਦੇਸ਼ ਵਿੱਚ ਕੋਵਿਡ ਮਹਾਂਮਾਰੀ, ਵਧਦੀ ਮਹਿੰਗਾਈ ਅਤੇ ਮਕਾਨਾਂ ਦੇ ਸੰਕਟ ਦੌਰਾਨ ਲਿਬਰਲ ਪਾਰਟੀ ਵੱਲੋਂ ਇਸ ਦਾ ਸਹੀ ਢੰਗ ਨਾਲ ਪ੍ਰਬੰਧ ਨਾ ਕਰਨ ਕਾਰਨ ਲੋਕਾਂ ਵਿੱਚ ਡੂੰਘਾ ਰੋਸ ਹੈ। ਕੈਨੇਡੀਅਨ ਇਸ ਗੱਲ ਤੋਂ ਵੀ ਨਾਰਾਜ਼ ਹਨ ਕਿ ਉਨ੍ਹਾਂ ਦੀ ਸਰਕਾਰ ਨੇ ਰੂਸ-ਯੂਕਰੇਨ ਯੁੱਧ ਅਤੇ ਗਾਜ਼ਾ ਪੱਟੀ 'ਤੇ ਇਜ਼ਰਾਈਲ ਦੇ ਹਮਲੇ ਵਿੱਚ ਮਜ਼ਬੂਤ ਸਟੈਂਡ ਨਹੀਂ ਲਿਆ। ਇਜ਼ਰਾਈਲ ਦਾ ਵਿਰੋਧ ਹੋਣਾ ਚਾਹੀਦਾ ਸੀ।

ਨੈਸ਼ਨਲ ਪੋਸਟ ਲਈ ਕਰਵਾਏ ਗਏ ਲੇਜਰ ਪੋਲਿੰਗ ਦੇ ਅਨੁਸਾਰ, ਜੇਕਰ ਅੱਜ ਕੋਈ ਚੋਣ ਹੁੰਦੀ ਹੈ, ਤਾਂ ਐਨ.ਡੀ.ਪੀ. ਸਮਰਥਨ ਵਿੱਚ ਇੱਕ ਪ੍ਰਤੀਸ਼ਤ ਅੰਕ ਤੱਕ ਗਿਰਾਵਟ ਆਵੇਗੀ ਜੋ 2021 ਦੀਆਂ ਸੰਘੀ ਚੋਣਾਂ ਦੌਰਾਨ 18 ਪ੍ਰਤੀਸ਼ਤ ਤੋਂ ਘਟ ਕੇ 17 ਪ੍ਰਤੀਸ਼ਤ ਰਹਿ ਜਾਵੇਗਾ। ਮਹੱਤਵਪੂਰਨ ਤੌਰ 'ਤੇ, ਸਰਵੇਖਣ ਕੀਤੇ ਗਏ ਜ਼ਿਆਦਾਤਰ ਲੋਕਾਂ ਨੇ ਮਹਿਸੂਸ ਕੀਤਾ ਕਿ ਐਨ.ਡੀ.ਪੀ. ਅਤੇ ਜਗਮੀਤ ਸਿੰਘ ਬਾਰੇ ਉਨ੍ਹਾਂ ਦੀ ਧਾਰਨਾ 'ਬਦਤਰ' ਹੋ ਗਈ ਹੈ, ਸਿਰਫ਼ 20 ਪ੍ਰਤੀਸ਼ਤ ਨੇ ਉਸਨੂੰ ਵਧੇਰੇ ਯੋਗ ਸਮਝਿਆ , ਜਦੋਂ ਕਿ ਪਹਿਲਾਂ ਇਹ 32 ਪ੍ਰਤੀਸ਼ਤ ਸੀ। ਇਸ ਦਾ ਮਤਲਬ ਜਗਮੀਤ ਸਿੰਘ ਦਾ ਲੋਕ ਸਮਰਥਨ ਘਟਿਆ ਹੈ।

ਟੋਰਾਂਟੋ-ਸੈਂਟ ਪੀ. ਵਿੱਚ ਜੂਨ ਦੇ ਫੈਡਰਲ ਜ਼ਿਮਨੀ ਚੋਣ ਦੌਰਾਨ ਐਨ.ਡੀ.ਪੀ. ਨੂੰ ਪਰੇਸ਼ਾਨੀ ਭਰੇ ਸੰਕੇਤਾਂ ਦਾ ਸਾਹਮਣਾ ਕਰਨਾ ਪਿਆ ਸੀ। ਪਾਲ ਦੀ ਅਗਵਾਈ ਹੇਠ, ਇਸਦਾ ਵੋਟ ਸ਼ੇਅਰ 17 ਪ੍ਰਤੀਸ਼ਤ ਤੋਂ ਘਟ ਕੇ 11 ਪ੍ਰਤੀਸ਼ਤ ਰਹਿ ਗਿਆ ਸੀ, ਜੋ ਕਿ ਟਰੂਡੋ ਦੀ ਪਾਰਟੀ ਲਈ ਇੱਕ ਘਾਤਕ ਨਤੀਜਾ ਹੈ, ਜਿਸ ਨੇ 1993 ਤੋਂ ਬਾਅਦ ਆਪਣੇ ਕੋਲ ਰੱਖੀ ਸੀਟ ਗੁਆ ਦਿੱਤੀ ਸੀ। ਜਗਮੀਤ ਸਿੰਘ ਨੇ ਅਕਤੂਬਰ 2017 ਵਿੱਚ ਐਨ.ਡੀ.ਪੀ. ਦੀ ਕਮਾਨ ਸੰਭਾਲੀ ਸੀ। ਉਸ ਦੀ ਅਗਵਾਈ ਤੋਂ ਪਹਿਲਾਂ, ਐਨ.ਡੀ.ਪੀ. ਕੋਲ ਹਾਊਸ ਆਫ਼ ਕਾਮਨਜ਼ ਵਿੱਚ 44 ਸੀਟਾਂ ਸਨ ਅਤੇ ਪਿਛਲੀਆਂ ਫੈਡਰਲ ਚੋਣਾਂ ਵਿੱਚ ਲਗਭਗ 20 ਪ੍ਰਤੀਸ਼ਤ ਵੋਟ ਸ਼ੇਅਰ ਸੀ। 2021 ਤੱਕ, ਇਹ ਗਿਣਤੀ ਕਾਫ਼ੀ ਘੱਟ ਗਈ ਸੀ। ਇਸ ਵਿੱਚ ਐਨ.ਡੀ.ਪੀ. ਨੇ 25 ਸੰਸਦ ਮੈਂਬਰਾਂ ਦੀ ਚੋਣ ਕੀਤੀ ਸੀ ਅਤੇ ਲਗਭਗ 18 ਪ੍ਰਤੀਸ਼ਤ ਵੋਟ ਸ਼ੇਅਰ ਹਾਸਲ ਕੀਤਾ ਸੀ।

ਜਗਮੀਤ ਸਿੰਘ ਨੇ ਪਿਛਲੇ ਹਫਤੇ ਕਿਹਾ ਸੀ ਕਿ ਅਸੀਂ ਇਸਨੂੰ ਇੱਕ ਸੰਦੇਸ਼ ਦੇ ਰੂਪ ਵਜੋਂ ਦੇਖਦੇ ਹਾਂ ਜੋ ਲੋਕ ਭੇਜ ਰਹੇ ਹਨ। ਉਹ ਟਰੂਡੋ ਤੋਂ ਨਿਰਾਸ਼ ਹਨ। ਪਰ ਜਗਮੀਤ ਸਿੰਘ ਇਸ ਬਾਰੇ ਚੁੱਪ ਹਨ ਕਿ ਕੀ ਉਹ ਟਰੂਡੋ ਦਾ ਸਮਰਥਨ ਕਰਨਾ ਜਾਰੀ ਰੱਖਣਗੇ,ਪਰ ਉਨ੍ਹਾਂ ਕਿਹਾ ਸੀ ਕਿ ਸਰਕਾਰ ਲਈ ਚੀਜ਼ਾਂ ਵਿਗੜ ਰਹੀਆਂ ਹਨ।

ਲੇਜਰ ਪੋਲ ਦੇ ਸਮੁੱਚੇ ਅੰਕੜਿਆਂ ਮੁਤਾਬਕ ਕੰਜ਼ਰਵੇਟਿਵ ਪਾਰਟੀ ਨੂੰ 41 ਫੀਸਦੀ ਸਮਰਥਨ ਹਾਸਲ ਹੈ, ਜੋ ਲਿਬਰਲਾਂ ਤੋਂ ਕਾਫੀ ਅੱਗੇ ਹੈ। ਲਿਬਰਲਾਂ ਨੂੰ ਸਿਰਫ 27 ਫੀਸਦੀ ਸਮਰਥਨ ਮਿਲਦਾ ਨਜ਼ਰ ਆ ਰਿਹਾ ਹੈ। ਜੇਕਰ ਹੁਣ ਚੋਣਾਂ ਹੁੰਦੀਆਂ ਤਾਂ ਕੰਜ਼ਰਵੇਟਿਵਾਂ ਨੂੰ 218 ਸੀਟਾਂ ਮਿਲ ਸਕਦੀਆਂ ਹਨ, ਜਦੋਂ ਕਿ ਟਰੂਡੋ ਦੀ ਲਿਬਰਲ ਪਾਰਟੀ, ਜੋ ਮੌਜੂਦਾ ਸਮੇਂ ਵਿੱਚ ਸੱਤਾ ਵਿੱਚ ਹੈ, ਸਿਰਫ਼ 67 ਸੀਟਾਂ ਹੀ ਹਾਸਲ ਕਰ ਸਕਦੀ ਸੀ। ਟਰੂਡੋ ਦੀ ਪਾਰਟੀ ਨੂੰ ਹਾਲ ਹੀ ਵਿੱਚ ਟੋਰਾਂਟੋ ਜ਼ਿਲ੍ਹੇ ਲਈ ਤਿੰਨ ਦਹਾਕਿਆਂ ਤੋਂ ਹੋਈਆਂ ਵਿਸ਼ੇਸ਼ ਚੋਣ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਵਿਰੋਧੀ ਧਿਰ ਦੇ ਕੰਜ਼ਰਵੇਟਿਵ ਉਮੀਦਵਾਰ ਡੌਨ ਸਟੀਵਰਟ ਨੇ ਟੋਰਾਂਟੋ-ਸੇਂਟ ਪੌਲ ਜ਼ਿਲ੍ਹੇ ਨੂੰ ਲਗਭਗ 600 ਵੋਟਾਂ ਨਾਲ ਜਿੱਤਿਆ, ਜੋ ਲਿਬਰਲ ਉਮੀਦਵਾਰ ਦੇ 40.5 ਫੀਸਦੀ ਤੋਂ 42.1 ਫੀਸਦੀ ਵੱਧ ਹੈ।


ਟਰੂਡੋ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪ੍ਰਵਾਸੀਆਂ ਦਾ ਕੈਨੇਡਾ ਵਿੱਚ ਰਹਿਣਾ ਮੁਸ਼ਕਿਲ ਹੋ ਗਿਆ ਹੈ। ਕੈਨੇਡਾ ਵਿੱਚ ਪ੍ਰਵਾਸੀਆਂ ਦੀ ਆਮਦ ਕਾਰਨ ਮਕਾਨਾਂ ਦੀ ਮੰਗ ਵਧੀ ਹੈ ਅਤੇ ਕੀਮਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਪਰ ਟਰੂਡੋ ਸਰਕਾਰ ਇਸ ਮਾਮਲੇ ਨੂੰ ਕੰਟਰੋਲ ਨਹੀਂ ਕਰ ਸਕੀ, ਜਿਸ ਕਰਕੇ ਕੈਨੇਡਾ ਦੀ ਜਨਤਾ ਟਰੂਡੋ ਸਰਕਾਰ ਤੋਂ ਨਰਾਜ਼ ਹੈ।

ਤਕਰੀਬਨ 4 ਕਰੋੜ ਦੀ ਆਬਾਦੀ ਵਾਲੇ ਕੈਨੇਡਾ ਵਿੱਚ ਇਸ ਸਮੇਂ 9 ਲੱਖ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਹਨ। ਭਾਰਤ ਤੋਂ ਵੀ ਵੱਡੀ ਗਿਣਤੀ ਲੋਕ ਪੜ੍ਹਾਈ ਅਤੇ ਰੁਜ਼ਗਾਰ ਲਈ ਕੈਨੇਡਾ ਜਾਂਦੇ ਹਨ। ਕੈਨੇਡਾ ਵਿੱਚ ਕੁੱਲ ਪ੍ਰਵਾਸੀ ਵਿਦਿਆਰਥੀਆਂ ਵਿੱਚ ਭਾਰਤ ਦੀ ਹਿੱਸੇਦਾਰੀ ਲਗਭਗ 37 ਫੀਸਦੀ ਹੈ। ਦੂਜੇ ਪਾਸੇ ਅਜੋਕੇ ਸਮੇਂ ਵਿੱਚ ਰੁਜ਼ਗਾਰ ਦੇ ਮੌਕੇ ਤੇਜ਼ੀ ਨਾਲ ਘਟੇ ਹਨ। ਇਸ ਨਾਲ ਇਸ ਕਾਰਨ ਬਹੁਤ ਸਾਰੇ ਭਾਰਤੀਆਂ ਨੇ ਆਪਣੇ ਦੇਸ਼ ਵਾਪਸ ਜਾਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਕੈਨੇਡਾ ਵਿੱਚ ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਦਾ ਪ੍ਰਵਾਸੀਆਂ 'ਤੇ ਬੁਰਾ ਅਸਰ ਪੈ ਰਿਹਾ ਹੈ।

2013 ਤੋਂ 2023 ਤੱਕ ਹਰ ਸਾਲ ਕੈਨੇਡਾ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ 326 ਫੀਸਦੀ (32,828 ਤੋਂ 139,715) ਦਾ ਵਾਧਾ ਹੋਇਆ ਹੈ, ਪਰ ਹੁਣ ਉੱਥੇ ਰਿਹਾਇਸ਼ੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਐਂਗਸ ਰੀਡ ਇੰਸਟੀਚਿਊਟ ਵੱਲੋਂ ਇਸ ਹਫਤੇ ਜਾਰੀ ਕੀਤੇ ਗਏ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਮਹਿੰਗਾਈ ਅਤੇ ਰਿਹਾਇਸ਼ੀ ਮੁੱਦਿਆਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ।

ਇਸ ਸਾਲ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ ਇਸ ਸੰਕਟ ਨੂੰ ਉਜਾਗਰ ਕਰਦੀ ਹੈ। ਇੱਕ ਰਿਪੋਰਟ ਮੁਤਾਬਕ 2023 ਵਿੱਚ 3,19,000 ਭਾਰਤੀ ਵਿਦਿਆਰਥੀ ਕੈਨੇਡਾ ਗਏ ਸਨ ਪਰ ਇਸ ਸਾਲ ਯਾਨੀ 2024 ਵਿੱਚ ਇਹ ਗਿਣਤੀ ਘਟੀ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਰੀਬ 35 ਫੀਸਦੀ ਘੱਟ ਵਿਦਿਆਰਥੀ ਕੈਨੇਡਾ ਜਾ ਰਹੇ ਹਨ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ


**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਕਦੋਂ ਬੰਦ ਹੋਵੇਗਾ ਨਕਲੀ ਦਵਾਈਆਂ ਦਾ ਕਾਲਾ ਧੰਦਾ ?




## ਮੌਤ ਦੇ ਸੌਦਾਗਰਾਂ ਦਾ 'ਪੱਕਾ ਇਲਾਜ' ਕਰਨ ਦੀ ਲੋੜ

## ਮਰੀਜ਼ਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਦੇ ਹਨ ਨਕਲੀ ਦਵਾਈਆਂ ਦੇ ਵਪਾਰੀ

ਅਜਿਹੇ ਸਮੇਂ ਜਦੋਂ ਭਾਰਤ ਦੇ ਦਵਾਈ ਉਦਯੋਗ ਨੂੰ ਵਿਸ਼ਵ ਦੀ 'ਨਵੀਂ ਫਾਰਮੇਸੀ' ਵਜੋਂ ਉਭਾਰਿਆ ਜਾ ਰਿਹਾ ਹੈ ਤਾਂ ਨਕਲੀ ਦਵਾਈਆਂ ਦਾ ਭੰਡਾਰ ਇੱਕ ਵਾਰ ਫਿਰ ਭਾਰਤੀ ਦਵਾਈਆਂ ਦੀ ਸਾਖ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਰਿਹਾ ਹੈ। ਐਸੋਚੈਮ ਦੀ ਇੱਕ ਰਿਪੋਰਟ ਮੁਤਾਬਿਕ ਭਾਰਤੀ ਬਾਜ਼ਾਰ ਵਿੱਚ 25 ਫੀਸਦੀ ਦਵਾਈਆਂ ਨਕਲੀ ਹਨ।ਨਕਲੀ ਦਵਾਈਆਂ ਦੀ ਵਰਤੋਂ ਕਾਰਨ ਦੁਨੀਆਂ ਭਰ ਵਿੱਚ ਹਰ ਸਾਲ 10 ਲੱਖ ਮੌਤਾਂ ਹੁੰਦੀਆਂ ਹਨ।

ਇਸ ਧਰਤੀ 'ਤੇ ਸਭ ਤੋਂ ਖ਼ੂਬਸੂਰਤ ਚੀਜ਼ ਜ਼ਿੰਦਗੀ ਹੈ ਅਤੇ ਜ਼ਿੰਦਗੀ ਵਿੱਚ ਉਮੀਦ ਅਤੇ ਭਰੋਸਾ ਜ਼ਰੂਰੀ ਹੈ। ਜੇਕਰ ਉਮੀਦ ਅਤੇ ਭਰੋਸਾ ਟੁੱਟ ਜਾਵੇ ਤਾਂ ਸਾਡੀ ਜ਼ਿੰਦਗੀ ਵਿੱਚ ਨਿਰਾਸ਼ਾ ਹੀ ਆਉਂਦੀ ਹੈ।ਜੋ ਦਵਾਈ ਬਿਮਾਰ ਲਈ ਜੀਵਨ ਬਚਾਉਣ ਵਾਲੀ ਦਵਾਈ ਹੈ, ਜੇ ਦਵਾਈ ਨਕਲੀ ਹੈ ਤਾਂ ਮਰੀਜ਼ ਲਈ ਜ਼ਹਿਰ ਵਾਂਗ ਹੈ। ਨਕਲੀ ਦਵਾਈ ਮਾਫੀਆ ਦਾ ਨੈੱਟਵਰਕ ਪੂਰੇ ਦੇਸ਼ ਵਿੱਚ ਕੈਂਸਰ ਵਾਂਗ ਫੈਲ ਰਿਹਾ ਹੈ।ਹਰ ਇੱਕ ਕੈਪਸੂਲ ਕੈਂਸਰ ਦੇ ਇਲਾਜ ਵਿੱਚ ਬਹੁਤ ਮਹੱਤਵਪੂਰਨ ਹੈ। ਅਜਿਹੇ 'ਚ ਜੇਕਰ ਕੈਂਸਰ ਵਰਗੀਆਂ ਬਿਮਾਰੀਆਂ ਲਈ ਨਕਲੀ ਦਵਾਈਆਂ ਬਾਜ਼ਾਰ 'ਚ ਉਪਲਬਧ ਹੋਣ ਤਾਂ ਜ਼ਰਾ ਸੋਚੋ ਕਿ





ਕੈਂਸਰ ਦੇ ਮਰੀਜ਼ਾਂ ਦਾ ਕੀ ਹਾਲ ਹੋਵੇਗਾ।ਇਹੋ ਹੀ ਹਾਲ ਹੋਰ ਬਿਮਾਰੀਆਂ ਨੂੰ ਠੀਕ ਕਰਨ ਵਾਲੀਆਂ ਦਵਾਈਆਂ ਦਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਭਾਰਤ ਵਿੱਚ ਨਕਲੀ ਦਵਾਈਆਂ ਦਾ ਕਾਲਾ ਧੰਦਾ ਲਗਾਤਾਰ ਚੱਲ ਰਿਹਾ ਹੈ। ਭਾਵੇਂ ਕਿ ਸਰਕਾਰ ਅਤੇ ਪੁਲਿਸ ਵੱਲੋਂ ਅਨੇਕਾਂ ਵਾਰ ਨਕਲੀ ਦਵਾਈਆਂ ਕਾਫੀ ਮਾਤਰਾ ਵਿੱਚ ਬਰਾਮਦ ਕੀਤੀਆਂ ਗਈਆਂ ਹਨ ਅਤੇ ਅਨੇਕਾਂ ਦੋਸ਼ੀ ਕਾਬੂ ਕੀਤੇ ਗਏ ਹਨ। ਛਾਪੇਮਾਰੀ ਵਿੱਚ ਕਈ ਪ੍ਰਸਿੱਧ ਭਾਰਤੀ ਅਤੇ ਵਿਦੇਸ਼ੀ ਦਵਾਈਆਂ ਦੀਆਂ ਕੰਪਨੀਆਂ ਦੀਆਂ ਨਕਲੀ ਦਵਾਈਆਂ ਬਰਾਮਦ ਹੋਈਆਂ ਹਨ। ਇਨ੍ਹਾਂ ਵਿੱਚ ਐਂਟੀ ਕੈਂਸਰ ਅਤੇ ਲਾਈਫ ਸਟਾਈਲ ਡਰੱਗਜ਼ ਵੀ ਸ਼ਾਮਲ ਹਨ।ਸਰਕਾਰ ਅਤੇ ਪੁਲਿਸ ਦੀ ਸਖ਼ਤੀ ਦੇ ਬਾਵਜੂਦ ਇਹ ਧੰਦਾ ਅਜੇ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ। ਨਕਲੀ ਦਵਾਈਆਂ ਵੇਚ ਕੇ ਮਾਫੀਆ ਮੁਨਾਫਾ ਕਮਾ ਰਿਹਾ ਹੈ ਪਰ ਮਰੀਜ਼ਾਂ ਦੀ ਜਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਨਕਲੀ ਦਵਾਈਆਂ ਦਾ ਇਹ ਮਸਲਾ ਸਿਰਫ਼ ਇੱਕ ਰਾਜ ਖੇਤਰ ਤੱਕ ਸੀਮਤ ਨਹੀਂ ਹੈ। ਤੇਲੰਗਾਨਾ ਸਰਕਾਰ ਨੇ ਮੇਘ ਲਾਈਫ ਸਾਇੰਸਜ਼ ਦੁਆਰਾ ਨਿਰਮਿਤ 33 ਲੱਖ ਰੁਪਏ ਤੋਂ ਵੱਧ ਦੀਆਂ ਤਿੰਨ ਦਵਾਈਆਂ ਦੀ ਜਾਂਚ ਕੀਤੀ ਤਾਂ ਇਹਨਾਂ ਵਿੱਚ ਦਵਾਈ ਦਾ ਕੋਈ ਅੰਸ਼ ਹੀ ਨਹੀਂ ਮਿਲਿਆ। ਰਾਜ ਦੇ ਡਰੱਗ ਕੰਟਰੋਲ ਪ੍ਰਸ਼ਾਸਨ ਅਨੁਸਾਰ ਤਿੰਨ ਨਕਲੀ ਦਵਾਈਆਂ ਵਿੱਚ ਸਿਰਫ ਚਾਕ ਪਾਊਡਰ ਅਤੇ ਸਟਾਰਚ ਮਿਲਾਇਆ ਗਿਆ ਸੀ। ਪਿਛਲੇ ਮਹੀਨੇ ਮਹਾਰਾਸ਼ਟਰ ਵਿੱਚ ਵੀ ਵੱਡੀ ਮਾਤਰਾ ਵਿੱਚ ਨਕਲੀ ਐਂਟੀਬਾਇਓਟਿਕਸ ਜ਼ਬਤ ਕੀਤੇ ਗਏ ਸਨ। ਭ੍ਰਿਸ਼ਟਾਚਾਰ ਦਾ ਸਹਾਰਾ ਲੈ ਕੇ ਅਜਿਹੀਆਂ ਕੰਪਨੀਆਂ ਸਰਕਾਰੀ ਹਸਪਤਾਲਾਂ ਵਿੱਚ ਵੀ ਨਕਲੀ ਦਵਾਈਆਂ ਸਪਲਾਈ ਕਰਨ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਪਿਛਲੇ ਸਾਲ ਭਾਰਤੀ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਗਈਆਂ ਕੁਝ ਦਵਾਈਆਂ ਦੀ ਗੁਣਵੱਤਾ ਨੂੰ ਲੈ ਕੇ ਸਵਾਲ ਉਠਾਏ ਗਏ ਸਨ। ਖਾਸ ਕਰਕੇ ਜ਼ੈਂਬੀਆ ਅਤੇ ਉਜ਼ਬੇਕਿਸਤਾਨ ਵਿੱਚ ਬੱਚਿਆਂ ਦੀ ਮੌਤ ਭਾਰਤ ਵਿੱਚ ਬਣੀ ਖੰਘ ਦੀ ਦਵਾਈ ਨਾਲ ਜੁੜੀ ਹੋਈ ਸੀ। ਵਿਸ਼ਵ ਸਿਹਤ ਸੰਗਠਨ ਨੇ ਆਪਣੀ ਰਿਪੋਰਟ 'ਚ ਕਿਹਾ ਸੀ ਕਿ ਭਾਰਤ 'ਚ ਬਣੀ ਖੰਘ ਦੀ ਦਵਾਈ ਡਾਇਥਾਈਲੀਨ ਗਲਾਈਕੋਲ ਅਤੇ ਐਥੀਲੀਨ ਗਲਾਈਕੋਲ ਮਨੁੱਖਾਂ ਲਈ ਜ਼ਹਿਰ ਵਾਂਗ ਹੈ। ਇਹੀ ਕਾਰਨ ਸੀ ਕਿ ਵਿੱਤੀ ਸਾਲ 2022-23 ਵਿੱਚ ਭਾਰਤ ਤੋਂ ਅਫਰੀਕੀ ਦੇਸ਼ਾਂ ਨੂੰ ਦਵਾਈਆਂ ਦੀ ਬਰਾਮਦ ਵਿੱਚ 5% ਦੀ ਕਮੀ ਆਈ ਹੈ। ਨਕਲੀ ਦਵਾਈਆਂ ਦੀ ਵਿਕਰੀ ਦਾ ਮਾਮਲਾ ਬਹੁਤ ਗੰਭੀਰ ਹੈ ਪਰ ਇਹ ਆਸਾਨੀ ਨਾਲ ਫੜਿਆ ਨਹੀਂ ਜਾਂਦਾ।

**(ਬਾਕੀ ਸਫ਼ਾ 30 'ਤੇ)**

## ਨਕਲੀ ਦਵਾਈਆਂ ਦੇ ਮੰਡੀਕਰਨ ਅਤੇ ਪ੍ਰਚਾਰ 'ਤੇ ਹੋਵੇਗੀ ਸਜ਼ਾ



ਦਵਾਈਆਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ, ਸਿਹਤ ਮੰਤਰਾਲੇ ਨੇ ਨਕਲੀ ਦਵਾਈਆਂ ਦੀ ਮਾਰਕੀਟਿੰਗ ਅਤੇ ਨਕਲੀ ਦਵਾਈਆਂ ਦਾ ਪ੍ਰਚਾਰ ਕਰਨ ਵਾਲੀਆਂ ਕੰਪਨੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਯੋਜਨਾ ਵੀ ਬਣਾਈ ਹੈ। ਹੁਣ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵਾਂਗ ਇਨ੍ਹਾਂ ਕੰਪਨੀਆਂ ਖ਼ਿਲਾਫ਼ ਡਰੱਗ ਰੈਗੂਲੇਟਰ ਦੀ ਉਲੰਘਣਾ ਕਰਨ 'ਤੇ ਕਾਰਵਾਈ ਕੀਤੀ ਜਾਵੇਗੀ।ਸਿਹਤ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਬੰਧ ਵਿੱਚ ਪ੍ਰਸਤਾਵ ਨੂੰ ਜਲਦੀ ਹੀ ਮਨਜ਼ੂਰੀ ਮਿਲ ਸਕਦੀ ਹੈ। ਇਸ ਅਨੁਸਾਰ ਜਿੱਥੇ ਨਕਲੀ ਦਵਾਈਆਂ ਪਾਈਆਂ ਜਾਂਦੀਆਂ ਹਨ ਜਾਂ ਦਵਾਈਆਂ ਦੀ ਗੁਣਵੱਤਾ ਨਾਲ ਸਮਝੌਤਾ ਹੁੰਦਾ ਹੈ, ਉੱਥੇ ਦਵਾਈਆਂ ਦਾ ਮੰਡੀਕਰਨ ਅਤੇ ਪ੍ਰਚਾਰ ਕਰਨ ਵਾਲੀਆਂ ਕੰਪਨੀਆਂ ਨੂੰ ਵੀ ਸਜ਼ਾ ਦਿੱਤੀ ਜਾਵੇਗੀ। ਮੌਜੂਦਾ ਨਿਯਮਾਂ ਦੇ ਤਹਿਤ, ਸਿਰਫ ਨਿਰਮਾਤਾਵਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਨਿਯਮਾਂ ਵਿੱਚ ਬਦਲਾਅ ਤੋਂ ਬਾਅਦ ਹੁਣ ਡਰੱਗਜ਼ ਐਂਡ ਕਾਸਮੈਟਿਕਸ ਐਕਟ ਵਿੱਚ ਸੋਧ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਕਾਨੂੰਨ ਦੀ ਉਲੰਘਣਾ ਲਈ ਡਰੱਗਜ਼ ਮਾਰਕੀਟਿੰਗ ਕੰਪਨੀਆਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ, ਤਾਂ ਜੋ ਨਿਰਮਾਣ ਅਤੇ ਮਾਰਕੀਟਿੰਗ ਕੰਪਨੀਆਂ ਦੋਵਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਅਧਿਕਾਰੀ ਨੇ ਕਿਹਾ ਕਿ ਡਰੱਗ ਰੈਗੂਲੇਟਰ (ਸੀ.ਡੀ.ਐਸ.ਸੀ.ਓ.) ਇਹ ਫੈਸਲਾ ਕਰੇਗਾ ਕਿ ਕੋਈ ਦਵਾਈ ਨਕਲੀ ਹੈ ਜਾਂ ਘੱਟ ਗੁਣਵੱਤਾ ਵਾਲੀ। ਨਵੇਂ ਕਾਨੂੰਨ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਦਵਾਈਆਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਹੋਵੇ।

**ਉਮਰ ਕੈਦ ਦੀ ਵਿਵਸਥਾ**

ਨਵੇਂ ਨਿਯਮਾਂ ਦੇ ਤਹਿਤ ਜੇਕਰ ਡਰੱਗ ਰੈਗੂਲੇਟਰ ਨੂੰ ਪਤਾ ਲੱਗਦਾ ਹੈ ਕਿ ਕਿਸੇ ਦਵਾਈ ਦੀ ਗੁਣਵੱਤਾ ਮਾਪਦੰਡਾਂ ਦੇ ਮੁਤਾਬਕ ਨਹੀਂ ਹੈ, ਤਾਂ ਉਸ ਮਾਮਲੇ 'ਚ 3 ਤੋਂ 5 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਤੋਂ ਇਲਾਵਾ ਨਕਲੀ ਦਵਾਈਆਂ ਪਾਏ ਜਾਣ 'ਤੇ ਸਬੰਧਿਤ ਕੇਸ ਵਿੱਚ ਉਮਰ ਕੈਦ ਦੀ ਤਜਵੀਜ਼ ਵੀ ਸ਼ਾਮਲ ਕੀਤੀ ਗਈ ਹੈ।

**ਸਰਕਾਰ ਵੱਲੋਂ ਪਹਿਲਕਦਮੀਆਂ :**

ਹੁਣ ਘਰੇਲੂ ਬਾਜ਼ਾਰ 'ਚ ਦਵਾਈਆਂ ਦੀ ਪੈਕਿੰਗ 'ਤੇ 14 ਅੰਕਾਂ ਦਾ ਵਿਲੱਖਣ ਕੋਡ ਪ੍ਰਿੰਟ ਕੀਤਾ ਜਾਵੇਗਾ। ਇਸ ਦੇ ਜ਼ਰੀਏ ਗਾਹਕ ਅਸਲੀ ਜਾਂ ਨਕਲੀ ਦਵਾਈ ਦੀ ਆਸਾਨੀ ਨਾਲ ਪਛਾਣ ਕਰ ਸਕਣਗੇ।

ਇਸ ਤਹਿਤ ਸਰਕਾਰ 300 ਦਵਾਈਆਂ ਦੇ ਬ੍ਰਾਂਡਾਂ ਅਤੇ ਉਨ੍ਹਾਂ ਦੇ ਖਰਚੇ ਦੇ ਪੈਟਰਨ ਦਾ ਡਾਟਾ ਬੈਂਕ ਬਣਾਏਗੀ। ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਟੀ ਸਾਰੀਆਂ ਦਵਾਈਆਂ ਦੀ ਕੀਮਤ ਤੈਅ ਕਰੇਗੀ, ਫਿਲਹਾਲ ਸਿਰਫ 24% ਦਵਾਈਆਂ ਹੀ ਕੰਟਰੋਲ 'ਚ ਹਨ। ਸਰਕਾਰ ਜਲਦੀ ਹੀ 300 ਡਰੱਗ ਬ੍ਰਾਂਡਾਂ ਦੀ ਪਛਾਣ ਕਰਨ ਲਈ ਕੋਡ ਜਾਰੀ ਕਰੇਗੀ।

## ਆਗਰਾ ਬਣਿਆ ਕਾਲੇ ਕਾਰੋਬਾਰ ਦਾ ਸਭ ਤੋਂ ਵੱਡਾ ਬਾਜ਼ਾਰ

### 10 ਸਾਲਾਂ 'ਚ 400 ਕਰੋੜ ਦੀਆਂ ਨਕਲੀ ਦਵਾਈਆਂ ਜ਼ਬਤ

ਮੀਡੀਆ ਰਿਪੋਰਟਾਂ ਅਨੁਸਾਰ ਆਗਰਾ 'ਚ 10 ਸਾਲਾਂ 'ਚ 400 ਕਰੋੜ ਰੁਪਏ ਦੀਆਂ ਨਕਲੀ ਦਵਾਈਆਂ ਫੜੀਆਂ ਗਈਆਂ ਹਨ, ਜਿਨ੍ਹਾਂ 'ਚ ਕਿਡਨੀ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦੀਆਂ ਦਵਾਈਆਂ ਵੀ ਸ਼ਾਮਲ ਹਨ। ਆਗਰਾ ਤੋਂ ਪੱਛਮੀ ਬੰਗਾਲ ਦੇ ਰਸਤੇ ਬੰਗਲਾਦੇਸ਼ ਨੂੰ ਨਕਲੀ ਦਵਾਈਆਂ ਦੀ ਸਪਲਾਈ ਕੀਤੀ ਜਾ ਰਹੀ ਹੈ।

ਆਗਰਾ ਵਿੱਚ ਪਿਛਲੇ 10 ਸਾਲਾਂ ਵਿੱਚ 400 ਕਰੋੜ ਰੁਪਏ ਦੀਆਂ ਨਕਲੀ ਦਵਾਈਆਂ ਬਰਾਮਦ ਹੋਈਆਂ ਹਨ। ਕੈਂਸਰ ਦੀਆਂ ਦਵਾਈਆਂ ਦੇ ਨਾਲ-ਨਾਲ ਕਿਡਨੀ, ਦਿਲ ਦੇ ਰੋਗ, ਸ਼ੂਗਰ, ਹੱਡੀਆਂ ਦੇ ਰੋਗ, ਖੰਘ ਅਤੇ ਬੁਖਾਰ ਦੀਆਂ ਨਕਲੀ ਦਵਾਈਆਂ ਵੀ ਇੱਥੇ ਮਿਲੀਆਂ ਹਨ। ਆਗਰਾ ਤੋਂ ਹੀ ਪੂਰਵਾਂਚਲ ਬਾਜ਼ਾਰ 'ਚ ਨਕਲੀ ਦਵਾਈਆਂ ਭੇਜਣ ਦੇ ਰੈਕੇਟ ਦਾ ਪਰਦਾਫਾਸ਼ ਹੋਇਆ ਹੈ।

ਆਗਰਾ ਤੋਂ ਪੱਛਮੀ ਬੰਗਾਲ ਦੇ ਰਸਤੇ ਬੰਗਲਾਦੇਸ਼ ਨੂੰ ਨਕਲੀ



ਦਵਾਈਆਂ ਦੀ ਸਪਲਾਈ ਕੀਤੀ ਜਾ ਰਹੀ ਹੈ। ਪੁਲਿਸ ਅਤੇ ਡਰੱਗ ਵਿਭਾਗ ਨੇ ਕਈ ਵਾਰ ਨਾਜਾਇਜ਼ ਕਾਰੋਬਾਰ 'ਤੇ ਛਾਪੇ ਮਾਰੇ। ਕਰੋੜਾਂ ਰੁਪਏ ਦੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ ਅਤੇ ਕੇਸ ਦਰਜ ਕੀਤੇ ਗਏ ਪਰ ਹਰ ਵਾਰ ਡਰੱਗ ਮਾਫੀਆ ਲੋਕਾਂ ਦੀਆਂ ਜਾਨਾਂ ਨਾਲ ਖੇਡ ਰਿਹਾ ਹੈ।ਆਗਰਾ ਵਿੱਚ ਖੰਘ ਦੀ ਦਵਾਈ, ਐਂਟੀਬਾਇਓਟਿਕਸ, ਕੈਂਸਰ, ਦਿਲ, ਗੁਰਦੇ, ਜਿਗਰ ਆਦਿ ਵਰਗੀਆਂ ਗੰਭੀਰ ਬਿਮਾਰੀਆਂ ਲਈ ਨਕਲੀ ਦਵਾਈਆਂ ਦਾ ਪਤਾ ਲੱਗਾ ਹੈ।ਇਹ ਰੈਕੇਟ ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਬੰਗਲਾਦੇਸ਼, ਦਿੱਲੀ, ਹਿਮਾਚਲ ਪ੍ਰਦੇਸ਼ ਸਮੇਤ 10 ਤੋਂ ਵੱਧ ਰਾਜਾਂ ਵਿੱਚ ਫੈਲਿਆ ਹੋਇਆ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਪਿਛਲੇ ਸਾਲ ਬਿਚਪੁਰੀ ਵਿੱਚ ਇੱਕ ਨਕਲੀ ਖੰਘ ਸੀਰਪ ਫੈਕਟਰੀ ਵਿੱਚੋਂ 6 ਕਰੋੜ ਰੁਪਏ ਤੋਂ ਵੱਧ ਦੀਆਂ ਦਵਾਈਆਂ ਬਰਾਮਦ ਹੋਈਆਂ ਸਨ।ਕੁਝ ਸਮਾਂ ਪਹਿਲਾਂ ਬਿਚਪੁਰੀ ਦੇ ਦੋ ਗੋਦਾਮਾਂ 'ਚੋਂ 50 ਲੱਖ ਰੁਪਏ ਦੀਆਂ ਦਵਾਈਆਂ ਬਰਾਮਦ ਹੋਈਆਂ, ਜਿਨ੍ਹਾਂ 'ਚੋਂ 36 'ਚੋਂ 19 ਸੈਂਪਲ ਟੈਸਟ 'ਚ ਫੇਲ ਹੋ ਗਏ। ਸਾਲ 2021 ਵਿੱਚ ਆਵਾਸ ਵਿਕਾਸ ਕਲੋਨੀ ਦੇ ਸੈਕਟਰ 12 ਵਿੱਚ ਚੱਲ ਰਹੀ ਇੱਕ ਫਰਮ ਰਾਜੌਰਾ ਡਿਸਟ੍ਰੀਬਿਊਟਰਜ਼ ਨੂੰ ਮਿਆਦ ਪੁੱਗ ਚੁੱਕੀਆਂ ਦਵਾਈਆਂ ਦੀ ਰੀਪੈਕਿੰਗ ਕਰਦੇ ਫੜਿਆ ਗਿਆ। 40 ਲੱਖ ਰੁਪਏ ਦੀਆਂ ਦਵਾਈਆਂ ਅਤੇ 1 ਕਰੋੜ ਰੁਪਏ ਦਾ ਸਾਮਾਨ ਵੀ ਜ਼ਬਤ ਕੀਤਾ ਗਿਆ ਹੈ। ਪਿਛਲੇ ਸਾਲ ਹੀ ਐੱਮ.ਐੱਚ. ਫਾਰਮਾ 'ਤੇ ਛਾਪੇਮਾਰੀ 'ਚ ਨਾਮੀ ਕੰਪਨੀਆਂ ਦੇ ਲੇਬਲ ਵਾਲੀਆਂ 5 ਲੱਖ ਰੁਪਏ ਦੀਆਂ ਦਵਾਈਆਂ ਮਿਲੀਆਂ ਸਨ। ਜਾਂਚ ਦੌਰਾਨ 14 ਦਵਾਈਆਂ ਨਕਲੀ ਪਾਈਆਂ ਗਈਆਂ।

**ਦਰਪਣ ਝੂਠ ਨਹੀਂ ਬੋਲਦਾ**

# ਅਕਾਲੀ ਦਲ ਦਾ ਸੰਕਟ ਸੁਖਬੀਰ ਬਾਦਲ ਲਈ ਬਣਿਆ ਵੱਡੀ ਚੁਣੌਤੀ

## ਕੀ ਅਕਾਲ ਤਖ਼ਤ ਸਾਹਿਬ ਇਸ ਬਾਰੇ ਕਰੇਗਾ ਇਨਸਾਫ਼ ?

## ਸੌਦਾ ਸਾਧ ਨੂੰ ਮੁਆਫ਼ ਕਰਨ ਪਿੱਛੇ ਕੀ ਦਲਜੀਤ ਸਿੰਘ ਚੀਮੇ ਦਾ ਰੋਲ ਸੀ ?

ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਗੰਭੀਰ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਹੈ। ਪਾਰਟੀ ਦੇ ਨੇਤਾ ਸੁਖਬੀਰ ਸਿੰਘ ਬਾਦਲ ਦੇ ਖ਼ਿਲਾਫ਼ ਕਈ ਸੀਨੀਅਰ ਆਗੂਆਂ ਨੇ ਮੋਰਚਾ ਖੋਲ੍ਹਿਆ ਹੈ। ਪਾਰਟੀ ਟੁੱਟਦੀ ਦਿਖਾਈ ਦੇ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਇਸ ਬਗ਼ਾਵਤ ਨੂੰ ਹਵਾ ਦੇਣ ਦਾ ਕੰਮ ਅਕਾਲੀ ਦਲ ਦੀ ਪੁਰਾਣੀ ਭਾਈਵਾਲ ਭਾਜਪਾ ਕਰ ਰਹੀ ਹੈ। ਸੁਖਦੇਵ ਸਿੰਘ ਢੀਂਡਸਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਜਿਹੇ ਵੱਡੇ ਆਗੂ ਅਕਾਲੀ ਦਲ ਵਿੱਚ ਬਗ਼ਾਵਤ ਦੀ ਅਗਵਾਈ ਕਰ ਰਹੇ ਹਨ। ਬਾਗੀ ਆਗੂਆਂ ਨੇ ਸਿੱਖਾਂ ਦੇ ਸਰਬਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ 'ਤੇ ਪੇਸ਼ ਹੋ ਕੇ ਪਾਰਟੀ ਆਗੂਆਂ ਵੱਲੋਂ ਕੀਤੀਆਂ ਭੁੱਲਾਂ ਬਖ਼ਸ਼ਾਉਣ ਲਈ ਮੁਆਫ਼ੀ ਪੱਤਰ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਡੇਰਾ ਸੱਚਾ ਸੌਦਾ ਮੁਖੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਕਲ ਕੀਤੀ ਸੀ ਪਰ ਬਾਦਲ ਸਰਕਾਰ ਨੇ ਉਸ ਨੂੰ ਮੁਆਫ਼ੀ ਦਿੱਤੀ। ਇਸੇ ਤਰ੍ਹਾਂ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਯਾਦ ਰਹੇ ਕਿ ਡੇਰਾ ਸੌਦਾ ਸਾਧ ਕਈ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ। ਸਾਲ 2007 ਵਿੱਚ ਉਸ ਦੀ ਇੱਕ ਤਸਵੀਰ ਸਾਹਮਣੇ ਆਈ ਸੀ। ਇਸ ਵਿੱਚ ਉਸਨੇ 10ਵੇਂ ਸਿੱਖ ਗੁਰੂ ਗੋਬਿੰਦ ਸਿੰਘ ਦੇ ਰੂਪ ਵਿੱਚ ਪਹਿਰਾਵਾ ਪਾਇਆ ਹੋਇਆ ਸੀ। ਸਿੱਖਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਸੀ। ਫਿਰ ਸਿੱਖਾਂ ਅਤੇ ਡੇਰਾ ਸੱਚਾ ਸੌਦਾ ਦੇ ਸਮਰਥਕਾਂ ਵਿਚਕਾਰ ਹਿੰਸਕ ਝੜਪਾਂ ਹੋਈਆਂ। ਇਸ ਦੌਰਾਨ ਕਈ ਸਿੱਖ ਜ਼ਖ਼ਮੀ ਹੋ ਗਏ ਅਤੇ ਇੱਕ ਸਿੱਖ ਦੀ ਜਾਨ ਵੀ ਚਲੀ ਗਈ ਸੀ।



ਹੁਣੇ ਜਿਹੇ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨਾਲ ਸਬੰਧਿਤ ਸੀਨੀਅਰ ਆਗੂਆਂ ਦੀ ਇੱਕ ਅਹਿਮ ਮੀਟਿੰਗ ਜਲੰਧਰ ਵਿਖੇ ਹੋਈ ਸੀ, ਜਿਸ ਵਿੱਚ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਗਗਨਦੀਪ ਸਿੰਘ ਬਰਨਾਲਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਬਲਦੇਵ ਸਿੰਘ ਮਾਨ, ਸਰਵਣ ਸਿੰਘ ਫਿਲੌਰ, ਜਸਟਿਸ ਨਿਰਮਲ ਸਿੰਘ, ਕਰਨੈਲ ਸਿੰਘ ਪੰਜੋਲੀ, ਸੁਖਵਿੰਦਰ ਸਿੰਘ ਔਲਖ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਬੀਬੀ ਪਰਮਜੀਤ ਕੌਰ ਲਾਂਡਰਾਂ, ਸਤਵਿੰਦਰ ਸਿੰਘ ਟੌਹੜਾ ਆਦਿ ਆਗੂ ਸ਼ਾਮਲ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨੇ ਦੋਸ਼ ਲਾਇਆ ਹੈ ਕਿ ਡੇਰਾ ਮੁਖੀ ਰਾਮ ਰਹੀਮ ਨੂੰ ਮੁਆਫ਼ੀ ਦਿਵਾਉਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਡਾ: ਦਲਜੀਤ ਸਿੰਘ ਸ਼ਾਮਲ ਸਨ। ਡਾਕਟਰ ਚੀਮਾ ਨੇ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਹੀ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਵਿੱਚ ਅਹਿਮ ਰੋਲ ਨਿਭਾਇਆ ਸੀ। ਜਸਟਿਸ ਰਣਜੀਤ ਸਿੰਘ ਦੀ ਕਿਤਾਬ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਸਿੰਘ ਸਾਹਿਬਾਨ ਨੂੰ ਚੰਡੀਗੜ੍ਹ ਬੁਲਾ ਕੇ ਦਬਾਅ ਪਾਇਆ ਗਿਆ ਸੀ। ਇਸ ਤੋਂ ਬਾਅਦ ਡੇਰਾ ਮੁਖੀ ਨੂੰ ਮੁਆਫੀ ਦਿੱਤੀ ਗਈ ਸੀ। ਨਾਲ ਹੀ ਸਿੱਖ ਪਰੰਪਰਾਵਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ । ਅਕਾਲ ਤਖਤ ਸਾਹਿਬ ਦੀ ਥਾਂ ਚੰਡੀਗੜ੍ਹ ਨੂੰ ਮੁੱਖ ਸਥਾਨ ਬਣਾ ਦਿੱਤਾ ਗਿਆ। ਸਿੱਖ ਪੰਥ ਦੀ ਸਦੀਆਂ ਤੋਂ ਚਲੀ ਆ ਰਹੀ ਮਹਾਨ ਪਰੰਪਰਾ ਨੂੰ ਢਾਹ ਲਗਾਈ ਗਈ। ਬੀਬੀ ਜਾਗੀਰ ਕੌਰ, ਜਥੇਦਾਰ ਵਡਾਲਾ ਨੂੰ ਇਹ ਵੀ ਭੇਦ ਖੋਲਣਾ ਚਾਹੀਦਾ ਸੀ ਕਿ ਉਸ ਸਮੇਂ ਬਲਵਿੰਦਰ ਸਿੰਘ ਭੂੰਦੜ, ਤਿਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਤੇ ਅਕਾਲੀ ਦਲ ਦੇ ਸਲਾਹਕਾਰ ਹਰਚਰਨ ਬੈਂਸ ਦਾ ਕੀ ਰੋਲ ਸੀ? ਉਸ ਸਮੇਂ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮੀਡੀਆ ਵਿੱਚ ਕਿਹਾ ਸੀ ਕਿ ਸੱਚ ਦੇ ਤਖਤ ਉਪਰ ਕੂੜ ਦੇ ਫੈਸਲੇ ਨਹੀਂ ਹੁੰਦੇ। ਬਲਾਤਕਾਰੀ ਬਾਬੇ ਨੂੰ ਮਾਫ ਕਿਵੇਂ ਕੀਤਾ ਜਾ ਸਕਦਾ ਹੈ?

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਨੇ ਕਿਹਾ ਸੀ ਕਿ ਅਸੀਂ ਇਸ ਫੈਸਲੇ ਦਾ ਵਿਰੋਧ ਕਰਦੇ ਹਾਂ। ਦਲਜੀਤ ਸਿੰਘ ਚੀਮਾ ਨੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੂੰ ਮੋਬਾਈਲ ਉਪਰ ਪੱਤਰ ਭੇਜਿਆ, ਦਸੋ ਇਸ ਵਿੱਚ ਗਲਤ ਕੀ ਹੈ? ਉਸ ਲੈਟਰ ਉੱਪਰ ਸੌਦਾ ਸਾਧ ਦੇ ਸਾਈਨ ਨਹੀਂ ਸਨ। ਪੱਤਰ ਵਿੱਚ ਮਾਫੀ ਦਾ ਕੋਈ ਜ਼ਿਕਰ ਨਹੀਂ ਸੀ। ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਚੀਮਾ ਨੂੰ ਫੋਨ ਉਪਰ ਕਿਹਾ ਕਿ ਮਾਫੀ ਦੇ ਕੇ ਤੁਸੀਂ ਕਟਹਿਰੇ ਵਿੱਚ ਖੜੇ ਹੋਵੋਗੇ? ਅਕਾਲੀ ਦਲ ਨੂੰ ਵੀ ਢਾਹ ਲਗੇਗੀ। ਖ਼ਾਲਸਾ ਦੱਸਦੇ ਹਨ ਕਿ ਡਾਕਟਰ ਚੀਮਾ ਵਲੋਂ ਮੈਨੂੰ ਸਖਤੀ ਨਾਲ ਕਿਹਾ ਗਿਆ ਕਿ ਅਕਾਲੀ ਦਲ ਖ਼ਿਲਾਫ਼ ਬਿਆਨ ਦੇਣੇ ਬੰਦ ਕਰੋ। ਦੂਸਰੇ ਦਿਨ ਜਥੇਦਾਰ ਖ਼ਾਲਸਾ ਦੇ ਘਰ ਪੁਲਿਸ ਭੇਜ ਦਿਤੀ ਤਾਂ ਜੋ ਸੌਦਾ ਸਾਧ ਦਾ ਵਿਰੋਧ ਖਤਮ ਕੀਤਾ ਜਾ ਸਕੇ। ਜਥੇਦਾਰ ਖ਼ਾਲਸਾ ਨੇ ਦਸਿਆ ਕਿ ਉਹ ਦੋ ਹਫਤੇ ਰੂਪੋਸ਼ ਰਹੇ।

ਯਾਦ ਰਹੇ ਕਿ ਮੁਆਫੀਨਾਮੇ ਵਿੱਚ ਸੌਦਾ ਸਾਧ ਨੇ ਇਹ ਵੀ ਲਿਖਿਆ ਸੀ ਕਿ ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਅੰਜਾਮ ਨਹੀਂ ਦਿੱਤਾ ਅਤੇ ਭਵਿੱਖ ਵਿੱਚ ਅਜਿਹਾ ਕਰਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਇਸ ਤੋਂ ਬਾਅਦ ਉਸ ਨੂੰ ਮੁਆਫ ਕਰ ਦਿੱਤਾ ਗਿਆ ਸੀ ਪਰ ਇਸ ਦਾ ਸਿੱਖ ਪੰਥ ਵੱਲੋਂ ਡੱਟ ਕੇ ਵਿਰੋਧ ਹੋਇਆ। ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕੀਤਾ ਸੀ।

ਸਪਸ਼ਟ ਹੈ ਕਿ ਅਕਾਲੀ ਦਲ ਦੀ ਬਰਬਾਦੀ ਦਾ ਕਾਰਨ ਡਾਕਟਰ ਦਲਜੀਤ ਸਿੰਘ ਚੀਮਾ ਹੈ। ਅਜੇ ਹੋਰ ਭੇਦ ਖੁਲਣੇ ਹਨ। ਭਾਵੇਂ ਚੀਮਾ ਇਹ ਕਹਿੰਦੇ ਰਹੇ ਹਨ ਕਿ ਬੇਅਦਬੀ ਪਿਛੇ ਬਾਦਲ ਦਲ ਦੇ ਆਗੂਆਂ ਦਾ ਹੱਥ ਨਹੀਂ।

ਸੁਆਲ ਅਕਾਲ ਤਖਤ ਸਾਹਿਬ ਅੱਗੇ ਖੜਾ ਹੈ ਕਿ ਜਥੇਦਾਰ ਉੱਪਰ ਉਸ ਸਮੇਂ ਦਬਾਅ ਕਿਸ ਦਾ ਸੀ? ਕੀ ਜਥੇਦਾਰ ਅਕਾਲ ਤਖਤ ਸਾਹਿਬ ਇਸ ਬਾਰੇ ਇਨਸਾਫ਼ ਕਰਾਉਣਗੇ? ਜੋ ਬਾਗੀ ਅਕਾਲੀਆਂ ਨੇ ਅਕਾਲ ਤਖਤ ਸਾਹਿਬ ਅੱਗੇ ਬੇਅਦਬੀਆਂ, ਸੌਦਾ ਸਾਧ ਬਾਰੇ ਦੋਸ਼ ਪੱਤਰ ਪੇਸ਼ ਕੀਤਾ ਹੈ, ਉਸ ਬਾਰੇ ਜਥੇਦਾਰ ਅਕਾਲ ਤਖਤ ਫੈਸਲਾ ਕਰਨਗੇ? ਕੀ ਉਹ ਇਨ੍ਹਾਂ ਦੋਸ਼ੀਆਂ ਨੂੰ ਕਹਿ ਸਕਣਗੇ ਅਕਾਲੀ ਦਲ ਛੱਡ ਜਾਵੋ ਇਹ ਪੰਥ ਦੀ ਪਾਵਨ ਜਮਾਤ ਹੈ।

ਸੱਚਾਈ ਇਹ ਵੀ ਹੈ ਕਿ ਲਗਾਤਾਰ ਦੋ ਚੋਣਾਂ ਵਿੱਚ ਪਾਰਟੀ ਦਾ ਪ੍ਰਦਰਸ਼ਨ ਬਹੁਤ ਖ਼ਰਾਬ ਰਿਹਾ ਹੈ। ਇਸ ਨਾਲ ਵੀ ਸੁਖਬੀਰ ਸਿੰਘ ਬਾਦਲ ਬਚਾਓ ਦੀ ਸਥਿਤੀ ਵਿੱਚ ਹਨ। ਅਕਾਲੀ ਦਲ ਵਿੱਚ ਟੁੱਟ-ਭੱਜ ਕਾਰਨ ਅੰਮ੍ਰਿਤਪਾਲ ਸਿੰਘ ਦਾ ਉਭਾਰ ਹੋ ਰਿਹਾ ਹੈ। ਇਸ ਕਰਕੇ ਕੇਂਦਰ ਚਿੰਤਾ ਵਿੱਚ ਹੈ। ਅੰਮ੍ਰਿਤ ਪਾਲ ਸਿੰਘ ਦੇ ਸਮਰਥਕ ਇਹ ਕਹਿ ਰਹੇ ਹਨ ਕਿ ਇਸ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨਹੀਂ ਹੋ ਰਹੀ। ਪਰ ਅਕਾਲੀ ਦਲ ਦਾ ਕਮਜ਼ੋਰ ਹੋਣਾ ਪੰਜਾਬ ਤੇ ਸਿੱਖ ਪੰਥ ਲਈ ਖਤਰਨਾਕ ਹੈ। ਸੋ ਅਕਾਲੀ ਦਲ ਨੂੰ ਇਮਾਨਦਾਰ ਤੇ ਅਣਖੀ ਨਵੇਂ ਚਿਹਰੇ, ਨਵੀਂ ਲੀਡਰਸ਼ਿਪ, ਪੰਥਕ ਤੇ ਪੰਜਾਬ ਏਜੰਡੇ ਦੀ ਲੋੜ ਹੈ।

## ਬਸਪਾ ਦੀ ਸੁਪਰੀਮੋ ਮਾਇਆਵਤੀ ਦੇ ਸਾਹਮਣੇ ਰਾਜਨੀਤਕ ਹੋਂਦ ਦਾ ਸੰਕਟ ਖੜ੍ਹਾ ਹੋਇਆ

### ਸਾਰੇ ਰਾਜਾਂ 'ਚੋਂ ਖੇਤਰੀ ਪਾਰਟੀ ਦਾ ਦਰਜਾ ਗੁਆਇਆ



ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦੇ ਸਾਹਮਣੇ ਰਾਜਨੀਤਕ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਉਨ੍ਹਾਂ ਦੀ ਪਾਰਟੀ ਨੂੰ ਇਸ ਵਾਰ ਇੱਕ ਵੀ ਲੋਕ ਸਭਾ ਸੀਟ ਨਹੀਂ ਮਿਲੀ ਹੈ। ਉੱਤਰ ਪ੍ਰਦੇਸ਼ ਦੀ ਵਿਧਾਨ ਸਭਾ 'ਚ ਵੀ ਉਨ੍ਹਾਂ ਦਾ ਸਿਰਫ਼ ਇੱਕ ਵਿਧਾਇਕ ਹੈ। ਲੋਕ ਸਭਾ 'ਚ ਉੱਤਰ ਪ੍ਰਦੇਸ਼ 'ਚ ਬਸਪਾ ਨੂੰ 10 ਫ਼ੀਸਦੀ ਤੋਂ ਘੱਟ ਵੋਟਾਂ ਮਿਲੀਆਂ ਹਨ ਅਤੇ ਵਿਧਾਨ ਸਭਾ ਚੋਣਾਂ 'ਚ ਵੀ ਉਸ ਦਾ ਵੋਟ ਫ਼ੀਸਦੀ 12.88 ਫ਼ੀਸਦ ਰਹਿ ਗਿਆ।

ਇਸ ਦੌਰਾਨ ਉੱਤਰ ਪ੍ਰਦੇਸ਼ 'ਚ ਚੰਦਰਸ਼ੇਖਰ ਆਜ਼ਾਦ ਦੇ ਰੂਪ 'ਚ ਇਕ ਵੱਡੀ ਚੁਣੌਤੀ ਉੱਭਰ ਕੇ ਸਾਹਮਣੇ ਆ ਗਈ ਹੈ। ਹੁਣ ਨਵਾਂ ਸੰਕਟ ਬਸਪਾ ਦੇ ਕੌਮੀ ਪਾਰਟੀ ਦੇ ਦਰਜੇ 'ਤੇ ਮੰਡਰਾ ਰਿਹਾ ਹੈ। ਕਿਸੇ ਵੀ ਦਲ ਦੇ ਕੌਮੀ ਪਾਰਟੀ ਦੇ ਹੋਣ ਲਈ ਜੋ ਤਿੰਨ ਸ਼ਰਤਾਂ ਹਨ, ਉਨ੍ਹਾਂ 'ਚ ਉਨ੍ਹਾਂ ਦੀ ਪਾਰਟੀ ਕੋਈ ਵੀ ਸ਼ਰਤ ਪੂਰੀ ਨਹੀਂ ਕਰ ਰਹੀ ਹੈ। ਅਜੇ ਭਾਜਪਾ, ਕਾਂਗਰਸ, ਸੀ.ਪੀ.ਐਮ., ਆਮ ਆਦਮੀ ਪਾਰਟੀ, ਐਨ.ਪੀ.ਪੀ. ਅਤੇ ਬਸਪਾ ਨੂੰ ਕੌਮੀ ਪਾਰਟੀ ਦਾ ਦਰਜਾ ਹਾਸਿਲ ਹੈ। ਕੌਮੀ ਪਾਰਟੀ ਹੋਣ ਦੀ ਪਹਿਲੀ ਸ਼ਰਤ ਹੈ ਕਿ ਉਸ ਨੂੰ ਪੂਰੇ ਦੇਸ਼ 'ਚ ਕੌਮੀ ਪੱਧਰ 'ਤੇ 6 ਫ਼ੀਸਦੀ ਵੋਟਾਂ ਮਿਲਣ ਪਰ ਬਸਪਾ ਨੂੰ ਸਿਰਫ਼ 2.04 ਫ਼ੀਸਦੀ ਵੋਟਾਂ ਮਿਲੀਆਂ ਹਨ। ਦੂਜੀ ਸ਼ਰਤ ਹੈ ਕਿ ਘੱਟ ਤੋਂ ਘੱਟ ਤਿੰਨ ਰਾਜਾਂ 'ਚ ਚਾਰ ਸੰਸਦ ਮੈਂਬਰ ਜਿੱਤਣ ਪਰ ਬਸਪਾ ਦਾ ਇੱਕ ਵੀ ਸੰਸਦ ਮੈਂਬਰ ਨਹੀਂ ਹੈ। ਤੀਜੀ ਸ਼ਰਤ ਹੈ ਕਿ ਤਿੰਨ ਰਾਜਾਂ 'ਚ ਖੇਤਰੀ ਪਾਰਟੀ ਦਾ ਦਰਜਾ ਮਿਲੇ ਪਰ ਬਸਪਾ ਨੂੰ ਸਿਰਫ਼ ਉੱਤਰ ਪ੍ਰਦੇਸ਼ 'ਚ ਹੀ ਖੇਤਰੀ ਪਾਰਟੀ ਦਾ ਦਰਜਾ ਹੈ। ਪਹਿਲਾਂ ਕਈ ਰਾਜਾਂ 'ਚ ਬਸਪਾ ਦਾ ਆਧਾਰ ਸੀ ਅਤੇ ਉਸ ਨੂੰ ਖੇਤਰੀ ਪਾਰਟੀ ਦਾ ਦਰਜਾ ਮਿਲਿਆ ਹੋਇਆ ਸੀ, ਪਰ ਪਿਛਲੇ ਪੰਜ ਸਾਲ 'ਚ ਉਸ ਨੇ ਸਾਰੇ ਰਾਜਾਂ 'ਚ ਇਹ ਦਰਜਾ ਗੁਆ ਦਿੱਤਾ ਹੈ।

## ਚੀਨ ਨਾਲ ਸਰਹੱਦੀ ਰੇੜਕਾ ਖ਼ਤਮ ਕਰਨ 'ਚ ਕਿਉਂ ਰੁਝਿਆ ਭਾਰਤ ?

### ਚੀਨ ਨਾਲ ਮੀਟਿੰਗ ਕਰਕੇ ਭਾਰਤ ਨੇ ਅਮਰੀਕਾ ਨੂੰ ਦਿੱਤੀ ਚੁਣੌਤੀ

ਬੀਤੀ ਦਿਨੀਂ ਭਾਰਤ ਅਤੇ ਚੀਨ ਨੇ ਪੂਰਬੀ ਲੱਦਾਖ ਵਿੱਚ ਬਕਾਇਆ ਪਏ ਮੁੱਦਿਆਂ ਦੇ ਫੌਰੀ ਹੱਲ ਲਈ ਕੋਸ਼ਿਸ਼ਾਂ ਦੁੱਗਣੀਆਂ ਕਰਨ ਦਾ ਅਹਿਦ ਲਿਆ ਸੀ। ਦੋਵੇਂ ਮੁਲਕਾਂ ਨੇ ਆਪਸੀ ਸਬੰਧਾਂ ਨੂੰ ਸਥਿਰ ਕਰਨ ਅਤੇ ਨਵੇਂ ਸਿਰੇ ਤੋਂ ਅਗਾਂਹ ਵਧਣ ਬਾਰੇ ਵੀ ਗੱਲਬਾਤ ਕੀਤੀ ਸੀ। ਉੱਝ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਆਪਣੇ ਚੀਨੀ ਹਮਰੁਤਬਾ ਵਾਂਗ ਯੀ ਨਾਲ ਮੀਟਿੰਗ ਦੌਰਾਨ ਸਪੱਸ਼ਟ ਕੀਤਾ ਸੀ ਕਿ ਅਸਲ ਕੰਟਰੋਲ ਰੇਖਾ (ਐੱਲਏਸੀ) ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਜੈਸ਼ੰਕਰ ਅਤੇ ਵਾਂਗ ਵਿਚਕਾਰ ਗੱਲਬਾਤ ਉਸ ਸਮੇਂ ਹੋਈ ਹੈ ਜਦੋਂ ਪੂਰਬੀ ਲੱਦਾਖ 'ਚ ਸਰਹੱਦੀ ਵਿਵਾਦ ਨੂੰ ਪੰਜ ਸਾਲ ਹੋ ਗਏ ਹਨ।

ਸਮਝਿਆ ਜਾਂਦਾ ਹੈ ਕਿ ਅਮਰੀਕਾ ਵੱਲੋਂ ਖ਼ਾਲਿਸਤਾਨੀ ਪੰਨੂੰ ਦੇ ਕਤਲ ਦੀ ਸਾਜਿਸ਼ ਰਚਨ ਕਾਰਣ ਭਾਰਤ ਨੂੰ ਘੇਰਿਆ ਹੋਇਆ ਹੈ, ਜਿਸ ਕਰਕੇ ਭਾਰਤ ਨੇ ਚੀਨ ਨਾਲ ਨੇੜਤਾ ਦਿਖਾਉਣ ਦੀ ਅਮਰੀਕਾ ਨੂੰ ਕੋਸ਼ਿਸ਼ ਕੀਤੀ। ਕੌਮਾਂਤਰੀ ਸਿਆਸੀ ਮਾਹਿਰ ਅਜਿਹਾ ਸੋਚ ਰਹੇ ਹਨ।



ਸਮਝਿਆ ਜਾ ਰਿਹਾ ਹੈ ਕਿ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ. ਜੈਸ਼ੰਕਰ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਵੈਂਗ ਯੀ ਨੇ ਦੋਵਾਂ ਦੇਸ਼ਾਂ ਵਿਚਕਾਰ ਪੈਂਦੀ ਅਸਲ ਕੰਟਰੋਲ ਰੇਖਾ (ਐੱਲਏਸੀ) ਦੇ ਬਕਾਇਆ ਮੁੱਦਿਆਂ ਨੂੰ ਛੇਤੀ ਹੱਲ ਕਰਨ ਲਈ ਕੂਟਨੀਤਕ ਅਤੇ ਫ਼ੌਜੀ ਚੈਨਲਾਂ ਰਾਹੀਂ ਆਪਣੀਆਂ ਕੋਸ਼ਿਸ਼ਾਂ ਵਿੱਚ ਭਰਵਾਂ ਵਾਧਾ ਕਰਨ ਲਈ ਸਹਿਮਤੀ ਪ੍ਰਗਟਾਈ ਹੈ। ਜੈਸ਼ੰਕਰ ਨੇ 'ਐਕਸ' 'ਤੇ ਕਿਹਾ ਸੀ ਕਿ ਸਰਹੱਦੀ ਇਲਾਕਿਆਂ ਦੇ ਬਕਾਇਆ ਮੁੱਦਿਆਂ ਦੇ ਫੌਰੀ ਹੱਲ ਲਈ ਦੋਵੇਂ ਮੁਲਕਾਂ ਵੱਲੋਂ ਕੂਟਨੀਤਕ ਅਤੇ ਫ਼ੌਜੀ ਪੱਧਰ 'ਤੇ ਕੋਸ਼ਿਸ਼ਾਂ ਦੁੱਗਣੀਆਂ ਕਰਨ 'ਤੇ ਸਹਿਮਤੀ ਬਣੀ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਇਲਾਕਿਆਂ ਅਤੇ ਐੱਲ.ਏ.ਸੀ. 'ਤੇ ਸ਼ਾਂਤੀ ਬਹਾਲੀ ਦਾ ਸਨਮਾਨ ਕਰਨਾ ਜ਼ਰੂਰੀ ਹੈ। ਭਾਰਤ ਆਖਦਾ ਆ ਰਿਹਾ ਹੈ ਕਿ ਚੀਨ ਨਾਲ ਉਦੋਂ ਤੱਕ ਸਬੰਧ ਸੁਖਾਵੇਂ ਨਹੀਂ ਹੋ ਸਕਦੇ ਜਦੋਂ ਤੱਕ ਕਿ ਸਰਹੱਦੀ ਇਲਾਕਿਆਂ ਵਿਚ ਸ਼ਾਂਤੀ ਨਹੀਂ ਹੋ ਜਾਂਦੀ । ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਵੇਂ ਮੰਤਰੀ ਇਸ ਗੱਲ 'ਤੇ ਸਹਿਮਤ ਸਨ ਕਿ ਸਰਹੱਦੀ ਇਲਾਕਿਆਂ 'ਚ ਮੌਜੂਦਾ ਹਾਲਾਤ ਦੋਵੇਂ ਮੁਲਕਾਂ ਦੇ ਹਿੱਤ ਵਿੱਚ ਨਹੀਂ ਹਨ।

ਹਾਲਾਂਕਿ ਕਈ ਹਲਕੇ ਇਸ ਐਲਾਨ ਨੂੰ ਇੱਕ ਵੱਡੀ ਪ੍ਰਾਪਤੀ ਵਜੋਂ ਦੇਖ ਰਹੇ ਹਨ ਪਰ ਸਮੱਸਿਆ ਇਹ ਹੈ ਕਿ ਹਾਲੀਆ ਸਾਲਾਂ ਵਿੱਚ ਇਸ ਤਰ੍ਹਾਂ ਦੇ ਐਲਾਨਨਾਮੇ ਕਈ ਵਾਰ ਕੀਤੇ ਜਾ ਚੁੱਕੇ ਹਨ ਪਰ ਪੂਰਬੀ ਲੱਦਾਖ ਵਿੱਚ ਟਕਰਾਅ ਦਾ ਪਰਨਾਲਾ ਉੱਥੇ ਦਾ ਉੱਥੇ ਹੈ। ਦੋਵੇਂ ਆਗੂਆਂ ਨੇ ਕਜ਼ਾਖਸਤਾਨ ਵਿੱਚ ਸ਼ੰਘਾਈ ਸਹਿਯੋਗ ਸੰਘ (ਐੱਸਸੀਓ) ਦੇ ਸਿਖਰ ਸੰਮੇਲਨ ਮੌਕੇ ਗੱਲਬਾਤ ਕੀਤੀ ਸੀ ਅਤੇ ਜ਼ਾਹਰਾ ਤੌਰ 'ਤੇ ਉਹ ਦੁਵੱਲੇ ਸਬੰਧਾਂ ਦੀ ਮੁੜ ਉਸਾਰੀ ਕਰਨ ਦੇ ਇੱਛੁਕ ਜਾਪਦੇ ਸਨ ਪਰ ਫਿਰ ਵੀ ਅਮਨ ਅਤੇ ਸਥਿਰਤਾ ਦੀਆਂ ਗੱਲਾਂ ਤਾਂ ਹੁੰਦੀਆਂ ਆ ਰਹੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਗੱਲਬਾਤ ਅੱਗੇ ਨਹੀਂ ਵਧ ਰਹੀ ਅਤੇ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆ ਰਹੇ।

ਸਰਹੱਦੀ ਖੇਤਰਾਂ ਵਿੱਚ ਪਿੰਡਾਂ ਦਾ ਵਿਕਾਸ ਕਰਨ ਲਈ ਚੱਲ ਰਹੀ ਹੋੜ ਤੋਂ ਪਤਾ ਲਗਦਾ ਹੈ ਕਿ ਦੋਵੇਂ ਦੇਸ਼ਾਂ ਅੰਦਰ ਇੱਕ ਦੂਜੇ ਪ੍ਰਤੀ ਵਿਸ਼ਵਾਸ ਦੀ ਕਮੀ ਬਣੀ ਹੋਈ ਹੈ। ਇਸ ਦਿਸ਼ਾ ਵਿੱਚ ਚੀਨ ਦੀਆਂ ਕੋਸ਼ਿਸ਼ਾਂ ਦੇ ਪ੍ਰਤੀਕਰਮ ਵਜੋਂ ਭਾਰਤ ਨੇ ਵੀ ਅਰੁਣਾਚਲ ਪ੍ਰਦੇਸ਼ ਵਿੱਚ ਐੱਲ.ਏ.ਸੀ. ਦੇ ਨੇੜੇ ਪਿੰਡ ਜਾਂ ਰਿਹਾਇਸ਼ੀ ਪੱਟੀਆਂ ਦਾ ਨਿਰਮਾਣ ਕਰਨ ਦਾ ਫ਼ੈਸਲਾ ਕੀਤਾ ਹੈ। ਚੀਨ ਨੇ ਆਪਣੇ ਇਲਾਕਾਈ ਦਾਅਵਿਆਂ ਨੂੰ ਪੁਖ਼ਤਾ ਕਰਨ ਲਈ ਅਤੇ ਆਪਣੀਆਂ ਫ਼ੌਜੀ ਤਿਆਰੀਆਂ ਵਜੋਂ ਐੱਲਏਸੀ (ਸ਼ਿਆਓਕਾਂਗ) ਦੇ ਨੇੜੇ ਕਰੀਬ 600 ਖ਼ੁਸ਼ਹਾਲ ਪਿੰਡ ਵਸਾ ਦਿੱਤੇ ਹਨ। ਇਸ ਦੇ ਜਵਾਬ ਵਿੱਚ ਭਾਰਤ ਨੇ ਵਾਇਬ੍ਰੈਂਟ ਵਿਲੇਜ ਪ੍ਰੋਗਰਾਮ ਤਿਆਰ ਕੀਤਾ ਹੈ ਜਿਸ ਤਹਿਤ ਅਰੁਣਾਚਲ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਲੱਦਾਖ ਅਤੇ ਸਿੱਕਮ ਦੇ ਕਰੀਬ 3000 ਪਿੰਡ ਲਿਆਂਦੇ ਜਾਣਗੇ। ਇਸ ਪ੍ਰੋਗਰਾਮ ਦਾ ਫੋਕਸ ਸੜਕੀ ਅਤੇ ਦੂਰਸੰਚਾਰ ਕੁਨੈਕਟੀਵਿਟੀ ਵਿਚ ਸੁਧਾਰ ਲਿਆਉਣ, ਰਿਹਾਇਸ਼ੀ ਅਤੇ ਸੈਰ ਸਪਾਟਾ ਸੁਵਿਧਾਵਾਂ ਮੁਹੱਈਆ ਕਰਾਉਣ 'ਤੇ ਰਹੇਗਾ। ਇਸ ਦੇ ਨਾਲ ਹੀ ਹੋਰ (ਬਾਕੀ ਸਫ਼ਾ 30 'ਤੇ)

# ਗ੍ਰੰਥ ਸਾਹਿਬ, ਖ਼ਾਲਸਾ ਰਾਜ, ਖ਼ਾਲਸਾ ਪੰਥ ਨਾਲ ਆਪਣੀ ਪ੍ਰੀਤ ਨਿਭਾਅ ਗਏ ਭਾਈ ਗਜਿੰਦਰ ਸਿੰਘ

## ਭਾਈ ਗਜਿੰਦਰ ਸਿੰਘ ਦੀ ਧੀ ਵੱਲੋਂ ਕੌਮ ਦੇ ਨਾਮ ਸੰਦੇਸ਼ ਕਿ ਖ਼ਾਲਸਾ ਰਾਜ ਲਈ ਜੰਗ ਜਾਰੀ ਰਹੇਗੀ

**ਰਜਿੰਦਰ ਸਿੰਘ ਪੁਰੇਵਾਲ**



ਦਲ ਖ਼ਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਬੀਤੇ ਵੀਰਵਾਰ ਲਾਹੌਰ ਦੇ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਦਿਲ ਦਾ ਦੌਰਾ ਪੈਣ ਕਾਰਨ ਇਲਾਜ ਲਈ ਲਾਹੌਰ ਦੇ ਹਸਪਤਾਲ ਵਿੱਚ ਦਾਖਲ ਕੀਤਾ ਸੀ। ਭਾਈ ਗਜਿੰਦਰ ਸਿੰਘ ਤੰਦਰੁਸਤ ਹੋ ਰਹੇ ਸਨ ਕਿ ਅਚਾਨਕ ਉਨ੍ਹਾਂ ਦੀ ਤਬੀਅਤ ਖਰਾਬ ਹੋਣ ਬਾਅਦ ਹਸਪਤਾਲ ਵਿੱਚ ਉਨ੍ਹਾਂ ਨੂੰ ਵੈਨਟੀਲੇਟਰ 'ਤੇ ਰੱਖਿਆ ਗਿਆ ਸੀ। ਜਿਸ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਲਾਹੌਰ ਵਿੱਚ ਉਨ੍ਹਾਂ ਦਾ ਸਸਕਾਰ ਹੋਇਆ ਜਿਥੇ ਉਨ੍ਹਾਂ ਦੀ ਬੇਟੀ ਬਿਕਰਮਜੀਤ ਕੌਰ ਤੇ ਜਵਾਈ ਗੁਰਪ੍ਰੀਤ ਸਿੰਘ ਪਹੁੰਚੇ ਸਨ। ਭਾਈ ਗਜਿੰਦਰ ਸਿੰਘ ਦੇ ਅੰਤਿਮ ਸੰਸਕਾਰ ਕਰਨ ਤੋਂ ਬਾਅਦ ਉਹਨਾਂ ਦੀ ਬੇਟੀ ਭੈਣ ਬਿਕਰਮਜੀਤ ਕੌਰ ਜੀ ਹੋਣਾਂ ਵੱਲੋਂ ਕੌਮ ਦੇ ਨਾਂ ਇੱਕ ਸੰਦੇਸ਼ ਭੇਜਿਆ ਗਿਆ ਕਿ ਅਸੀਂ ਭਾਈ ਗਜਿੰਦਰ ਸਿੰਘ ਹੋਣਾਂ ਨਾਲ ਨਾਲ ਵਾਅਦਾ ਕਰਦੇ ਹਾਂ ਕਿ ਆਖਰੀ ਸਾਹ ਤੱਕ ਖ਼ਾਲਿਸਤਾਨ ਦੀ ਜੰਗ ਜਾਰੀ ਰਹੇਗੀ।

ਜ਼ਿਕਰਯੋਗ ਹੈ ਕਿ ਭਾਈ ਗਜਿੰਦਰ ਸਿੰਘ 29 ਸਤੰਬਰ 1981 ਵਿੱਚ ਦਲ ਖ਼ਾਲਸਾ ਦੇ ਮੈਂਬਰਾਂ ਨਾਲ ਗਿਆਨੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਰੋਸ ਵਿੱਚ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰ ਕੇ ਲਾਹੌਰ ਲੈ ਗਏ ਸਨ, ਜਿੱਥੇ ਉਨ੍ਹਾਂ ਅਤੇ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਦਲ ਖ਼ਾਲਸਾ ਦੇ ਦਾਅਵੇ ਮੁਤਾਬਕ ਗਜਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਵਾਰਦਾਤ ਦਮਦਮੀ ਟਕਸਾਲ ਦੇ ਤਤਕਾਲੀ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਪੰਜਾਬ ਪੁਲਿਸ ਦੀ ਹਿਰਾਸਤ ਵਿੱਚੋਂ ਰਿਹਾਅ ਕਰਵਾਉਣ ਅਤੇ ਖ਼ਾਲਿਸਤਾਨ ਲਹਿਰ ਨੂੰ ਕੌਮਾਂਤਰੀ ਪੱਧਰ ਉੱਤੇ ਉਭਾਰਨ ਲਈ ਅੰਜਾਮ ਦਿੱਤੀ ਸੀ। ਉਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ 20 ਸਤੰਬਰ 1982 ਨੂੰ ਮੀਡੀਆ ਅਦਾਰੇ ਹਿੰਦ ਸਮਾਚਾਰ ਗਰੁੱਪ ਦੇ ਮਾਲਕ ਲਾਲ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਦਲ ਖ਼ਾਲਸਾ ਮੁਤਾਬਕ ਭਾਈ ਗਜਿੰਦਰ ਸਿੰਘ ਨਾਲ ਜਹਾਜ਼ ਅਗਵਾ ਕਰਨ ਵਾਲੇ ਦੂਜੇ ਵਿਅਕਤੀਆਂ ਵਿੱਚ ਭਾਈ ਸਤਿਨਾਮ ਸਿੰਘ, ਭਾਈ ਤੇਜਿੰਦਰ ਪਾਲ ਸਿੰਘ, ਭਾਈ ਜਸਬੀਰ ਸਿੰਘ, ਭਾਈ ਕਰਨ ਸਿੰਘ ਸ਼ਾਮਲ ਸਨ। ਉਹ ਅਗਵਾ ਕਰਕੇ ਇਸ ਨੂੰ ਪਾਕਿਸਤਾਨ ਲੈ ਗਏ ਸਨ, ਜਿੱਥੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਨ੍ਹਾਂ ਨੂੰ ਇੱਥੇ 14 ਸਾਲ ਕੈਦ ਦੀ ਸਜ਼ਾ ਹੋਈ ਸੀ ਅਤੇ ਇਨ੍ਹਾਂ ਪੰਜਾਂ ਨੇ ਪੂਰੀ ਕੈਦ ਕੱਟੀ ਅਤੇ ਨਵੰਬਰ 1994 ਵਿੱਚ ਰਿਹਾਅ ਹੋਏ ਸਨ। ਸਤਿਨਾਮ ਸਿੰਘ ਅਤੇ ਤੇਜਿੰਦਰਪਾਲ ਸਿੰਘ ਦੋਵੇਂ 1999 ਵਿੱਚ ਕ੍ਰਮਵਾਰ ਅਮਰੀਕਾ ਅਤੇ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਭਾਰਤ ਆ ਗਏ ਸਨ। ਜਸਬੀਰ ਸਿੰਘ ਅਤੇ ਕਰਨ ਸਿੰਘ ਦੋਵੇਂ ਸਵਿੱਟਜਰਲੈਂਡ ਚਲੇ ਗਏ ਸਨ, ਜਿੱਥੇ ਉਨ੍ਹਾਂ ਨੂੰ ਸਿਆਸੀ ਸ਼ਰਨ ਮਿਲ ਚੁੱਕੀ ਹੈ।

(ਬਾਕੀ ਸਫ਼ਾ 30 'ਤੇ)



ਸ. ਗਜਿੰਦਰ ਸਿੰਘ ਦੇ ਧੀ-ਜਵਾਈ



ਸ. ਗਜਿੰਦਰ ਸਿੰਘ ਦੀ ਤਾਜ਼ੀ ਤਸਵੀਰ

### ਭਾਈ ਗਜਿੰਦਰ ਸਿੰਘ ਨੇ ਪਾਕਿਸਤਾਨ 'ਚ ਜਲਾਵਤਨੀ ਦੌਰਾਨ 7 ਪੁਸਤਕਾਂ ਵੀ ਸਿੱਖ ਸਾਹਿਤ ਦੀ ਝੋਲੀ ਪਾਈਆਂ

ਦਲ ਖ਼ਾਲਸਾ ਜਥੇਬੰਦੀ ਦੇ ਮੋਢੀ ਮੈਂਬਰ ਤੇ ਸਰਪ੍ਰਸਤ ਭਾਈ ਗਜਿੰਦਰ ਸਿੰਘ (73) ਨੇ ਵੱਖ-ਵੱਖ ਵਿਸ਼ਿਆਂ 'ਤੇ 7 ਦੇ ਕਰੀਬ ਧਾਰਮਿਕ ਪੁਸਤਕਾਂ ਵੀ ਸਿੱਖ ਸਾਹਿਤ ਦੀ ਝੋਲੀ ਪਾਈਆਂ ।13 ਅਪ੍ਰੈਲ 1975 ਨੂੰ ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਪੰਜ ਤੀਰ ਹੋਰ' ਜਾਰੀ ਹੋਇਆ ।ਸਤੰਬਰ 1975 ਵਿੱਚ ਸਰਕਾਰੀ ਨੌਕਰੀ ਤੋਂ ਬਰਖਾਸਤ ਹੋਏ ।5 ਮਈ 1978 ਨੂੰ ਦੂਜੀ ਪੁਸਤਕ 'ਗੰਗੂ ਦੀ ਰੂਹ' ਜਾਰੀ ਕੀਤੀ ।1980 ਵਿੱਚ ਤੀਜਾ ਕਾਵਿ ਸੰਗ੍ਰਹਿ 'ਵਸੀਅਤਨਾਮਾ' ਜਾਰੀ ਹੋਇਆ। ਅਪਰੈਲ 1987 ਨੂੰ ਚੌਥਾ ਕਾਵਿ ਸੰਗ੍ਰਹਿ 'ਸੂਰਜ ਅਤੇ ਖ਼ਾਲਿਸਤਾਨ' ਲਾਹੌਰ ਵਿਖੇ ਅਤੇ ਮਈ 1988 ਵਿੱਚ ਪੰਜਵਾਂ ਕਾਵਿ ਸੰਗ੍ਰਹਿ 'ਜੰਗ ਜਾਰੀ ਹੈ' ਯੂ.ਕੇ. ਵਿੱਚ ਜਾਰੀ ਹੋਏ ।ਅਪ੍ਰੈਲ 2003 ਵਿੱਚ ਛੇਵਾਂ ਕਾਵਿ ਸੰਗ੍ਰਹਿ 'ਸੰਘਰਸ਼, ਸਲਾਖਾਂ ਤੇ ਸੱਜਣੀ' ਜਾਰੀ ਕੀਤਾ।21 ਨਵੰਬਰ 2003 ਨੂੰ ਉਨ੍ਹਾਂ ਦਾ ਲੇਖ ਸੰਗ੍ਰਹਿ 'ਲਕੀਰ' ਚੰਡੀਗੜ੍ਹ ਵਿਖੇ ਜਾਰੀ ਹੋਇਆ।ਮਾਰਚ 2014 ਵਿੱਚ ਉਨ੍ਹਾਂ ਦਾ ਕਾਵਿ ਸੰਗ੍ਰਹਿ 'ਸੁਪਨੇ ਤੋਂ ਸੰਘਰਸ਼ ਵੱਲ' ਜਾਰੀ ਹੋਇਆ।

### ਪੰਥਕ ਆਗੂਆਂ ਵੱਲੋਂ ਸਰਧਾਂਜਲੀ

ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਆਖਦੇ ਹਨ ਕਿ ਖ਼ਾਲਿਸਤਾਨ ਉਸ ਦੀ ਪ੍ਰੀਤ ਸੀ। ਖ਼ਾਲਿਸਤਾਨ ਉਸ ਦਾ ਇਸ਼ਕ ਸੀ। ਉਹ ਅੰਤ ਤੱਕ ਨਿਰਮਲ ਪਾਣੀਆਂ ਨਿਰਮਲ ਰਹਿ ਕੇ ਇਸ ਸੰਸਾਰ ਤੋਂ ਵਿਦਾ ਹੋਇਆ। ਕਰਮਜੀਤ ਸਿੰਘ ਆਖਦੇ ਹਨ ਕਿ ਉਹ ਘੜੀ ਦੂਰ ਨਹੀਂ ਜਦੋਂ ਖ਼ਾਲਸਾ ਪੰਥ ਸਿਲੀਆਂ ਅੱਖਾਂ ਨਾਲ ਉਸ ਨੂੰ ਇਵੇਂ ਯਾਦ ਕਰੇਗਾ, ਜਿਵੇਂ ਕਦੇ ਰੂਸ ਦੇ ਸ਼ਾਇਰ ਪੁਸ਼ਕਿਨ ਨੇ ਦੂਰ ਦੁਰਾਡੇ ਬਰਫੀਲੀਆਂ ਵਾਦੀਆਂ ਵਿੱਚ ਕੈਦ ਭੁਗਤ ਰਹੇ ਦਸੰਬਰ ਦੇ ਜਲਾਵਤਨ ਇਨਕਲਾਬੀਆਂ ਨੂੰ ਆਪਣੀ ਸ਼ਰਧਾਂਜਲੀ ਵਿੱਚ ਯਾਦ ਕੀਤਾ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿੱਚ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਆਪਣੇ ਜੀਵਨ ਦਾ ਵੱਡਾ ਹਿੱਸਾ ਪੰਥ ਦੇ ਲੇਖੇ ਲਾਉਣ ਕਰਕੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਭਾਈ ਗਜਿੰਦਰ ਸਿੰਘ ਨੂੰ ਅਗਸਤ 2020 ਵਿੱਚ 'ਜਲਾਵਤਨੀ ਸਿੱਖ ਯੋਧਾ' ਦੇ ਖਿਤਾਬ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਪੰਥਕ ਸੋਚ ਤੇ ਜਜ਼ਬੇ ਵਾਲੇ, ਉੱਚੇ-ਸੁੱਚੇ ਜੀਵਨ ਦੇ ਧਾਰਨੀ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ। ਪੰਥਕ ਸੰਘਰਸ਼ ਦੌਰਾਨ ਆਪਣੇ ਜੀਵਨ ਅਤੇ ਪਰਿਵਾਰ ਦੇ ਵੱਡੇ ਘਾਟੇ ਸਹਿੰਦਿਆਂ ਵੀ ਭਾਈ ਗਜਿੰਦਰ ਸਿੰਘ ਨੇ ਕਦੇ ਆਪਣੇ ਸਿਧਾਂਤਾਂ ਅਤੇ ਪੰਥਕ ਸੰਘਰਸ਼ ਪ੍ਰਤੀ ਵਚਨਬੱਧਤਾ ਨਾਲ ਸਮਝੌਤਾ ਨਹੀਂ ਕੀਤਾ।ਪੰਥ ਸੇਵਕ ਸਖਸ਼ੀਅਤ ਭਾਈ ਦਲਜੀਤ ਸਿੰਘ ਨੇ ਕਿਹਾ ਹੈ ਕਿ ਖ਼ਾਲਸਾ ਪੰਥ ਲਈ ਇਹ ਗੱਲ ਤਸੱਲੀ ਦਾ ਸਬੱਬ ਹੈ ਕਿ ਖ਼ਾਲਿਸਤਾਨ ਦੀ ਅਜ਼ਾਦੀ ਦੇ ਜਿਸ ਅਕੀਦੇ ਲਈ ਭਾਈ ਗਜਿੰਦਰ ਸਿੰਘ ਨੇ ਸੰਘਰਸ਼ ਵਿੱਚ ਪੈਰ ਰੱਖਿਆ ਸੀ ਉਸ ਉੱਤੇ ਉਹ ਆਖਰੀ ਸਾਹਾਂ ਤੱਕ ਨਿਭੇ। ਭਾਈ ਦਲਜੀਤ ਸਿੰਘ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਦੀ ਸਿੰਘਣੀ ਗੁਰਪੁਰਵਾਸੀ ਬੀਬੀ ਮਨਜੀਤ ਕੌਰ ਸਮੇਤ ਸਮੁੱਚਾ ਪਰਿਵਾਰ ਸੰਘਰਸ਼ ਨੂੰ ਸਮਰਪਿਤ ਰਿਹਾ ਅਤੇ ਉਹਨਾਂ ਹਰ ਕਸ਼ਟ ਦਾ ਖਿੜੇ ਮੱਥੇ ਸਾਹਮਣਾ ਕੀਤਾ ਅਤੇ ਇੰਨੇ ਲੰਮੇ ਅਰਸੇ ਦੌਰਾਨ ਗੁਰੂ ਖ਼ਾਲਸਾ ਪੰਥ ਦੀ ਸੇਵਾ ਤੇ ਸੰਘਰਸ਼ ਦੇ ਆਸ਼ੇ ਉੱਤੇ ਅਡੋਲ ਰਹਿੰਦਿਆਂ ਪਹਿਰਾ ਦਿੱਤਾ।

# ਜਲੰਧਰ ਜ਼ਿਮਨੀ ਚੋਣ ਲਈ ਵੋਟਾਂ ਪਈਆਂ



ਜਲੰਧਰ/ਏ.ਟੀ.ਨਿਊਜ਼ : ਜਲੰਧਰ ਵੈਸਟ ਵਿਧਾਨ ਸਭਾ ਹਲਕੇ (ਰਿਜ਼ਰਵ) ਵਿੱਚ ਜ਼ਿਮਨੀ ਚੋਣ ਲਈ ਅੱਜ ਵੋਟਾਂ ਪਾਈਆਂ ਗਈਆਂ। ਵੋਟਾਂ ਪੈਣ ਦਾ ਅਮਲ ਸਵੇਰੇ 7 ਵਜੇ ਤੋਂ ਸ਼ੁਰੂ ਹੋ ਗਿਆ ਸੀ ਜੋ ਕਿ ਸ਼ਾਮ ਤੱਕ ਜਾਰੀ ਰਿਹਾ। ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਮਨੀ ਚੋਣ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਪੂਰਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸਾਰੇ ਪੁਖ਼ਤਾ ਪ੍ਰਬੰਧ ਕੀਤੇ ਗਏ। ਵਿਧਾਨ ਸਭਾ ਹਲਕੇ ਵਿੱਚ ਕੁੱਲ੍ਹ 171963 ਵੋਟਰਾਂ, ਜਿਨ੍ਹਾਂ ਵਿੱਚ 89629 ਮਰਦ, 82326 ਔਰਤ ਅਤੇ 8 ਥਰਡ ਜੈਂਡਰ ਵੋਟਰ ਸ਼ਾਮਲ ਹਨ, ਦੀ ਸਹੂਲਤ ਲਈ 181 ਪੋਲਿੰਗ ਬੂਥ ਬਣਾਏ ਗਏ।

ਸਵੇਰ ਤੋਂ ਜਾਰੀ ਜਲੰਧਰ ਜ਼ਿਮਨੀ ਚੋਣ ਦੀ ਵੋਟਿੰਗ ਦੇ ਸਿਲਸਿਲੇ ਦੌਰਾਨ 9 ਵਜੇ ਤੱਕ 10.30 ਫ਼ੀਸਦੀ ਵੋਟਿੰਗ ਦਰਜ ਕੀਤੀ ਗਈ ਸੀ। 11 ਵਜੇ ਤੱਕ 23.4 ਫ਼ੀਸਦੀ ਵੋਟਿੰਗ ਦਰਜ ਕੀਤੀ ਗਈ ਸੀ। ਉਥੇ ਹੀ ਜ਼ਿਲ੍ਹਾ ਚੋਣ ਕਮ ਡਿਪਟੀ ਕਮਿਸ਼ਨਰ ਅਧਿਕਾਰੀ ਡਾਕਟਰ ਹਿਮਾਂਸ਼ੂ ਅਗਰਵਾਲ ਨੇ ਵੈਸਟ ਵਿਧਾਨ ਸਭਾ ਹਲਕੇ ਵਿੱਚ ਬਣੇ ਪੋਲਿੰਗ ਬੂਥਾਂ ਦਾ ਨਿਰੀਖਣ ਵੀ ਕੀਤਾ।

ਇਸ ਸੀਟ ਨੂੰ ਜਿੱਤਣਾ ਭਾਜਪਾ, 'ਆਪ' ਅਤੇ ਕਾਂਗਰਸ ਦੇ ਵੱਕਾਰ ਦਾ ਸਵਾਲ ਬਣ ਚੁੱਕਾ ਹੈ। ਜਲੰਧਰ ਵੈਸਟ ਦੀ ਇਹ ਸੀਟ ਕਿਸ ਪਾਰਟੀ ਦੀ ਝੋਲੀ 'ਚ ਜਾਵੇਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਸੱਤਾ ਧਿਰ ਸਣੇ ਸਾਰੀਆਂ ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣੀ ਅਨੁਸੂਚਿਤ ਜਾਤੀ ਲਈ ਰਾਖਵੀਂ ਇਸ ਸੀਟ 'ਤੇ ਆਪਣੇ ਉਮੀਦਵਾਰ ਦੀ ਜਿੱਤ ਲਈ ਸੂਬਾਈ ਲੀਡਰਸ਼ਿਪ ਤੋਂ ਲੈ ਕੇ ਕੇਂਦਰ ਤੱਕ ਦੇ ਆਗੂਆਂ ਨੇ ਪ੍ਰਚਾਰ 'ਚ ਪੂਰਾ ਜ਼ੋਰ ਲਗਾਇਆ।

ਜ਼ਿਕਰਯੋਗ ਹੈ ਕਿ ਸਾਲ 2022 'ਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਸ਼ੀਤਲ ਅੰਗੁਰਾਲ ਜਲੰਧਰ ਵੈਸਟ ਤੋਂ ਵਿਧਾਇਕ ਬਣੇ ਸਨ ਪਰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਭਾਜਪਾ 'ਚ ਸ਼ਾਮਲ ਹੋ ਗਏ।

ਇਸ ਦੌਰਾਨ ਉਨ੍ਹਾਂ ਨੇ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫ਼ਾ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤਾ ਸੀ। ਹਾਲਾਂਕਿ ਬਾਅਦ 'ਚ ਉਨ੍ਹਾਂ ਨੇ ਅਸਤੀਫ਼ਾ ਵਾਪਸ ਲੈਣ ਚਾਹਿਆ ਪਰ ਇਸ ਤੋਂ ਪਹਿਲਾਂ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਹੋ ਚੁੱਕਾ ਸੀ। ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਭਾਜਪਾ 'ਚ ਸ਼ਾਮਲ ਹੋਣ ਉਪਰੰਤ ਅਸਤੀਫ਼ਾ ਦੇਣ ਕਾਰਨ ਇਹ ਸੀਟ ਖਾਲੀ ਹੋਈ ਸੀ। ਇਸ ਲਈ ਇਸ 'ਤੇ ਜ਼ਿਮਨੀ ਚੋਣ ਕਰਵਾਈ ਗਈ ਹੈ।

# ਫਿਰਕੂਵਾਦ ਵਿਰੁੱਧ ਖ਼ਾਲਿਸਤਾਨ ਦੇ ਹੱਕ ਵਿੱਚ ਆਵਾਜ਼ ਉਠਾਉਣ ਕਾਰਨ ਟਿੰਮਾ ਖ਼ਿਲਾਫ਼ ਦੇਸ਼ ਧ੍ਰੋਹ ਦਾ ਕੇਸ ਦਰਜ

## ਜਥੇਦਾਰ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ, ਬਾਦਲ ਦਲ ਵੱਲੋਂ ਨਿਖੇਧੀ

ਚੰਡੀਗੜ੍ਹ/ਏ.ਟੀ.ਨਿਊਜ਼ : ਬੀਤੇ ਦਿਨੀਂ ਰਾਜਸਥਾਨ ਦੇ ਉੱਘੇ ਸਿੱਖ ਆਗੂ ਅਤੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਮੁੱਖ ਸੇਵਾਦਾਰ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੇ ਨਾਂਅ ਹੇਠ ਦੇਸ਼ ਵਿੱਚ ਲਾਗੂ ਕੀਤੀ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਸ੍ਰੀ ਗੰਗਾਨਗਰ ਪੁਲਿਸ ਵੱਲੋਂ ਖ਼ਾਲਿਸਤਾਨ ਦੀ ਮੰਗ ਤਹਿਤ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਦੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ , ਜਥੇਦਾਰ ਅਕਾਲ ਤਖਤ ਸਾਹਿਬ ਨੇ ਨਿਖੇਧੀ ਕੀਤੀ ਹੈ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਟਿੰਮਾ ਖ਼ਿਲਾਫ਼ ਕੇਸ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਦੇਸ਼ ਅੰਦਰ ਘੱਟ-ਗਿਣਤੀਆਂ ਤੇ ਸਿੱਖਾਂ ਵਿੱਚ ਅਤਿ ਦਰਜੇ ਦੀ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਨਜਾਇਜ਼ ਕਾਰਵਾਈ ਕਰਾਰ ਦਿੱਤਾ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਦੇਸ਼ ਵਿੱਚ ਲਾਗੂ ਕੀਤੀ ਗਈ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਸਭ ਤੋਂ ਪਹਿਲਾ ਦੇਸ਼ ਧਰੋਹ ਦਾ ਮੁਕੱਦਮਾ ਇੱਕ ਸਿੱਖ 'ਤੇ ਦਰਜ ਕਰਕੇ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਵਾਲੇ ਨੋਟੀਫਿਕੇਸ਼ਨ ਦੀ ਤਰਜ਼ 'ਤੇ ਇੱਕ ਵਾਰ ਮੁੜ ਸਿੱਖਾਂ ਨੂੰ ਜ਼ਲਾਲਤ ਦਾ ਅਹਿਸਾਸ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਤੇਜਿੰਦਰਪਾਲ ਸਿੰਘ ਟਿੰਮਾ 'ਤੇ ਖ਼ਾਲਿਸਤਾਨ ਦੀ ਹਮਾਇਤ ਵਿੱਚ ਲਿਖਣ/ਬੋਲਣ ਕਾਰਨ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਨਾ ਹੀ ਆਪਣੇ ਆਪ ਵਿੱਚ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ, ਕਿਉਂਕਿ ਦੇਸ਼ ਦਾ ਸੰਵਿਧਾਨ ਹੀ ਹਰੇਕ ਮਨੁੱਖ ਨੂੰ ਜਮਹੂਰੀਅਤ ਦੇ ਦਾਇਰੇ ਵਿੱਚ ਰਹਿ ਕੇ ਸ਼ਾਂਤਮਈ ਤਰੀਕੇ ਨਾਲ ਆਜ਼ਾਦੀ ਜਾਂ ਵੱਖਰਾ ਰਾਜ ਮੰਗਣ ਦਾ ਹੱਕ ਦਿੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵੱਖਰਾ ਰਾਜ ਮੰਗਣਾ ਜਾਂ ਉਸ ਦੀ ਹਮਾਇਤ ਕਰਨਾ ਹੀ ਦੇਸ਼ ਧਰੋਹ ਹੈ ਤਾਂ ਫਿਰ ਹਿੰਦੂ ਰਾਸ਼ਟਰ ਦੀ ਮੰਗ ਦੇ ਨਾਂਅ 'ਤੇ ਫਿਰਕਾਪ੍ਰਸਤੀ ਫੈਲਾਉਣ ਵਾਲਿਆਂ ਵਿਰੁੱਧ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਿਉਂ ਨਹੀਂ ਕੀਤਾ ਜਾਂਦਾ?



ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਤੁਰੰਤ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਰਵੱਈਆ ਤਿਆਗ ਕੇ ਤੇਜਿੰਦਰਪਾਲ ਸਿੰਘ ਟਿੰਮਾ ਦੇ ਖ਼ਿਲਾਫ਼ ਦਰਜ ਮੁਕੱਦਮਾ ਰੱਦ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਗੰਗਾਨਗਰ ਦੇ ਬਾਬਾ ਦੀਪ ਸਿੰਘ ਗੁਰਦੁਆਰਾ ਦੇ ਮੁੱਖ ਸੇਵਾਦਾਰ ਜਥੇਦਾਰ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਦੇਸ਼ ਵਿਰੋਧੀ ਅਨਸਰਾਂ ਨੂੰ ਉਤਸ਼ਾਹਿਤ ਕਰਨ ਦਾ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਟਿੰਮਾ ਨੇ ਤਾਂ ਸਿਰਫ਼ ਸਿੱਖ ਕੌਮ ਖ਼ਿਲਾਫ਼ ਫਿਰਕੂ ਟਿੱਪਣੀਆਂ ਤੋਂ ਲੋਕਾਂ ਨੂੰ ਸੁਚੇਤ ਕੀਤਾ ਸੀ। ਬਾਦਲ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਟਿੰਮਾ ਦੇ ਬਿਆਨ ਵਿੱਚ ਇਕ ਵੀ ਸ਼ਬਦ ਅਜਿਹਾ ਨਹੀਂ, ਜੋ ਕਿਸੇ ਵੀ ਤਰੀਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਖ਼ਿਲਾਫ਼ ਹੋਵੇ। ਉਨ੍ਹਾਂ ਨੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਅਪੀਲ ਕੀਤੀ ਕਿ ਕੇਸ ਵਾਪਸ ਲੈਣ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਨਾਲ ਖੜ੍ਹਣ ਅਤੇ ਉਨ੍ਹਾਂ ਦੀ ਹਰ ਲੋੜੀਂਦੀ ਮਦਦ ਲਈ ਵਚਨਬੱਧ ਹੈ।

# ਕਿਵੇਂ ਬਹਾਲ ਹੋਵੇ ਅਕਾਲੀ ਲੀਡਰਸ਼ਿਪ ਦਾ ਭਰੋਸਾ ?



ਜਗਤਾਰ ਸਿੰਘ
ਸੀਨੀਅਰ ਪੱਤਰਕਾਰ





ਸਿੱਖ ਸੱਧਰਾਂ ਅਤੇ ਉਮੰਗਾਂ ਨੂੰ ਜ਼ੁਬਾਨ ਦੇਣ ਦੇ ਆਸ਼ੇ ਤਹਿਤ ਕਾਰਜਸ਼ੀਲ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਹੈ ਜਿਸ ਦੇ ਸੀਨੀਅਰ ਆਗੂਆਂ ਦੇ ਇੱਕ ਹਿੱਸੇ ਨੇ ਪਿਛਲੇ ਦਿਨੀਂ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਰਘਬੀਰ ਸਿੰਘ ਸਨਮੁੱਖ ਪੇਸ਼ ਹੋ ਕੇ ਇੱਕ ਪਸ਼ਤਾਚਾਪ ਪੱਤਰ ਸੌਂਪਿਆ ਹੈ ਅਤੇ ਉਨ੍ਹਾਂ ਦਾ ਇਹ ਕਦਮ ਮਹਿਜ਼ ਸੱਤਾ ਸੰਘਰਸ਼ ਤੱਕ ਸੀਮਤ ਨਹੀਂ ਰਹਿ ਗਿਆ। ਇਸ ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਰ ਵਾਰ ਪ੍ਰਧਾਨ ਰਹਿ ਚੁੱਕੇ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਭਾਈ ਮਨਜੀਤ ਸਿੰਘ, ਗੁਰਪ੍ਰਤਾਪ ਸਿੰਘ ਵਡਾਲਾ ਅਤੇ ਕਰਨੈਲ ਸਿੰਘ ਪੰਜੋਲੀ ਸ਼ਾਮਿਲ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ 1995 ਤੋਂ ਪਾਰਟੀ ਦੇ ਸਿਰਕੱਢ ਆਗੂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੰਭਾਲੀ ਜਾ ਰਹੀ ਸੀ ਜਿਨ੍ਹਾਂ 2008 ਵਿੱਚ ਪਾਰਟੀ ਦੀ ਵਾਗਡੋਰ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਰਤ ਵਿੱਚ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਸਭ ਤੋਂ ਵੱਧ ਸ਼ਾਂਤਮਈ ਸੰਘਰਸ਼ ਲੜੇ ਗਏ ਹਨ ਅਤੇ ਅਜਿਹੀ ਸ਼ਾਨਾਮੱਤੇ ਇਤਿਹਾਸ ਵਾਲੀ ਪਾਰਟੀ ਵਿੱਚ 'ਪਰਿਵਾਰਕ ਜਾਂਨਸ਼ੀਨੀ' ਦੀ ਇਹੋ ਜਿਹੀ ਮਿਸਾਲ ਪਹਿਲਾਂ ਕਦੇ ਨਹੀਂ ਮਿਲੀ ਸੀ।

ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੇ ਗਏ ਇਸ ਪਸ਼ਤਾਚਾਪ ਪੱਤਰ ਵਿੱਚ ਪਾਰਟੀ ਆਗੂਆਂ ਨੇ 2007 ਤੋਂ 2017 ਤੱਕ ਦੇ ਅਰਸੇ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਹੋਈਆਂ ਭੁੱਲਾਂ ਬਦਲੇ ਆਪਣੇ-ਆਪ ਨੂੰ ਸਜ਼ਾ ਲਈ ਪੇਸ਼ ਕਰ ਕੇ ਮੁਆਫ਼ੀ ਮੰਗੀ ਹੈ ਜਿਸ ਕਰ ਕੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ ਦਸ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਜਾਣ ਨਾਲ ਉੱਭਰਿਆ ਸੰਕਟ ਹੋਰ ਤਿੱਖਾ ਹੋ ਗਿਆ ਹੈ, ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਦਲ ਅਜਿਹੇ ਕਿਸੇ ਸੰਕਟ ਵਿੱਚ ਫਸਿਆ ਹੋਵੇ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਅਕਾਲੀ ਦਲ 1999 ਤੋਂ ਹੀ ਉਤਰਾਅ-ਚੜ੍ਹਾਅ ਦੇ ਦੌਰਾਂ ਵਿਚੋਂ ਲੰਘਦਾ ਆਇਆ ਸੀ ਜਦੋਂ ਵੱਡੇ ਬਾਦਲ ਅਤੇ ਉਸ ਵੇਲੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸਿੱਖ ਜਗਤ ਵਿੱਚ ਸੱਤਾ ਦੇ ਮੁਤਵਾਜ਼ੀ ਕੇਂਦਰ ਗਿਣੇ ਜਾਂਦੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿੱਚ ਟਕਰਾਅ ਪੈਦਾ ਹੋ ਗਿਆ ਸੀ। ਪਾਰਟੀ ਅੰਦਰ ਗਿਰਾਵਟ ਦਾ ਇਹ ਦੌਰ 2022 ਵਿੱਚ ਉਦੋਂ ਤਿੱਖਾ ਹੋਇਆ ਜਦੋਂ ਵਿਧਾਨ ਸਭਾ ਵਿੱਚ ਇਸ ਦੇ ਮੈਂਬਰਾਂ ਦੀ ਗਿਣਤੀ ਘਟ ਕੇ ਤਿੰਨ ਰਹਿ ਗਈ ਸੀ। ਹਾਲੀਆ ਲੋਕ ਸਭਾ ਚੋਣਾਂ ਵਿੱਚ ਲੰਮਾ ਅਰਸਾ ਇਸ ਦੀ ਸਹਿਯੋਗੀ ਪਾਰਟੀ ਰਹੀ ਭਾਰਤੀ ਜਨਤਾ ਪਾਰਟੀ ਨੇ ਵੋਟ ਫ਼ੀਸਦ ਦੇ ਲਿਹਾਜ਼ ਨਾਲ ਜ਼ਿਆਦਾ ਵੋਟਾਂ ਹਾਸਿਲ ਕੀਤੀਆਂ ਹਨ। ਹਾਲਾਂਕਿ ਅਕਾਲ ਤਖ਼ਤ ਅੱਗੇ ਪੇਸ਼ ਹੋਣ ਵਾਲੇ ਆਗੂਆਂ ਨੇ ਇਹ ਭੁੱਲ ਕਬੂਲ ਕੀਤੀ ਹੈ ਕਿ ਬਾਦਲ ਸਰਕਾਰ ਵੇਲੇ ਹੋਈਆਂ ਕਈ ਕਾਰਵਾਈਆਂ ਵੇਲੇ ਉਹ ਚੁੱਪ ਰਹੇ ਸਨ ਅਤੇ ਇਨ੍ਹਾਂ ਕਰ ਕੇ ਪਾਰਟੀ ਦੀ ਭਰੋਸੇਯੋਗਤਾ ਅਤੇ ਹੋਂਦ ਦਾਅ 'ਤੇ ਲੱਗ ਗਈ ਹੈ। ਇਨ੍ਹਾਂ ਵੱਲੋਂ ਜਿਨ੍ਹਾਂ ਪ੍ਰਮੁੱਖ ਮੁੱਦਿਆਂ ਦਾ ਹਵਾਲਾ ਦਿੱਤਾ ਗਿਆ ਹੈ ਉਨ੍ਹਾਂ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਗੁਰੂ ਗੋਬਿੰਦ ਸਿੰਘ ਜੀ ਦੀ ਪੁਸ਼ਾਕ ਪਹਿਨ ਕੇ ਧਰਮਨਿੰਦਾ ਦਾ ਫ਼ੌਜਦਾਰੀ ਕੇਸ ਵਾਪਸ ਲੈਣ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਕੇਸਾਂ ਅਤੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਘੋਰ ਉਲੰਘਣਾਵਾਂ ਨਾਲ ਜੁੜੇ ਸੁਮੇਧ ਸੈਣੀ ਦੀ ਡੀ.ਜੀ.ਪੀ. ਵਜੋਂ ਨਿਯੁਕਤੀ ਜਿਹੇ ਕੇਸ ਸ਼ਾਮਿਲ ਹਨ। ਇਨ੍ਹਾਂ ਦਾ ਕੇਂਦਰਬਿੰਦੂ ਉਸ ਦੌਰ ਵਿਚਲੀਆਂ ਚਾਰ ਕਾਰਵਾਈਆਂ ਅਤੇ ਫ਼ੈਸਲੇ ਹਨ।

ਸ਼੍ਰੋਮਣੀ ਅਕਾਲੀ ਦਲ ਜੋ ਕਿ ਦਹਾਕਿਆਂ ਤੋਂ ਸਿੱਖਾਂ ਦੀ ਤਰਜਮਾਨੀ ਕਰਦਾ ਆ ਰਿਹਾ ਸੀ, ਨੂੰ ਹੁਣ ਸਿੱਖਾਂ ਵੱਲੋਂ ਹੀ ਰੱਦ ਕਰ ਦਿੱਤਾ ਗਿਆ ਹੈ। ਘੱਟੋ-ਘੱਟ ਦੋ ਸਿਫ਼ਤੀ ਤਬਦੀਲੀਆਂ ਅਜਿਹੀਆਂ ਹਨ ਜਿਨ੍ਹਾਂ ਤੋਂ ਇਸ ਪਾਰਟੀ ਅਤੇ ਪੰਥਕ ਸੰਸਥਾਵਾਂ ਅੰਦਰ ਸੰਕਟ ਪੈਦਾ ਹੋਇਆ ਹੈ। ਪਾਰਟੀ ਨੇ ਆਪਣੇ 75ਵੇਂ ਸਥਾਪਨਾ ਦਿਵਸ ਮੌਕੇ ਫਰਵਰੀ 1996 ਵਿੱਚ ਹੋਈ ਮੋਗਾ ਕਾਨਫਰੰਸ ਵਿੱਚ ਪੰਥ ਦੀ ਥਾਂ ਪੰਜਾਬੀਅਤ ਉੱਪਰ ਜ਼ੋਰ ਦਿੱਤਾ ਸੀ ਜੋ ਪ੍ਰਕਾਸ਼ ਸਿੰਘ ਬਾਦਲ ਦੇ ਭਾਸ਼ਣ ਅਤੇ ਉਸ ਤੋਂ ਬਾਅਦ ਫ਼ਿਰਕੂ ਸਦਭਾਵਨਾ ਅਤੇ ਭਾਈਚਾਰੇ ਦੇ ਨਾਂ 'ਤੇ ਦਿੱਤੇ ਗਏ ਜ਼ੋਰ ਤੋਂ ਦੇਖਿਆ ਜਾ ਸਕਦਾ ਹੈ। ਇਹ ਇੱਕ ਵਿਚਾਰਧਾਰਕ ਬਦਲਾਓ ਸੀ।

ਸੰਨ 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਤੋਂ ਬਾਅਦ ਸੁਖਬੀਰ ਬਾਦਲ ਦੀ ਜੁਗਤ (ਮਾਈਕਰੋ ਮੈਨੇਜਮੈਂਟ) ਦੀ ਖ਼ੂਬ ਚਰਚਾ ਹੋਈ ਸੀ। ਇਹ ਉਹ ਦੌਰ ਸੀ ਜਦੋਂ ਸਿਆਸਤ ਵਣਜ ਦਾ ਰੂਪ ਧਾਰਨ ਕਰਦੀ ਜਾ ਰਹੀ ਸੀ ਜਿਸ ਕਰ ਕੇ ਨਾ ਕੇਵਲ ਸ਼੍ਰੋਮਣੀ ਅਕਾਲੀ ਦਲ ਸਗੋਂ ਸਮੁੱਚਾ ਸਿਆਸੀ ਤਾਣਾ ਬਾਣਾ ਹੀ ਪ੍ਰਭਾਵਿਤ ਹੁੰਦਾ ਨਜ਼ਰ ਆ ਰਿਹਾ ਸੀ। ਜਿੰਨੀ ਦੇਰ ਤੱਕ ਆਗੂ ਸ਼ੇਅਰਧਾਰਕਾਂ/ਹਿੱਸੇਦਾਰਾਂ ਨੂੰ ਲਾਹਾ ਦਿਵਾਉਂਦਾ ਰਿਹਾ, ਓਨੀ ਦੇਰ ਤਕ ਉਸ ਦੀ ਖ਼ੂਬ ਸ਼ਲਾਘਾ ਵੀ ਹੁੰਦੀ ਰਹੀ। ਜਿਹੜੇ ਆਗੂਆਂ ਨੇ ਹੁਣ ਪਸ਼ਤਾਚਾਪ ਪੱਤਰ ਦਿੱਤਾ ਹੈ, ਉਹ ਉਦੋਂ ਹਿੱਸੇਦਾਰ ਸਨ। 2017 ਵਿੱਚ ਕੰਪਨੀ ਫੇਲ੍ਹ ਹੋ ਗਈ ਅਤੇ 2022 ਵਿੱਚ ਦੀਵਾਲੀਆ ਹੋ ਗਈ ਜਿਸ ਕਰ ਕੇ 2024 ਵਿੱਚ ਸ਼ੇਅਰਧਾਰਕਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫਿਰ ਗਿਆ। ਸ਼ੇਅਰਧਾਰਕ ਹੁਣ ਕੰਪਨੀ ਦੀ ਕਾਇਆ ਕਲਪ ਕਰ ਕੇ ਇਸ ਨੂੰ ਸੁਰਜੀਤ ਕਰਨ ਦੀ ਮੰਗ ਕਰ ਰਹੇ ਹਨ।

ਜਦੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਰਾਮ ਰਹੀਮ ਨੂੰ ਮੁਆਫ਼ੀ ਦਿੱਤੀ ਗਈ ਸੀ ਤਾਂ ਪਹਿਲੀ ਵਾਰ ਸਿੱਖ ਭਾਈਚਾਰੇ ਅੰਦਰ ਅਕਾਲੀ ਦਲ ਅਤੇ ਪੰਥਕ ਸੰਸਥਾਵਾਂ ਵਿੱਚ ਆਏ ਨਿਘਾਰ ਖਿਲਾਫ਼ ਰੌਲਾ ਪਿਆ ਸੀ। ਗ਼ੌਰਤਲਬ ਹੈ ਕਿ 2007 ਵਿੱਚ ਰਾਮ ਰਹੀਮ ਵੱਲੋਂ ਗੁਰੂ ਗੋਬਿੰਦ ਸਿੰਘ ਵਰਗੀ ਪੁਸ਼ਾਕ ਪਹਿਨਣ ਦੀਆਂ ਤਸਵੀਰਾਂ ਨਸ਼ਰ ਹੋਣ ਤੋਂ ਬਾਅਦ ਅਕਾਲ ਤਖ਼ਤ ਵੱਲੋਂ ਇੱਕ ਹੁਕਮਨਾਮਾ ਜਾਰੀ ਕਰ ਕੇ ਸਿੱਖਾਂ ਨੂੰ ਡੇਰਾ ਪ੍ਰੇਮੀਆਂ ਦਾ ਸਮਾਜਿਕ ਬਾਈਕਾਟ ਕਰਨ ਲਈ ਕਿਹਾ ਗਿਆ ਸੀ। ਫਿਰ 2012 ਦੀਆਂ ਵਿਧਾਨ ਸਭਾ ਚੋਣਾਂ ਹੋਣ ਤੋਂ ਪੰਜ ਦਿਨ ਪਹਿਲਾਂ ਰਾਮ ਰਹੀਮ ਖ਼ਿਲਾਫ਼ ਪੁਸ਼ਾਕ ਪਹਿਨ ਕੇ ਧਰਮਨਿੰਦਾ ਦਾ ਕੇਸ ਵਾਪਸ ਲੈ ਲਿਆ ਗਿਆ। ਇੱਥੇ ਧਿਆਨ ਦੇਣਯੋਗ ਗੱਲ ਇਹ ਹੈ ਕਿ ਚੋਣ ਕਮਿਸ਼ਨ ਦਾ ਕੰਮ ਰਾਜ ਸਰਕਾਰ ਦੀਆਂ ਭੇਜੀਆਂ ਫਾਈਲਾਂ ਸਿਰਫ਼ ਕਲੀਅਰ ਕਰਨ ਦਾ ਹੁੰਦਾ ਹੈ। ਸਤੰਬਰ 2015 ਵਿੱਚ ਅਕਾਲ ਤਖ਼ਤ ਵੱਲੋਂ ਰਾਮ ਰਹੀਮ ਨੂੰ ਮੁਆਫ਼ੀ ਵੀ ਦੇ ਦਿੱਤੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਖ-ਵੱਖ ਅਖ਼ਬਾਰਾਂ ਵਿੱਚ 90 ਲੱਖ ਰੁਪਏ ਦੇ ਇਸ਼ਤਿਹਾਰ ਦੇ ਕੇ ਇਸ ਫ਼ੈਸਲੇ ਨੂੰ ਵਾਜਬ ਠਹਿਰਾਇਆ ਸੀ। ਇਹ ਸਭ ਮਿਲੀਭੁਗਤ ਦਾ ਮਾਮਲਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਸੱਦ ਕੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ ਗਈ ਸੀ।

ਇਸ ਤੋਂ ਮਹੀਨਾ ਕੁ ਬਾਅਦ ਅਕਤੂਬਰ 2015 ਵਿੱਚ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਪਾਰੀ ਸੀ ਜਿਸ ਤੋਂ ਪਹਿਲਾਂ 1 ਜੂਨ ਨੂੰ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਸੇਵਾਮੁਕਤ ਡੀ.ਜੀ.ਪੀ. ਮੁਹੰਮਦ ਇਜ਼ਹਾਰ ਆਲਮ ਦੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਮੂਲੀਅਤ ਸਮੇਤ ਕੁਝ ਘਟਨਾਵਾਂ ਨੂੰ ਇਸ ਪੱਤਰ ਵਿੱਚ ਦਰਜ ਕੀਤਾ ਗਿਆ ਹੈ। ਇਸ ਪੱਤਰ ਵਿੱਚ ਇਨ੍ਹਾਂ ਆਗੂਆਂ ਨੇ ਮੰਨਿਆ ਹੈ ਕਿ ਉਹ ਇਸ ਦੌਰਾਨ ਚੁੱਪ ਰਹੇ ਸਨ, ਜਿਸ ਕਰ ਕੇ ਉਹ ਵੀ ਕਸੂਰਵਾਰ ਹਨ। ਹਾਲਾਂਕਿ ਸਤਹੀ ਤੌਰ 'ਤੇ ਦੇਖਿਆਂ ਜਾਪਦਾ ਹੈ ਕਿ ਇਹ ਪੱਤਰ ਸਿਰਫ਼ ਪਸ਼ਤਾਚਾਪ ਕਰਨ ਹਿੱਤ ਲਿਖਿਆ ਗਿਆ ਹੈ ਪਰ ਇਸ ਦੇ ਅਰਥ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਹਨ। ਇਸ ਨੇ ਨਾ ਸਿਰਫ਼ ਸੁਖਬੀਰ ਸਿੰਘ ਬਾਦਲ ਬਲਕਿ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਵਰਗੀਆਂ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਕਾਰਵਾਈਆਂ ਅਤੇ ਨਕਾਰੇਪਣ ਕਰ ਕੇ ਇਨ੍ਹਾਂ ਕੇਸਾਂ 'ਚ ਮਿਲੀਭੁਗਤ ਬਦਲੇ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਇਹ ਮਹਿਜ਼ ਅਕਾਲੀ ਦਲ ਦਾ ਸੰਕਟ ਨਹੀਂ ਸਗੋਂ ਪੰਥਕ ਸੰਕਟ ਹੈ।

ਸਮੱਸਿਆ ਇਹ ਹੈ ਕਿ ਇਹ ਸਿਰਫ਼ ਇਲਜ਼ਾਮ ਨਹੀਂ ਹਨ ਬਲਕਿ ਤੱਥ ਆਧਾਰਿਤ ਬਿਆਨ ਹਨ। ਇਨ੍ਹਾਂ ਵਿੱਚੋਂ ਕਈ ਆਗੂ ਦ੍ਰਿੜ੍ਹਤਾ ਨਾਲ ਹਾਲੇ ਵੀ ਕਹਿੰਦੇ ਹਨ ਕਿ ਉਨ੍ਹਾਂ 2022 ਵਿੱਚ ਹੀ ਪ੍ਰਸਤਾਵ ਰੱਖਿਆ ਸੀ ਕਿ ਪਾਰਟੀ ਨੂੰ ਅਕਾਲ ਤਖ਼ਤ 'ਤੇ ਮਾੜੇ ਕੰਮਾਂ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਸਿੱਖ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਕਈ ਵਾਰ, ਅਕਾਲ ਤਖ਼ਤ ਨੇ ਪੰਥਕ ਕਦਰਾਂ-ਕੀਮਤਾਂ ਭੰਗ ਹੋਣ ਦਾ ਖ਼ੁਦ ਵੀ ਨੋਟਿਸ ਲਿਆ ਹੈ ਤੇ ਇਸ ਦੀ ਸਭ ਤੋਂ ਵੱਧ ਦਿੱਤੀ ਜਾਣ ਵਾਲੀ ਮਿਸਾਲ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀ ਹੋਈ ਹੈ।

**(ਬਾਕੀ ਸਫ਼ਾ 30 'ਤੇ)**

# ਦਰਬਾਰ ਸਾਹਿਬ ਸਮੂਹ 'ਚ ਫ਼ਿਲਮਾਂ ਦੇ ਪ੍ਰਚਾਰ 'ਤੇ ਰੋਕ

## ਪਰਿਕਰਮਾ ਵਿੱਚ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਮਰਿਆਦਾ ਦੀ ਹੋ ਰਹੀ ਉਲੰਘਣਾ ਨੂੰ ਧਿਆਨ ਵਿੱਚ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਥੇ ਫਿਲਮੀ ਕਲਾਕਾਰਾਂ ਵੱਲੋਂ ਫਿਲਮਾਂ ਦੇ ਪ੍ਰਚਾਰ ਵਾਸਤੇ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰਨ 'ਤੇ ਰੋਕ ਲਾ ਦਿੱਤੀ ਹੈ। ਇਹ ਫ਼ੈਸਲਾ ਬੀਤੇ ਦਿਨ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਸੀ, ਜਿਸ ਨੂੰ ਹੁਣ ਲਾਗੂ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਵਡੋਦਰਾ ਵਾਸੀ ਅਰਚਨਾ ਮਕਵਾਨਾ ਨੇ ਇੱਥੇ ਪਰਿਕਰਮਾ ਵਿੱਚ ਯੋਗ ਆਸਣ ਕੀਤਾ ਸੀ, ਜਿਸ ਦਾ ਵਿਵਾਦ ਅਜੇ ਚੱਲ ਹੀ ਰਿਹਾ ਸੀ ਕਿ ਅਗਲੇ ਦਿਨ ਦਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਨੇ ਆਪਣੀ ਫਿਲਮ ਦੇ ਪ੍ਰਚਾਰ ਲਈ ਇੱਥੇ ਮੱਥਾ ਟੇਕਿਆ। ਦਲਜੀਤ ਦੋਸਾਂਝ ਨੇ ਸਵੇਰੇ ਪ੍ਰਕਾਸ਼ ਵੇਲੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਵੀਡੀਓ ਸਾਂਝੀ ਕੀਤੀ, ਜਿਸ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਸਖਤ ਨੋਟਿਸ ਲਿਆ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਸਬੰਧੀ ਫ਼ੈਸਲਾ ਲੈਂਦਿਆਂ ਫਿਲਮਾਂ ਦੇ ਪ੍ਰਚਾਰ ਅਤੇ ਪ੍ਰਮੋਸ਼ਨ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਵੀਡੀਓਗ੍ਰਾਫੀ ਕਰਨ 'ਤੇ ਮੁਕੰਮਲ ਰੋਕ ਲਾ ਦਿੱਤੀ ਗਈ ਹੈ।



ਇਸ ਰੋਕ ਤਹਿਤ ਆਮ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਕੁਝ ਛੋਟ ਦਿੱਤੀ ਗਈ ਹੈ, ਜਿਸ ਤਹਿਤ ਉਹ ਯਾਦਗਾਰ ਵਜੋਂ ਪਰਿਕਰਮਾ ਵਿੱਚ ਆਪਣੀ ਤਸਵੀਰ ਅਤੇ ਸੈਲਫੀ ਲੈ ਸਕਦੇ ਹਨ ਪਰ ਚਲਦੇ ਹੋਏ ਵੀਡੀਓਗ੍ਰਾਫੀ ਕਰਨ ਤੋਂ ਗੁਰੇਜ਼ ਕਰਨਾ ਹੋਵੇਗਾ। ਇਸ ਸਬੰਧੀ ਮਰਿਆਦਾ ਦੇ ਪਾਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਪਰਿਕਰਮਾ ਵਿੱਚ ਵਾਧੂ ਟਾਸਕ ਫੋਰਸ ਲਗਾਉਣ ਅਤੇ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜਾਰੀ ਕੀਤੇ ਹੁਕਮਾਂ ਨੂੰ ਫ਼ੌਰੀ ਤੌਰ 'ਤੇ ਲਾਗੂ ਕੀਤਾ ਗਿਆ ਹੈ। ਪਰਿਕਰਮਾ ਵਾਸਤੇ ਵਾਧੂ ਸਟਾਫ ਭਰਤੀ ਕੀਤਾ ਜਾ ਰਿਹਾ ਹੈ, ਜੋ ਇਸੇ ਹਫ਼ਤੇ ਆਪਣੀ ਡਿਊਟੀ 'ਤੇ ਪੁੱਜ ਜਾਵੇਗਾ। ਉਨ੍ਹਾਂ ਦੱਸਿਆ ਕਿ ਪਰਿਕਰਮਾ ਵਿੱਚ ਡਿਊਟੀ ਦੇਣ ਵਾਲੇ ਸੇਵਾਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਵਰਕਸ਼ਾਪ ਲਾ ਕੇ ਸਿੱਖਿਅਤ ਕੀਤਾ ਜਾਵੇਗਾ ਕਿ ਕਿਵੇਂ ਧਾਰਮਿਕ ਸਥਾਨ ਦੀ ਮਰਿਆਦਾ ਦੀ ਪਾਲਣਾ ਕਰਨੀ ਹੈ ਅਤੇ ਸੈਲਾਨੀਆਂ ਨਾਲ ਨਿਮਰਤਾ ਨਾਲ ਪੇਸ਼ ਆਉਣਾ ਹੈ।

**ਮਰਿਆਦਾ ਦੀ ਪਾਲਣਾ ਜ਼ਰੂਰੀ: ਧਾਮੀ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਧਾਰਮਿਕ ਸਥਾਨ 'ਤੇ ਆਉਣ ਵਾਲੇ ਸ਼ਰਧਾਲੂਆਂ ਦੀ ਆਸਥਾ ਦਾ ਧਿਆਨ ਰੱਖਣਾ ਜ਼ਰੂਰੀ ਹੈ ਪਰ ਇਸ ਦੇ ਨਾਲ ਹੀ ਗੁਰੂ ਧਾਮ ਦੀ ਮਰਿਆਦਾ ਦੀ ਪਾਲਣਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸੇ ਤਹਿਤ ਹੀ ਕੁਝ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਮਨੁੱਖੀ ਅਣਗਹਿਲੀ ਨਾਲ ਵਾਪਰਦੇ ਹਾਦਸੇ

ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਪੁਲਰਾਈ ਪਿੰਡ ਵਿੱਚ ਮੱਚੀ ਭਾਜੜ ਪਹਿਲੀ ਘਟਨਾ ਨਹੀਂ ਹੈ ਤੇ ਨਾ ਹੀ ਇਹ ਆਖਰੀ ਹੋਵੇਗੀ। ਅਕਸਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਵੱਡੀਆਂ ਘਟਨਾਵਾਂ ਤਾਂ ਸੁਰਖੀਆਂ ਵਿੱਚ ਆ ਜਾਂਦੀਆਂ ਹਨ ਪਰ ਛੋਟੀਆਂ ਘਟਨਾਵਾਂ ਜਾਂ ਛੋਟੇ ਇਲਾਕਿਆਂ ਵਿੱਚ ਵਾਪਰੀਆਂ ਘਟਨਾਵਾਂ ਕਈ ਵਾਰ ਸਾਹਮਣੇ ਨਹੀਂ ਆਉਂਦੀਆਂ। ਸੰਵਿਧਾਨ- ਸੰਵਿਧਾਨ ਨੂੰ ਕੂਕਣ ਵਾਲੀਆਂ ਸਿਆਸੀ ਪਾਰਟੀਆਂ ਵੀ ਅਜਿਹੀਆਂ ਘਟਨਾਵਾਂ ’ਤੇ ਮੂਕ ਦਰਸ਼ਕ ਬਣੀਆਂ ਹੋਈਆਂ ਹਨ।

ਇਸ ਤੋਂ ਪਹਿਲਾਂ ਵੀ ਅਜਿਹੀਆਂ ਹੀ ਅਨੇਕਾਂ ਘਟਨਾਵਾਂ ਭਾਰਤ ਸਮੇਤ ਪੂਰੇ ਵਿਸ਼ਵ ਵਿੱਚ ਕਈ ਵਾਰ ਵਾਪਰ ਚੁੱਕੀਆਂ ਹਨ ਪਰ ਪ੍ਰਸ਼ਾਸਨ ਜਾਂ ਸਰਕਾਰਾਂ ਵੱਲੋਂ ਇਹਨਾਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਜਾਂਦਾ ਅਤੇ ਅਜਿਹੀਆਂ ਘਟਨਾਵਾਂ ਤੋਂ ਬਚਾਓ ਲਈ ਪੁਖਤਾ ਪ੍ਰਬੰਧ ਨਹੀਂ ਕੀਤੇ ਜਾਂਦੇ, ਜਿਸ ਕਾਰਨ ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰਦੀਆਂ ਰਹਿੰਦੀਆਂ ਹਨ। ਹਾਥਰਸ ਜ਼ਿਲ੍ਹੇ ਵਿੱਚ ਘਟਨਾ ਤੋਂ ਬਾਅਦ ਸਬੰਧਿਤ ਬਾਬਾ ਤਾਂ ਮੌਕੇ ਤੋਂ ਫਰਾਰ ਹੋ ਗਿਆ ਪਰ ਪਿੱਛੇ ਰਹਿ ਗਏ ਇਧਰ-ਉਧਰ ਖਿੱਲਰੀਆਂ ਚੱਪਲਾਂ, ਕੱਪੜਿਆਂ ਦੇ ਟੁਕੜੇ, ਧੂੜ-ਮਿੱਟੀ, ਐਂਬੂਲੈਂਸਾਂ ਦੀ ਆਵਾਜਾਈ, ਮੁਰਦਾਘਰ ਦੇ ਬਾਹਰ ਬਰਫ਼ ਦੇ ਢੇਰ, ਥੋਕ ਵਿੱਚ ਪਈਆਂ ਮਨੁੱਖੀ ਲਾਸ਼ਾਂ, ਆਪਣੇ ਲੋਕਾਂ ਦੀਆਂ ਲਾਸ਼ਾਂ ਦੀ ਪਛਾਣ ਕਰਨ ਲਈ ਭਟਕਦੇ ਜਿਉਂਦੇ ਲੋਕ। ਸਾਧਨਾਂ ਦੀ ਅਣਹੋਂਦ ਕਾਰਨ ਲਾਸ਼ਾਂ ਨੂੰ ਮੋਢਿਆਂ ’ਤੇ ਚੁੱਕ ਕੇ ਲਿਜਾਉਣ ਦਾ ਇਹ ਨਜ਼ਾਰਾ ਦੋ ਦਿਨ ਤੱਕ ਦੇਖਣ ਨੂੰ ਮਿਲਿਆ।

ਭਾਵੇਂ ਕਿ ਸਰਕਾਰ ਨੇ ਇਸ ਘਟਨਾ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਘਟਨਾਵਾਂ ਪਹਿਲਾਂ ਵਾਪਰ ਚੁੱਕੀਆਂ ਹਨ, ਉਹਨਾਂ ਦੀ ਜਾਂਚ ਦਾ ਕੀ ਬਣਿਆ ਤੇ ਇਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਕਿੰਨੇ ਲੋਕਾਂ ਨੂੰ ਸਜ਼ਾ ਦਿੱਤੀ ਗਈ? ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਜਾਂਚ ਦਾ ਸਿਰਫ਼ ਢਕਵੰਜ ਹੀ ਕੀਤਾ ਜਾਵੇਗਾ ਜਾਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਵੀ ਹੋਵੇਗੀ। ਇਥੇ ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਇਸ ਤੋਂ ਪਹਿਲਾਂ ਭਾਰਤ ਵਿੱਚ ਵਾਪਰੀਆਂ ਅਜਿਹੀਆਂ ਘਟਨਾਵਾਂ ਦੀ ਜਾਂਚ ਦਾ ਕੀ ਬਣਿਆ? ਕੀ ਉਹਨਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਹੁਣ ਤੱਕ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ ਜਾਂ ਇਹ ਮਾਮਲੇ ਰਫਾ ਦਫ਼ਾ ਹੋ ਗਏ ਹਨ? ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਧਾਰਮਿਕ ਸਮਾਗਮਾਂ ਦੌਰਾਨ ਧਰਮ-ਕਰਮ ਦਾ ਉਪਦੇਸ਼ ਦੇਣ ਵਾਲੇ ਧਾਰਮਿਕ ਆਗੂ ਜਾਂ ਬਾਬੇ ਸਮਾਗਮ ਵਿੱਚ ਸ਼ਾਮਲ ਲੋਕਾਂ ਨੂੰ ਸੰਜਮ ਅਤੇ ਅਨੁਸ਼ਾਸਨ ਦਾ ਸਬਕ ਕਿਉਂ ਨਹੀਂ ਦੇ ਪਾਉਂਦੇ? ਕਿਹਾ ਜਾਂਦਾ ਹੈ ਕਿ ਅਜਿਹੇ ਸਮਾਗਮਾਂ ਵਿੱਚ ਭਾਜੜ ਪੈਣ ਦਾ ਇੱਕ ਵੱਡਾ ਕਾਰਨ ਸਮਾਗਮ ਵਿੱਚ ਸ਼ਾਮਲ ਲੋਕਾਂ ਦਾ ਗ਼ੈਰ-ਸੰਜਮੀ ਵਿਵਹਾਰ ਵੀ ਬਣਦਾ ਹੈ। ਜੇ ਲੋਕ ਸੰਜਮ ਵਿੱਚ ਰਹਿਣ ਤਾਂ ਅਜਿਹੀਆਂ ਘਟਨਾਵਾਂ ਦੇ ਵਾਪਰਣ ਤੋਂ ਬਚਿਆ ਜਾ ਸਕਦਾ ਹੈ।

ਇੱਥੇ ਵੱਡਾ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਆਮ ਲੋਕ ਇਹਨਾਂ ਬਾਬਿਆਂ ਅਤੇ ਅਖੌਤੀ ਧਰਮ ਗੁਰੂਆਂ ਦੀ ਸ਼ਰਨ ਵਿੱਚ ਕਿਉਂ ਚਲੇ ਜਾਂਦੇ ਹਨ? ਇਸ ਦਾ ਜਵਾਬ ਇਹ ਹੈ ਕਿ ਮੁਲਕ ਦੇ ਆਮ ਲੋਕਾਂ ਨੂੰ ਰੁਜ਼ਗਾਰ ਤੋਂ ਲੈ ਕੇ ਬਿਮਾਰੀਆਂ ਦੇ ਇਲਾਜ ਤੱਕ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਤੋਂ ਹੁਣ ਕੋਈ ਉਮੀਦ ਨਹੀਂ ਰਹੀ ਹੈ, ਇਸ ਕਾਰਨ ਲੋਕ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਬਾਬਿਆਂ ਕੋਲ ਜਾ ਕੇ ਉਨ੍ਹਾਂ ਦੇ ਪੈਰਾਂ ਵਿੱਚ ਬੈਠਣ ਲੱਗ ਪਏ ਹਨ। ਜੇਕਰ ਸਰਕਾਰ ਨੇ ਰੁਜ਼ਗਾਰ, ਸਿੱਖਿਆ, ਜੀਵਨ ਪੱਧਰ ਉੱਚਾ ਚੁੱਕਣ ਵਰਗੀਆਂ ਜ਼ਿੰਮੇਵਾਰੀਆਂ ਨਿਭਾਈਆਂ ਹੁੰਦੀਆਂ ਤਾਂ ਸਤਿਸੰਗ ਸਥਾਨਾਂ ਨੂੰ ਤਾਲੇ ਲੱਗ ਜਾਣੇ ਸਨ ਅਤੇ ਅਨੇਕਾਂ ਬਾਬਿਆਂ ਦਾ ਆਲੀਸ਼ਾਨ ਬੰਗਲਿਆਂ ਵਿੱਚ ਰਹਿਣਾ ਅਤੇ ਮਹਿੰਗੀਆਂ ਕਾਰਾਂ ਵਿੱਚ ਸਫ਼ਰ ਕਰਨਾ ਬੰਦ ਹੋ ਜਾਣਾ ਬੰਦ ਹੋ ਜਾਣਾ ਸੀ। ਜੇ ਅਜਿਹੇ ਬਾਬੇ ਨਾ ਹੋਣ ਤਾਂ ਅਮੀਰ ਲੋਕਾਂ ਦੇ ਕਾਲੇ ਧਨ ਨੂੰ ਚਿੱਟੇ ਵਿੱਚ ਤਬਦੀਲ ਕਰਨਾ ਬੰਦ ਹੋ ਜਾਵੇਗਾ। ਇਸ ਨਾਲ ਸਮਾਜ ਦੇ ਤਾਕਤਵਰ ਲੋਕਾਂ ਦਾ ਨੈਟਵਰਕ ਵਿਗੜ ਜਾਵੇਗਾ। ਸਰਕਾਰਾਂ ਨੂੰ ਵੀ ਅਜਿਹੇ ਬਾਬੇ ਰਾਸ ਆ ਜਾਂਦੇ ਹਨ ਕਿਉਂਕਿ ਬਾਬਿਆਂ ਦੇ ਮਾਇਆਜਾਲ ਵਿੱਚ ਉਲਝੇ ਆਮ ਲੋਕ ਸਰਕਾਰ ਤੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਮੰਗ ਨਹੀਂ ਕਰਦੇ।

ਜਦੋਂ ਵੀ ਹਾਥਰਸ ਜ਼ਿਲ੍ਹੇ ਵਰਗੀ ਘਟਨਾ ਵਾਪਰਦੀ ਹੈ ਤਾਂ ਕੇਂਦਰ ਸਰਕਾਰ ਇਸ ਦੀ ਜ਼ਿੰਮੇਵਾਰੀ ਰਾਜ ਸਰਕਾਰ ’ਤੇ ਸੁੱਟ ਦਿੰਦੀ ਹੈ ਅਤੇ ਰਾਜ ਸਰਕਾਰ ਅਜਿਹੀ ਘਟਨਾ ਦੀ ਸਾਰੀ ਜ਼ਿੰਮੇਵਾਰੀ ਲੋਕਲ ਪ੍ਰਸ਼ਾਸਨ ’ਤੇ ਸੁੱਟ ਦਿੰਦੀ ਹੈ ਅਤੇ ਲੋਕਲ ਪ੍ਰਸ਼ਾਸਨ ਸਬੰਧਿਤ ਘਟਨਾ ਦੀ ਸਾਰੀ ਜ਼ਿੰਮੇਵਾਰੀ ਸਮਾਗਮ ਦੇ ਪ੍ਰਬੰਧਕਾਂ ’ਤੇ ਸੁੱਟ ਦਿੰਦਾ ਹੈ। ਅਜਿਹੇ ਸਮਾਗਮਾਂ ਦੇ ਪ੍ਰਬੰਧਕ ਸਾਰੀ ਜ਼ਿੰਮੇਵਾਰੀ ਲੈਣ ਦੀ ਥਾਂ ਇਹ ਕਹਿ ਕੇ ਪੱਲਾ ਝਾੜ ਲੈਂਦੇ ਹਨ ਕਿ ਉਮੀਦ ਨਾਲੋਂ ਜ਼ਿਆਦਾ ਭੀੜ ਇਕੱਠੀ ਹੋ ਗਈ ਸੀ, ਜਿਸ ਕਾਰਨ ਇਹ ਘਟਨਾ ਵਾਪਰ ਗਈ। ਕਹਿਣ ਦਾ ਭਾਵ ਇਹ ਹੈ ਕਿ ਅਜਿਹੀਆਂ ਘਟਨਾਵਾਂ ਵਿੱਚ ਅਕਸਰ ਮਰਨ ਵਾਲਿਆਂ ਨੂੰ ਹੀ ਦੋਸ਼ੀ ਠਹਿਰਾਉਣ ਦੀ ਖੇਡ ਖੇਡੀ ਜਾਣ ਲੱਗਦੀ ਹੈ। ਆਮ ਲੋਕ ਬਹੁਤ ਭੋਲੇ ਭਾਲੇ ਹੁੰਦੇ ਹਨ, ਉਹ ਬਹੁਤ ਜਲਦੀ ਹੀ ਅਜਿਹੀਆਂ ਘਟਨਾਵਾਂ ਨੂੰ ਭੁੱਲ ਜਾਂਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਮਨੁੱਖੀ ਅਣਗਹਿਲੀ ਕਾਰਨ ਵਾਪਰਦੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਵੱਡੀ ਪੱਧਰ ’ਤੇ ਉਪਰਾਲੇ ਕੀਤੇ ਜਾਣ। ਅਜਿਹੇ ਸਮਾਗਮਾਂ ਨੂੰ ਕਰਵਾਉਣ ਵਾਲੇ ਪ੍ਰਬੰਧਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੱਡੀ ਗਿਣਤੀ ਸ਼ਰਧਾਲੂਆਂ ਦੀ ਆਮਦ ਨੂੰ ਵੇਖਦਿਆਂ ਢੁਕਵੇਂ ਪ੍ਰਬੰਧ ਕਰਨ ਅਤੇ ਹਰ ਤਰ੍ਹਾਂ ਦੀਆਂ ਅਣਸੁਖਾਂਵੀਆਂ ਘਟਨਾਵਾਂ ਤੋਂ ਬਚਾਓ ਲਈ ਵੀ ਪ੍ਰਬੰਧ ਕੀਤੇ ਜਾਣ। ਅਧਿਕਾਰੀਆਂ ਨੂੰ ਭੀੜ ਨੂੰ ਕਾਬੂ ਕਰਨ ਲਈ ਮਜ਼ਬੂਤ ਰਣਨੀਤੀਆਂ ਅਪਣਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਜਗ੍ਹਾ ਦੀ ਸਮਰੱਥਾ ਦੀਆਂ ਹੱਦਬੰਦੀਆਂ ਦੀ ਪਾਲਣਾ ਕਰਨਾ, ਕਾਰਗਰ ਐਮਰਜੈਂਸੀ ਰਿਸਪਾਂਸ ਯੋਜਨਾ, ਸੁਰੱਖਿਆ ਅਤੇ ਮੈਡੀਕਲ ਕਰਮੀਆਂ ਦੀ ਢੁਕਵੀਂ ਤਾਇਨਾਤੀ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਨਿਗਰਾਨੀ, ਕਾਰਗਰ ਸੰਚਾਰ ਚੈਨਲਾਂ ਦੀ ਵਰਤੋਂ ਆਦਿ ਸ਼ਾਮਿਲ ਹਨ। ਮਨੁੱਖੀ ਜ਼ਿੰਦਗੀਆਂ ਬਹੁਤ ਕੀਮਤੀ ਹੁੰਦੀਆਂ ਹਨ ਅਤੇ ਇਹ ਅਜਾਂਈ ਨਹੀਂ ਜਾਣੀਆਂ ਚਾਹੀਦੀਆਂ। ਅਜਿਹੇ ਸਮਾਗਮ ਖੁੱਲ੍ਹੀਆਂ ਥਾਂਵਾਂ ’ਤੇ ਕਰਵਾਏ ਜਾਣੇ ਚਾਹੀਦੇ ਹਨ ਅਤੇ ਉਥੇ ਸ਼ਰਧਾਲੂਆਂ ਦੀ ਸੁਰੱਖਿਆ ਦੇ ਵੀ ਪੂਰੇ ਪ੍ਰਬੰਧ ਹੋਣੇ ਚਾਹੀਦੇ ਹਨ। ਮਨੁੱਖੀ ਅਣਗਹਿਲੀਆਂ ਕਾਰਨ ਵਾਪਰਦੇ ਦੁਖਾਂਤਾਂ ਨੂੰ ਰੋਕਣ ਲਈ ਮਨੁੱਖ ਨੂੰ ਹੀ ਢੁਕਵੇਂ ਪ੍ਰਬੰਧ ਕਰਨ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ।

# ਐਮਰਜੈਂਸੀ ਦੇ ਬਿਰਤਾਂਤ ’ਚੋਂ ਗੁੰਮ ਹੈ ਸ਼੍ਰੋਮਣੀ ਅਕਾਲੀ ਦਲ, ਪੰਥ ਤੇ ਪੰਜਾਬ ਦਾ ਰੋਲ



ਸਤਨਾਮ ਮਾਣਕ




49 ਸਾਲ ਪਹਿਲਾਂ 25 ਜੂਨ, 1975 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਲਾਈ ਗਈ ਐਮਰਜੈਂਸੀ ਦੀ ਅੱਜਕਲ੍ਹ ਦੇਸ਼ ਵਿੱਚ ਖ਼ੂਬ ਚਰਚਾ ਹੋ ਰਹੀ ਹੈ। ਐਮਰਜੈਂਸੀ ਦੀ 49ਵੀਂ ਵਰ੍ਹੇਗੰਢ ਦੇ ਸੰਦਰਭ ਵਿੱਚ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਦੇ ਪਹਿਲੇ ਦਿਨ ਸੰਸਦ ਭਵਨ ਦੇ ਵਿਹੜੇ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਐਮਰਜੈਂਸੀ ਸੰਬੰਧੀ ਸਖ਼ਤ ਟਿੱਪਣੀਆਂ ਕੀਤੀਆਂ ਗਈਆਂ। ਉਨ੍ਹਾਂ ਨੇ ਇਸ ਨੂੰ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਇੱਕ ਕਾਲਾ ਅਧਿਆਇ ਕਰਾਰ ਦਿੰਦਿਆਂ ਨਵੀਆਂ ਪੀੜ੍ਹੀਆਂ ਨੂੰ ਇਸ ਨੂੰ ਨਾ ਭੁਲਾਉਣ ਲਈ ਕਿਹਾ।

ਇਸ ਤੋਂ ਬਾਅਦ ਲੋਕ ਸਭਾ ਦਾ ਸਪੀਕਰ ਚੁਣੇ ਜਾਣ ਤੋਂ ਤੁਰੰਤ ਬਾਅਦ ਸ੍ਰੀ ਓਮ ਬਿਰਲਾ ਨੇ ਲੋਕ ਸਭਾ ਵਿੱਚ ਇੱਕ ਮਤਾ ਪੇਸ਼ ਕਰਕੇ ਐਮਰਜੈਂਸੀ ਲਈ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਖ਼ਤ ਆਲੋਚਨਾ ਕੀਤੀ ਅਤੇ ਐਮਰਜੈਂਸੀ ਸੰਬੰਧੀ ਵਿਸਥਾਰਪੂਰਵਕ ਟਿੱਪਣੀਆਂ ਕੀਤੀਆਂ। ਇਥੇ ਹੀ ਬੱਸ ਨਹੀਂ, ਇਸ ਤੋਂ ਬਾਅਦ 27 ਜੂਨ ਨੂੰ ਦੇਸ਼ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੰਸਦ ਦੇ ਸਾਂਝੇ ਸੰਬੋਧਨ ਸੈਸ਼ਨ ਨੂੰ ਸੰਬੋਧਨ ਕਰਦਿਆਂ ਵੀ ਐਮਰਜੈਂਸੀ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ। ਉਨ੍ਹਾਂ ਨੇ ਵੀ ਇਸ ਨੂੰ ਭਾਰਤੀ ਲੋਕਤੰਤਰ ਦਾ ਕਾਲਾ ਅਧਿਆਏ ਇਕਰਾਰ ਦਿੱਤਾ। ਇਸ ਤੋਂ ਇਲਾਵਾ ਸੱਤਾਧਾਰੀ ਪਾਰਟੀ ਭਾਜਪਾ ਨੇ ਆਪਣੇ ਦਿੱਲੀ ਦਫ਼ਤਰ ਵਿੱਚ ਵੀ ਐਮਰਜੈਂਸੀ ਸੰਬੰਧੀ ਇੱਕ ਵਿਸ਼ੇਸ਼ ਸਮਾਗਮ ਜਥੇਬੰਦ ਕੀਤਾ, ਜਿਸ ਨੂੰ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਤੇ ਕੇਂਦਰੀ ਮੰਤਰੀ ਜੇ.ਪੀ. ਨੱਢਾ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਆਪਣੇ ਇਸ ਸੰਬੋਧਨ ਵਿੱਚ ਸਾਬਕਾ ਮੰਤਰੀ ਪ੍ਰਧਾਨ ਮੰਤਰੀ ਸ੍ਰੀ ਇੰਦਰਾ ਗਾਂਧੀ ਅਤੇ ਕਾਂਗਰਸ ਪਾਰਟੀ ਦੀ ਸਖ਼ਤ ਆਲੋਚਨਾ ਕੀਤੀ।

ਦੂਜੇ ਪਾਸੇ ਕਾਂਗਰਸ ਪਾਰਟੀ ਤੇ ਹੋਰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਸੰਸਦ ਦੇ ਪਹਿਲੇ ਸੈਸ਼ਨ ਦੌਰਾਨ ਐਮਰਜੈਂਸੀ ਨੂੰ ਮੁੱਦਾ ਬਣਾਉਣ ਦੀ ਆਲੋਚਨਾ ਕਰਦਿਆਂ ਇਹ ਕਿਹਾ ਕਿ ਦੇਸ਼ ਵਿੱਚ ਪਿਛਲੇ ਲੰਮੇ ਸਮੇਂ ਤੋਂ ਅਣਐਲਾਨੀ ਐਮਰਜੈਂਸੀ ਲੱਗੀ ਹੋਈ ਹੈ। ਮੌਜੂਦਾ ਸੱਤਾਧਾਰੀ ਪਾਰਟੀ ਵਲੋਂ ਵਿਰੋਧੀ ਨੇਤਾਵਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਪ੍ਰੈੱਸ ਨੂੰ ਵੀ ਦਬਾਇਆ ਜਾ ਰਿਹਾ ਹੈ। ਆਪਣੇ ਇਨ੍ਹਾਂ ਗੁਨਾਹਾਂ ਨੂੰ ਛੁਪਾਉਣ ਲਈ ਹੀ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਆਗੂਆਂ ਵਲੋਂ 49 ਸਾਲਾਂ ਬਾਅਦ ਹੁਣ ਐਮਰਜੈਂਸੀ ਦਾ ਮੁੱਦਾ ਉਛਾਲਿਆ ਜਾ ਰਿਹਾ ਹੈ।

ਬਿਨਾਂ ਸ਼ੱਕ ਇਲਾਹਾਬਾਦ ਹਾਈ ਕੋਰਟ ਵੱਲੋਂ ਸ੍ਰੀਮਤੀ ਇੰਦਰਾ ਗਾਂਧੀ ਦੀ ਚੋਣ ਨੂੰ ਨਾਜਾਇਜ਼ ਕਰਾਰ ਦਿੱਤੇ ਜਾਣ ਤੋਂ ਬਾਅਦ 25 ਜੂਨ, 1975 ਨੂੰ ਦੇਸ਼ ਵਿੱਚ ਅੰਦਰੂਨੀ ਗੜਬੜੀ ਹੋਣ ਦੀਆਂ ਕਥਿਤ ਸੰਭਾਵਨਾਵਾਂ ਦਾ ਬਹਾਨਾ ਬਣਾ ਕੇ ਐਮਰਜੈਂਸੀ ਲਾਗੂ ਕਰਨਾ, ਵਿਰੋਧੀ ਪਾਰਟੀਆਂ ਦੇ ਸੀਨੀਅਰ ਆਗੂਆਂ, ਜਿਨ੍ਹਾਂ ਵਿਚ ਜੈ ਪ੍ਰਕਾਸ਼ ਨਾਰਾਇਣ, ਮੁਰਾਰਜੀ ਦੇਸਾਈ, ਰਾਜ ਨਾਰਾਇਣ, ਅਟਲ ਬਿਹਾਰੀ ਵਾਜਪਈ, ਅਸ਼ੋਕ ਮਹਿਤਾ, ਚੌਧਰੀ ਚਰਨ ਸਿੰਘ, ਮਧੂ ਦੰਡਵਤੇ, ਮਧੂ ਲਿਮੇ, ਨਾਨਾਜੀ ਦੇਸ਼ਮੁਖ, ਡਾ. ਬਲਦੇਵ ਪ੍ਰਕਾਸ਼, ਬਲਰਾਮ ਜੀ ਦਾਸ ਟੰਡਨ, ਚੌਧਰੀ ਦੇਵੀ ਲਾਲ, ਸ੍ਰੀ ਚਾਂਦ ਰਾਮ ਸਮੇਤ ਤਿੰਨ ਹਜ਼ਾਰ ਤੋਂ ਵੱਧ ਵਿਰੋਧੀ ਸਿਆਸੀ ਨੇਤਾ ਸ਼ਾਮਿਲ ਸਨ, ਨੂੰ ਡੀ.ਆਈ.ਆਰ. ਅਤੇ ਮੀਸਾ ਵਰਗੇ ਕਾਲੇ ਕਾਨੂੰਨਾਂ ਅਧੀਨ ਨਜ਼ਰਬੰਦ ਕਰਨਾ ਅਤੇ ਅਖ਼ਬਾਰਾਂ ’ਤੇ ਸੈਂਸਰਸ਼ਿਪ ਲਗਾ ਕੇ ਉਨ੍ਹਾਂ ਦੀ ਜ਼ਬਾਨ ਬੰਦ ਕਰਨਾ ਸੰਵਿਧਾਨ ਅਤੇ ਜਮਹੂਰੀਅਤ ’ਤੇ ਇੱਕ ਬਹੁਤ ਵੱਡਾ ਹਮਲਾ ਸੀ। ਇਸ ਸਮੇਂ ਦੌਰਾਨ ਦੇਸ਼ ਦੇ ਬਹੁਤ ਸਾਰੇ ਲੋਕਾਂ ਨੂੰ ਜਬਰੀ ਨਸਬੰਦੀ, ਗ੍ਰਿਫ਼ਤਾਰੀਆਂ ਤੇ ਤਸ਼ੱਦਦ ਦੇ ਦੌਰ ਵਿਚੋਂ ਗੁਜ਼ਰਨਾ ਪਿਆ। ਦਿੱਲੀ ਵਿੱਚ ਸੜਕਾਂ ਚੌੜੀਆਂ ਕਰਨ ਦੇ ਨਾਂਅ ’ਤੇ ਲੋਕਾਂ ਦੇ ਘਰ ਵੀ ਢਾਏ ਗਏ। ਜਿਹੜੇ ਲੋਕ ਉਸ ਦੌਰ ਵਿਚੋਂ ਗੁਜ਼ਰੇ ਹਨ, ਉਹ ਅੱਜ ਵੀ ਉਨ੍ਹਾਂ ਕੌੜੀਆਂ ਯਾਦਾਂ ਨੂੰ ਦੁਹਰਾਉਂਦੇ ਹੋਏ ਦੱਸਦੇ ਹਨ ਕਿ ਦੇਸ਼ ਵਿੱਚ ਕਿਸ ਤਰ੍ਹਾਂ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ ਸੀ। ਸ੍ਰੀਮਤੀ ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਸੰਜੈ ਗਾਂਧੀ ਨੇ ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਤੇ ਲੋਕਾਂ ਦੀਆਂ ਸ਼ਹਿਰੀ ਆਜ਼ਾਦੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਵਿਰੋਧੀ ਪਾਰਟੀਆਂ ਦੇ ਨਾਲ-ਨਾਲ ਕਾਂਗਰਸ ਦੇ ਉਸ ਸਮੇਂ ਦੇ ਕੁਝ ਨੌਜਵਾਨ ਨੇਤਾਵਾਂ ਚੰਦਰ ਸ਼ੇਖਰ ਮੋਹਨ ਧਾਰੀਆ, ਕ੍ਰਿਸ਼ਨ ਕਾਂਤ ਅਤੇ ਰਾਮ ਧਨ ਆਦਿ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ।


21 ਮਹੀਨਿਆਂ ਬਾਅਦ 21 ਮਾਰਚ, 1977 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ ਐਮਰਜੈਂਸੀ ਵਾਪਸ ਲੈ ਕੇ ਚੋਣਾਂ ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਕਾਂਗਰਸ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਸ੍ਰੀ ਮੁਰਾਰਜੀ ਦੇਸਾਈ ਦੀ ਅਗਵਾਈ ਵਿੱਚ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ। ਇਸ ਸਰਕਾਰ ਨੇ ਐਮਰਜੈਂਸੀ ਦੌਰਾਨ ਸੰਵਿਧਾਨ ਵਿੱਚ ਸੋਧਾਂ ਕਰਕੇ ਜੋ ਗੜਬੜੀਆਂ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਮੁੜ ਤੋਂ ਦਰੁਸਤ ਕਰ ਦਿੱਤਾ ਗਿਆ ਸੀ।

ਇਸ ਸਾਰੇ ਘਟਨਾਕ੍ਰਮ ਦਾ ਦਿਲਚਸਪ ਅਤੇ ਅਹਿਮ ਪੱਖ ਇਹ ਹੈ ਕਿ ਵੱਖ-ਵੱਖ ਵਿਰੋਧੀਆਂ ਪਾਰਟੀਆਂ ਦੇ ਤਿੰਨ ਹਜ਼ਾਰ ਦੇ ਲਗਭਗ ਆਗੂਆਂ ਨੂੰ ਦੇਸ਼ ਭਰ ਵਿੱਚ ਭਾਵੇਂ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਪੰਜਾਬ ਵਿੱਚ ਉਸ ਸਮੇਂ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਹੁੰਦਿਆਂ ਹੋਇਆਂ ਵੀ ਕਿਸੇ ਵੀ ਅਕਾਲੀ ਲੀਡਰ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ। ਭਾਵੇਂ ਕਿ ਉਸ ਸਮੇਂ ਚੱਲ ਰਹੇ ਜੈ ਪ੍ਰਕਾਸ਼ ਨਾਰਾਇਣ ਦੇ ਅੰਦੋਲਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਪੂਰੀ ਸਰਗਰਮੀ ਨਾਲ ਸ਼ਾਮਿਲ ਸੀ ਅਤੇ ਉਸ ਨੇ ਉਸ ਨੂੰ ਲੁਧਿਆਣੇ ਬੁਲਾ ਕੇ ਇੱਕ ਵੱਡੀ ਰੈਲੀ ਵੀ ਕੀਤੀ ਸੀ। ਉਸ ਸਮੇਂ ਸ੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਅਤੇ ਅਕਾਲੀ ਦਲ ਦੀਆਂ ਕੁਝ ਮੰਗਾਂ ਮੰਨਣ ਦੇ ਸੰਕੇਤ ਦੇ ਕੇ ਸ਼੍ਰੋਮਣੀ ਅਕਾਲੀ ਨੂੰ ਐਮਰਜੈਂਸੀ ਦੇ ਵਿਰੋਧ ਤੋਂ ਵੱਖ ਰਹਿਣ ਦਾ ਸੁਨੇਹਾ ਵੀ ਭੇਜਿਆ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦੀ ਉਸ ਸਮੇਂ ਦੀ ਲੀਡਰਸ਼ਿਪ ਜਿਸ ਵਿੱਚ ਗੁਰਚਰਨ ਸਿੰਘ ਟੌਹੜਾ, ਜਥੇਦਾਰ ਮੋਹਨ ਸਿੰਘ ਤੁੜ ਅਤੇ ਪ੍ਰਕਾਸ਼ ਸਿੰਘ ਬਾਦਲ ਆਦਿ ਸ਼ਾਮਿਲ ਸਨ, ਨੇ ਦੇਸ਼ ਵਿੱਚ ਜਮਹੂਰੀਅਤ ਤੇ ਸੰਵਿਧਾਨ ਲਈ ਪੈਦਾ ਹੋਏ ਖ਼ਤਰੇ ਨੂੰ ਮੁੱਖ ਰੱਖਦਿਆਂ ਐਮਰਜੈਂਸੀ ਦਾ ਵਿਰੋਧ ਕਰਨ ਦਾ ਫ਼ੈਸਲਾ ਕੀਤਾ ਸੀ। ਕੁਝ ਚਿੰਤਕਾਂ ਦੀ ਉਸ ਸਮੇਂ ਇਹ ਰਾਇ ਵੀ ਸੀ ਕਿ ਅਕਾਲੀ ਆਗੂਆਂ ਨੂੰ ਇੰਦਰਾ ਗਾਂਧੀ ਦੀ ਪੇਸ਼ਕਸ਼ ਮੰਨ ਲੈਣੀ ਚਾਹੀਦੀ ਸੀ, ਪਰ ਅਕਾਲੀ ਦਲ ਨੇ ਸ੍ਰੀ ਦਰਬਾਰ ਸਾਹਿਬ ਸਮੂਹ ਤੋਂ ਐਮਰਜੈਂਸੀ ਖਿਲਾਫ਼ ਮੋਰਚਾ ਆਰੰਭ ਦਿੱਤਾ ਸੀ, ਜੋ 19 ਮਹੀਨਿਆਂ ਤੱਕ ਚੱਲਿਆ ਸੀ। ਪਹਿਲੇ ਜਥੇ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਗ੍ਰਿਫ਼ਤਾਰੀ ਦਿੱਤੀ ਸੀ। ਹਰ ਰੋਜ਼ ਸ਼ਾਮ ਨੂੰ ਮੰਜੀ ਸਾਹਿਬ ਵਿਖੇ ਐਮਰਜੈਂਸੀ ਦੇ ਖ਼ਿਲਾਫ਼ ਦੀਵਾਨ ਸਜਦਾ ਸੀ, ਜਿਸ ਵਿੱਚ ਅਕਾਲੀ ਨੇਤਾਵਾਂ ਵਲੋਂ ਐਮਰਜੈਂਸੀ ਦੇ ਖ਼ਿਲਾਫ਼ ਜ਼ੋਰਦਾਰ ਤਕਰੀਰਾਂ ਕੀਤੀਆਂ ਜਾਂਦੀਆਂ ਸਨ ਅਤੇ ਉਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਮੱਥਾ ਟੇਕ ਕੇ ਅਕਾਲੀ ਜਥੇ ਗ੍ਰਿਫ਼ਤਾਰੀ ਦੇਣ ਲਈ ਹਰਿਮੰਦਰ ਸਾਹਿਬ ਸਮੂਹ ਤੋਂ ਬਾਹਰ ਨਿਕਲਦੇ ਸਨ, ਜਿਨ੍ਹਾਂ ਨੂੰ ਸਮੂਹ ਤੋਂ ਬਾਹਰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਕੇ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤਾ ਜਾਂਦਾ ਸੀ। 19 ਮਹੀਨੇ ਦੇ ਸਮੇਂ ਦੌਰਾਨ ਹਜ਼ਾਰਾਂ ਅਕਾਲੀ ਵਰਕਰਾਂ ਤੇ ਐਮਰਜੈਂਸੀ ਵਿਰੋਧੀ ਹੋਰ ਕਾਰਕੁੰਨਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਸਰਕਾਰ ਦੀਆਂ ਹਰ ਤਰ੍ਹਾਂ ਦੀਆਂ ਜ਼ਿਆਦਤੀਆਂ ਦਾ ਸਾਹਮਣਾ ਕੀਤਾ। ਜਦੋਂ ਕਿ ਆਰ.ਐਸ.ਐਸ. ਤੇ ਭਾਜਪਾ ਦੇ ਅਨੇਕਾਂ ਆਗੂ ਮੁਆਫ਼ੀਆਂ ਮੰਗ ਕੇ ਜਾਂ ਜ਼ਮਾਨਤਾਂ ਕਰਵਾ ਕੇ ਜੇਲ੍ਹਾਂ ਤੋਂ ਬਾਹਰ ਵੀ ਆ ਗਏ ਸਨ। ਦੇਸ਼ ਵਿੱਚ ਅਕਾਲੀ ਦਲ ਨੇ ਐਮਰਜੈਂਸੀ ਨਾਲ ਪੈਦਾ ਹੋਏ ਡਰ ਅਤੇ ਦਹਿਸ਼ਤ ਨੂੰ ਤੋੜਨ ਵਿੱਚ ਅਹਿਮ ਰੋਲ ਅਦਾ ਕੀਤਾ। ਇਸੇ ਦੌਰਾਨ ਜੇਲ੍ਹਾਂ ਅੰਦਰ ਨਜ਼ਰਬੰਦ ਦੂਜੀਆਂ ਪਾਰਟੀਆਂ ਨਾਲ ਵਿਚਾਰ-ਚਰਚਾ ਕਰਕੇ ਜਨਤਾ ਪਾਰਟੀ ਦੇ ਗਠਨ ਅਤੇ ਮਿਲ ਕੇ ਚੋਣਾਂ ਲੜਨ ਸੰਬੰਧੀ ਫ਼ੈਸਲਾ ਕਰਵਾਉਣ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਵਿਸ਼ੇਸ਼ ਰੋਲ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਇਸ ਰੋਲ ਕਾਰਨ ਦੇਸ਼ ਭਰ ਵਿੱਚ ਅਕਾਲੀ ਦਲ ਅਤੇ ਅਕਾਲੀ ਆਗੂਆਂ ਦਾ ਕੱਦ-ਬੁੱਤ ਬਹੁਤ ਉੱਚਾ ਹੋਇਆ। ਇੱਕ ਤਰ੍ਹਾਂ ਨਾਲ ਅਕਾਲੀ ਆਗੂਆਂ ਨੂੰ ਐਮਰਜੈਂਸੀ ਦਾ ਵਿਰੋਧ ਕਰਨ ਲਈ ਨਾਇਕਾਂ ਵਰਗਾ ਸਤਿਕਾਰ ਮਿਲਿਆ।

ਪਰ ਅੱਜ ਜਦੋਂ ਦੇਸ਼ ਭਰ ਵਿੱਚ ਐਮਰਜੈਂਸੀ ਦੀ 49ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ ਅਤੇ ਇਸ ਸੰਬੰਧੀ ਭਾਜਪਾ, ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵਲੋਂ ਲੋਕਾਂ ਸਾਹਮਣੇ ਆਪੋ-ਆਪਣਾ ਬਿਰਤਾਂਤ ਰੱਖਿਆ ਜਾ ਰਿਹਾ ਹੈ ਤਾਂ ਇਸ ਬਿਰਤਾਂਤ ਵਿਚੋਂ ਸ਼੍ਰੋਮਣੀ ਅਕਾਲੀ ਦਲ ਤੇ ਉਸ ਦੇ ਆਗੂਆਂ ਵਲੋਂ ਉਸ ਸਮੇਂ ਅਦਾ ਕੀਤਾ ਗਿਆ ਇਤਿਹਾਸਕ ਰੋਲ ਮਨਫ਼ੀ ਹੋਇਆ ਨਜ਼ਰ ਆ ਰਿਹਾ ਹੈ। ਭਾਰਤੀ ਜਨਤਾ ਪਾਰਟੀ ਅਤੇ ਐਮਰਜੈਂਸੀ ਦਾ ਵਿਰੋਧ ਕਰਨ ਵਾਲੀਆਂ ਹੋਰ ਧਿਰਾਂ ਵਲੋਂ, ਕਿਸੇ ਵੀ ਮੰਚ ’ਤੇ ਸ਼੍ਰੋਮਣੀ ਅਕਾਲੀ ਦਲ ਅਤੇ ਉਸ ਦੇ ਆਗੂਆਂ ਦੇ ਇਸ ਵੱਡੇ ਯੋਗਦਾਨ ਦੀ ਚਰਚਾ ਨਹੀਂ ਕੀਤੀ ਗਈ। ਦਿਲਚਸਪ ਗੱਲ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ, ਜਿਸ ਨੇ ਇਹ ਇਤਿਹਾਸਕ ਮੋਰਚਾ ਲਗਾਇਆ ਸੀ, ਉਹ ਵੀ ਆਪਣੇ ਗੌਰਵਸ਼ਾਲੀ ਇਤਿਹਾਸ ਨੂੰ ਢੁਕਵੇਂ ਢੰਗ ਨਾਲ ਯਾਦ ਰੱਖਣ ਵਿੱਚ ਅਸਫ਼ਲ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਐਮਰਜੈਂਸੀ ਦੀ ਵਰ੍ਹੇਗੰਢ ਨੂੰ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਇਸ ਸੰਬੰਧੀ ਉਸ ਨੇ ਪ੍ਰਭਾਵਸ਼ਾਲੀ ਸਮਾਗਮ ਕਰਕੇ ਐਮਰਜੈਂਸੀ ਦੌਰਾਨ ਗ੍ਰਿਫ਼ਤਾਰੀਆਂ ਦੇਣ ਵਾਲੇ ਆਪਣੇ ਵਰਕਰਾਂ ਅਤੇ ਕਾਰਕੁੰਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ। ਹਾਂ ਕਦੇ-ਕਦਾਈਂ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਯਾਦ ਆਇਆ, ਉਨ੍ਹਾਂ ਵਲੋਂ ਇਸ ਸੰਬੰਧੀ ਇਕ-ਅੱਧਾ ਬਿਆਨ ਜ਼ਰੂਰ ਦਿੱਤਾ ਜਾਂਦਾ ਰਿਹਾ। ਜਿਹੜੀਆਂ ਸਿਆਸੀ ਧਿਰਾਂ ਜਾਂ ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ,

(ਬਾਕੀ ਸਫ਼ਾ 31 ’ਤੇ)

# ਨਵੀਂ ਕੇਂਦਰ ਸਰਕਾਰ ਅੱਗੇ ਬਹੁਪੱਖੀ ਚੁਣੌਤੀਆਂ



ਅਭੈ ਕੁਮਾਰ ਦੂਬੇ

ਨਵੀਂ ਸਰਕਾਰ ਨੂੰ ਬਣਿਆਂ ਹਾਲੇ ਇੱਕ ਮਹੀਨਾ ਵੀ ਨਹੀਂ ਹੋਇਆ ਹੈ ਕਿ ਵਿਰੋਧੀ ਧਿਰ ਉਸ ਦੇ ਖ਼ਿਲਾਫ਼ ਜ਼ਬਰਦਸਤ ਹਮਲਾਵਰ ਮੁਦਰਾ ’ਚ ਦਿਖਾਈ ਦੇ ਰਹੀ ਹੈ। ਆਮ ਤੌਰ ’ਤੇ ਹੁੰਦਾ ਇਹ ਹੈ ਕਿ ਜਦੋਂ ਕੋਈ ਨਵੀਂ ਸਰਕਾਰ ਸਹੁੰ ਚੁੱਕਦੀ ਹੈ ਤਾਂ ਪਹਿਲੇ 6 ਮਹੀਨਿਆਂ ਨੂੰ ਉਸ ਲਈ ‘ਹਨੀਮੂਨ’ ਦੇ ਸਮੇਂ ਵਜੋਂ ਮੰਨਿਆ ਜਾਂਦਾ ਹੈ, ਭਾਵ ਉਸ ਨੂੰ ਇਸ ਦੌਰਾਨ ਮੌਕਾ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਏਜੰਡਿਆਂ ਨੂੰ ਲਾਗੂ ਕਰਨ ਦੀ ਸ਼ੁਰੂਆਤੀ ਕਵਾਇਦ ਕਰ ਸਕੇ। ਵਿਰੋਧੀ ਧਿਰ ਇਸ ਦੌਰਾਨ ਉਸ ਦੀ ਖਿਚਾਈ ਤੋਂ ਪ੍ਰਹੇਜ਼ ਕਰਦੀ ਹੈ ਪਰ ਇਸ ਵਾਰ ਇਵੇਂ ਨਹੀਂ ਹੋ ਰਿਹਾ। ਇਸ ਦੇ ਕੁਝ ਕਾਰਨਾਂ ’ਤੇ ਗੌਰ ਕਰਨਾ ਜ਼ਰੂਰੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਵਿਰੋਧੀ ਧਿਰ ਦੀ ਸਮਝ ਅਨੁਸਾਰ ਇਹ ਸਰਕਾਰ ਤਕਰੀਬਨ ਪਹਿਲਾਂ ਵਾਲੀ ਹੀ ਹੈ, ਜੋ ਪਿਛਲੇ 10 ਸਾਲ ਤੋਂ ਚੱਲ ਰਹੀ ਹੈ। ਕੁਝ ਵੀ ਨਹੀਂ ਬਦਲਿਆ। ਜੇਕਰ ਭਾਜਪਾ ਦੀ ਭਾਸ਼ਾ ਦੀ ਹੀ ਵਰਤੋਂ ਕਰ ਲਈਏ ਤਾਂ ਕਿਹਾ ਜਾ ਸਕਦਾ ਹੈ ਕਿ ਨਾ ਚਾਲ ਬਦਲੀ ਹੈ, ਨਾ ਚਰਿੱਤਰ ਬਦਲਿਆ ਅਤੇ ਨਾ ਹੀ ਚਿਹਰੇ ਬਦਲੇ ਹਨ। ਦੂਜੀ ਗੱਲ ਇਹ ਹੈ ਕਿ ਉਹ ਸਰਕਾਰ ਵੀ ਵਾਰ-ਵਾਰ ‘ਕਾਂਟੀਨਿਊਟੀ’ (ਨਿਰੰਤਰਤਾ) ਸ਼ਬਦ ਦੀ ਵਰਤੋਂ ਕਰਕੇ ਆਪਣੇ ਇਰਾਦਿਆਂ ਦਾ ਸੰਦੇਸ਼ ਦੇ ਰਹੀ ਹੈ। ਉਹ ਵੀ ਆਪਣੇ ਵਲੋਂ ਦਿਖਾਉਣਾ ਚਾਹੁੰਦੀ ਹੈ ਕਿ ਮੋਦੀ ਜੀ ਜਿਸ ਤਰ੍ਹਾਂ ਪਿਛਲੇ 10 ਸਾਲ ਤੋਂ ਹਕੂਮਤ ਕਰਦੇ ਆ ਰਹੇ ਸਨ, ਉਸੇ ਤਰ੍ਹਾਂ ਅਗਲੇ 5 ਸਾਲ ਵੀ ਕਰਨਗੇ।

ਤੀਜੀ ਗੱਲ ਇਹ ਹੈ ਕਿ ਸਰਕਾਰ ਨੇ ਆਪਣੇ ਪਹਿਲੇ 10 ਦਿਨਾਂ ’ਚ ਹੀ ਕਈ ਮੁੱਦਿਆਂ ਨੂੰ ਵਿਰੋਧੀ ਧਿਰ ਨੂੰ ਪਲੇਟ ’ਚ ਰੱਖ ਕੇ ਦੇ ਦਿੱਤਾ ਹੈ। ਜਿਸ ਸਮੇਂ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਰਹੇ ਸਨ, ਉਸੇ ਸਮੇਂ ਕਸ਼ਮੀਰ ’ਚ ਤੀਰਥ ਯਾਤਰੀਆਂ ਦੀ ਇੱਕ ਬੱਸ ’ਤੇ ਅੱਤਵਾਦੀ ਹਮਲਾ ਹੋ ਰਿਹਾ ਸੀ। ਮਨੀਪੁਰ ਨਾ ਸਿਰਫ਼ ਸੜ ਰਿਹਾ ਸੀ, ਸਗੋਂ ਭਾਜਪਾ ਦੇ ਹੀ ਮੁੱਖ ਮੰਤਰੀ ਐੱਨ. ਬੀਰੇਂਦਰ ਸਿੰਘ ਮੀਡੀਆ ’ਚ ਸ਼ਿਕਾਇਤ ਕਰ ਰਹੇ ਸਨ ਕਿ ਕੇਂਦਰ ਸਰਕਾਰ ਰਾਜ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦੇ ਰਹੀ ਹੈ। ਕੁਝ ਦਿਨ ਬਾਅਦ ਹੀ ਡਾਕਟਰੀ ਦੀ ਨੀਟ ਪ੍ਰੀਖਿਆ ਅਤੇ ਯੂ.ਜੀ.ਸੀ.-ਨੈੱਟ ਪ੍ਰੀਖਿਆ ਦੇ ਘੁਟਾਲਿਆਂ ਦਾ ਭਾਂਡਾ ਭੱਜ ਗਿਆ। ਕਸ਼ਮੀਰ ਅਤੇ ਮਨੀਪੁਰ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀਆਂ ਕਮੀਆਂ (ਅਸਮਰਥਾਵਾਂ) ਨੂੰ ਉਭਾਰਿਆ ਤਾਂ ਨੀਟ ਨੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੀਆਂ ਅਸਮਰੱਥਾਵਾਂ ਦੀ ਪੋਲ ਖੋਲ੍ਹ ਦਿੱਤੀ। ਇਸ ਤੋਂ ਬਾਅਦ ਬੰਗਾਲ ’ਚ ਜ਼ਬਰਦਸਤ ਰੇਲ ਹਾਦਸਾ ਹੋ ਗਿਆ। ਇਸ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਦੀ ਕਥਿਤ ਮੁਹਾਰਤ ’ਤੇ ਇੱਕ ਵਾਰ ਬੱਟਾ ਲਗਾ ਦਿੱਤਾ।

ਜਿਵੇਂ ਕਿ ਇੰਨੀ ਨਕਾਰਾਤਮਕਤਾ ਕਾਫ਼ੀ ਨਹੀਂ ਸੀ, ਮੌਸਮ ਦੀ ਪਹਿਲੀ ਬਰਸਾਤ ਨੇ ਹੀ ਪਿਛਲੇ ਪੰਜ ਸਾਲਾਂ ’ਚ ਤਿਆਰ ਕੀਤੇ ਗਏ ਕਈ ਬੁਨਿਆਂਦੀ ਢਾਂਚਿਆਂ ਦੇ ਖੋਖਲੇਪਣ ਨੂੰ ਉਜਾਗਰ ਕਰ ਦਿੱਤਾ। ਦਿੱਲੀ ਹਵਾਈ ਅੱਡੇ ਦੇ ਹਾਲ ਹੀ ’ਚ ਬਣੇ ਅਤੇ ਪ੍ਰਧਾਨ ਮੰਤਰੀ ਵਲੋਂ ਉਦਘਾਟਨ ਕੀਤੇ ਟਰਮੀਨਲ-1 ਦੀ ਛੱਤ ਡਿੱਗ ਗਈ। ਜਬਲਪੁਰ ਅਤੇ ਰਾਜਕੋਟ ਦੇ ਹਵਾਈ ਅੱਡਿਆਂ ਦੀਆਂ ਇਮਾਰਤਾਂ ਨੂੰ ਵੀ ਨੁਕਸਾਨ ਪਹੁੰਚਿਆ। ਅਯੁੱਧਿਆ ’ਚ ‘ਲਾਰਸਨ ਅਤੇ ਟੂਬਰੋ’ ਕੰਪਨੀ ਵੱਲੋਂ ਬਣਾਇਆ ਗਿਆ ਮੰਦਰ ਦਾ ਗਰਭ-ਗ੍ਰਹਿ ਟਪਕਣ ਲੱਗਾ। ਰਾਜਪੱਥ ’ਚ ਟੋਏ ਪੈ ਗਏ। ਦਿੱਲੀ ’ਚ ਪ੍ਰਗਤੀ ਮੈਦਾਨ ਦੀ ਸੁਰੰਗ ’ਚ ਪਾਣੀ ਭਰ ਗਿਆ। ਬਿਹਾਰ ’ਚ ਕਈ ਪੁਲਾਂ ’ਚ ਦਰਾਰਾਂ ਪੈ ਗਈਆਂ। ਇਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਕਈ ਰਾਜਾਂ ਤੋਂ ਆਉਣ ਲੱਗੀਆਂ। ਇਨ੍ਹਾਂ ’ਚੋਂ ਕਈ ਸਹੂਲਤਾਂ ਦਾ ਉਦਘਾਟਨ ਪ੍ਰਧਾਨ ਮੰਤਰੀ ਨੇ ਚੋਣਾਂ ਤੋਂ ਪਹਿਲਾਂ ਕੀਤਾ ਸੀ। ਇਸ ਘਟਨਾਕ੍ਰਮ ਨਾਲ ਮੋਦੀ ਸਰਕਾਰ ਦੇ ਪਿਛਲੇ ਪੰਜ ਸਾਲ ’ਚ ਜੋ ਨਿਰਮਾਣ ਕਾਰਜ ਕੀਤੇ ਗਏ ਹਨ, ਉਨ੍ਹਾਂ ਦੀ ਗੁਣਵੱਤਾ (ਕੁਆਲਿਟੀ) ’ਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ। ਇਸ ਪੂਰੇ ਘਟਨਾਕ੍ਰਮ ’ਚ ਵੱਡੇ ਪੱਧਰ ’ਤੇ ਹੋਏ ਭ੍ਰਿਸ਼ਟਾਚਾਰ ਦੀ ਬਦਬੂ ਵੀ ਆ ਰਹੀ ਹੈ। ਹੁਣ ਦੇਖਣਾ ਇਹ ਹੈ ਕਿ ਵਿਰੋਧੀ ਧਿਰ ਇਸ ਮਾਮਲੇ ਨੂੰ ਕਿਵੇਂ ਚੁੱਕਦੀ ਹੈ?



ਨੀਟ ਘੁਟਾਲਾ ਤਾਂ ਇੱਕ ਤਰ੍ਹਾਂ ਨਾਲ ਰਾਸ਼ਟਰੀ ਹਾਦਸਾ ਹੈ। ਇਸ ਦੇ ਕਾਰਨ 24 ਲੱਖ ਵਿਦਿਆਰਥੀਆਂ ਦਾ ਭਵਿੱਖ ਅੱਧ-ਵਿਚਾਲੇ ਲਟਕ ਗਿਆ ਹੈ। ਜੇਕਰ ਇੱਕ ਵਿਦਿਆਰਥੀ ਦੇ ਪਰਿਵਾਰ ’ਚ ਔਸਤਨ ਪੰਜ ਲੋਕਾਂ ਨੂੰ ਮੰਨ ਲਿਆ ਜਾਵੇ ਤਾਂ ਕਰੀਬ ਸਵਾ ਕਰੋੜ ਭਾਰਤ ਵਾਸੀਆਂ ਦੇ ਪਰਿਵਾਰਾਂ ਦੇ ਸੰਭਾਵਨਾਸ਼ੀਲ ਨੌਜਵਾਨਾਂ ਦੀ ਪ੍ਰਗਤੀ ’ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਸਰਕਾਰ ਫ਼ੀਸ ਦੇ ਰੂਪ ’ਚ ਇਨ੍ਹਾਂ ਵਿਦਿਆਰਥੀਆਂ ਕੋਲੋਂ ਇੱਕ ਹਜ਼ਾਰ ਕਰੋੜ ਰੁਪਏ ਵਸੂਲ ਕਰ ਚੁੱਕੀ ਹੈ। ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ ਕਿ ਜੇਕਰ ਨੀਟ ਦੀ ਪ੍ਰੀਖਿਆ ਦੁਬਾਰਾ ਹੋਈ ਤਾਂ ਕੀ ਸਰਕਾਰ ਇਸ ਰਕਮ ਨੂੰ ਦੁਬਾਰਾ ਵਸੂਲੇਗੀ? ਜਾਂ ਅਗਲੀ ਵਾਰ ਵਿਦਿਆਰਥੀਆਂ ਕੋਲੋਂ ਕੋਈ ਫ਼ੀਸ ਨਹੀਂ ਲਵੇਗੀ? ਦੂਜਾ, ਜਿਸ ਨੈਸ਼ਨਲ ਟੈਸਟਿੰਗ ਏਜੰਸੀ (ਐੱਨ.ਟੀ.ਏ.) ’ਤੇ ਇਨ੍ਹਾਂ ਪ੍ਰੀਖਿਆਵਾਂ ਨੂੰ ਕਰਵਾਉਣ ਦੀ ਜ਼ਿੰਮੇਵਾਰੀ ਹੈ, ਉਸ ਨੂੰ 2018 ’ਚ ਭਾਜਪਾ ਸਰਕਾਰ ਨੇ ਹੀ ਬਣਾਇਆ (ਗਠਿਤ ਕੀਤਾ) ਸੀ। ਇਸ ਕੰਮ ’ਚ ਅਮਰੀਕਾ ’ਚ ਕੰਮ ਕਰ ਰਹੀ ਇਸੇ ਤਰ੍ਹਾਂ ਦੀ ਏਜੰਸੀ ਦੀ ਨਕਲ ਕੀਤੀ ਗਈ ਸੀ। ਦਿਲਚਸਪ ਗੱਲ ਇਹ ਹੈ ਕਿ ਸੰਸਥਾ ਬਣਾਉਣ ’ਚ ਨਕਲ ਤਾਂ ਕਰ ਲਈ ਗਈ, ਪਰ ਕਾਰਜ ਪ੍ਰਣਾਲੀ ’ਚ ਅਮਰੀਕਾ ਤੋਂ ਕੋਈ ਪ੍ਰੇਰਨਾ ਨਹੀਂ ਲਈ ਗਈ। ਜਿੱਥੇ ਅਮਰੀਕਾ ਦੀ ਇਸ ਏਜੰਸੀ ’ਚ ਸੈਂਕੜੇ ਲੋਕ ਕੰਮ ਕਰਦੇ ਹਨ ਅਤੇ ਸੁਚੱਜੇ ਢੰਗ ਨਾਲ ਸਾਰੀਆਂ ਪ੍ਰੀਖਿਆਵਾਂ ਕਰਵਾਈਆਂ ਜਾਂਦੀਆਂ ਹਨ, ਉੱਥੇ ਭਾਰਤ ਦੀ ਐੱਨ.ਟੀ.ਏ. ਦਾ ਕੁੱਲ ਸਟਾਫ਼ ਮੁੱਠੀ ਭਰ ਹੈ ਅਤੇ ਜ਼ਿਆਦਾਤਰ ਕੰਮਕਾਜ ‘ਆਊਟ-ਸੋਰਸਿੰਗ’ ਰਾਹੀਂ ਕਰਵਾਇਆ ਜਾਂਦਾ ਹੈ। ਉਪਰੋਂ ਇਸ ਏਜੰਸੀ ਦਾ ਮੁਖੀ ਇੱਕ ਵਿਵਾਦਤ ਵਿਅਕਤੀ ਹੈ, ਜਿਸ ਦਾ ਸੰਸਥਾਗਤ ਸੰਬੰਧ ਰਾਸ਼ਟਰੀ ਸੋਇਮ ਸੇਵਕ ਸੰਘ ਨਾਲ ਦੱਸਿਆ ਜਾਂਦਾ ਹੈ। ਇਸ ਸੱਜਣ ਨੂੰ ਜਿੱਥੇ ਵੀ ਰੱਖਿਆ ਗਿਆ, ਘੁਟਾਲਿਆਂ ਦੇ ਦੋਸ਼ ਲੱਗੇ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਇਸ ਪੂਰੇ ਘੁਟਾਲਿਆਂ ’ਚ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਵੱਕਾਰ ’ਤੇ ਵੀ ਉਂਗਲ ਉੱਠ ਰਹੀ ਹੈ।

ਭਾਜਪਾ ਇੱਕ ਗਹਿਰੇ ਅੰਤਰਵਿਰੋਧ ਦਾ ਸ਼ਿਕਾਰ ਲੱਗ ਰਹੀ ਹੈ। ਇੱਕ ਪਾਸੇ ਤਾਂ ਉਸ ਦੇ ਬੁਲਾਰੇ ਅਤੇ ਸਮਰਥਕ ਇਹ ਦਾਅਵਾ ਕਰ ਰਹੇ ਹਨ ਕਿ ਵਿਰੋਧੀ ਧਿਰ ਇਕਜੁੱਟ ਨਹੀਂ ਹੈ। ਜਿਵੇਂ ਹੀ ਸੰਸਦ ਦੇ ਪਹਿਲੇ ਇਜਲਾਸ ’ਚ ਸਰਕਾਰ ਐਮਰਜੈਂਸੀ ’ਤੇ ਪ੍ਰਸਤਾਵ ਲਿਆਈ, ਵਿਰੋਧੀ ਧਿਰ ਦੀ ਫੁੱਟ ਉਜਾਗਰ ਹੋ ਗਈ। ਦੂਜੇ ਪਾਸੇ ਸਥਿਤੀ ਇਹ ਹੈ ਕਿ ਭਾਜਪਾ ਜਿਨ੍ਹਾਂ-ਜਿਨ੍ਹਾਂ ਸੂਬਿਆਂ ’ਚ ਹਾਰੀ ਹੈ, ਉੱਥੇ ਪਾਰਟੀ ’ਚ ਗ੍ਰਹਿ ਯੁੱਧ ਜਿਹਾ ਛਿੜਿਆ ਹੋਇਆ ਹੈ। ਹੋਰ ਤਾਂ ਹੋਰ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਕੇਂਦਰੀ ਗ੍ਰਹਿ ਮੰਤਰੀ ਦਰਮਿਆਨ ਇਕ ਜ਼ਬਰਦਸਤ ਸ਼ੀਤਯੁੱਧ ਚੱਲ ਰਿਹਾ ਹੈ। ਅਮਿਤ ਸ਼ਾਹ ਮੁੱਖ ਮੰਤਰੀ ਦੇ ਖ਼ਿਲਾਫ਼ ਦੋਸ਼ਾਂ ਅਤੇ ਸ਼ੰਕਿਆਂ ਦੀ ਇੱਕ ਫਾਈਲ ਤਿਆਰ ਕਰ ਰਹੇ ਹਨ, ਤਾਂ ਕਿ ਜਦੋਂ ਵੀ ਮੌਕਾ ਮਿਲੇ, ਉਸ ਦੇ ਆਧਾਰ ’ਤੇ ਆਦਿੱਤਿਆਨਾਥ ਦਾ ਪੱਤਾ ਸਾਫ਼ ਕਰ ਦਿੱਤਾ ਜਾਵੇ। ਉਨ੍ਹਾਂ ਦੇ ਸਮਰਥਕ ਸਾਫ਼ ਕਹਿੰਦੇ ਨਜ਼ਰ ਆ ਰਹੇ ਹਨ ਕਿ ਮੁੱਖ ਮੰਤਰੀ ਨੇ ਚੋਣ ਜਿੱਤਣ ’ਚ ਉਮੀਦ ਮੁਤਾਬਿਕ ਭੂਮਿਕਾ ਨਹੀਂ ਨਿਭਾਈ, ਸਗੋਂ ਕਈ ਮੋਰਚਿਆਂ ’ਤੇ ਵਿਰੋਧੀ ਧਿਰ ਨੂੰ ਲਾਭ ਪਹੁੰਚਾਇਆ।

ਦਰਅਸਲ, ਆਦਿੱਤਿਆਨਾਥ ਭਾਜਪਾ ਹਾਈਕਮਾਨ ਦੇ ਹਲਕ ’ਚ ਅਟਕੇ ਹੋਏ ਹਨ। ਉਹ ਉਨ੍ਹਾਂ ਨੂੰ ਨਾ ਤਾਂ ਨਿਗਲ ਪਾ ਰਿਹਾ ਹੈ ਅਤੇ ਨਾ ਹੀ ਉਗਲ ਪਾ ਰਿਹਾ ਹੈ। 2022 ਦੀਆਂ ਚੋਣਾਂ ਤੋਂ ਪਹਿਲਾਂ ਵੀ ਇਹੀ ਸਥਿਤੀ ਬਣੀ ਸੀ। ਉਸ ਸਮੇਂ ਵੀ ਉਨ੍ਹਾਂ ਨੂੰ ਹਟਾਉਣ ਦਾ ਮਨਸੂਬਾ ਬਣਾਇਆ ਗਿਆ ਸੀ। ਪਰ ਮੁਲਾਂਕਣ ਕਰਨ ’ਤੇ ਅਜਿਹਾ ਲੱਗਾ ਕਿ ਉਨ੍ਹਾਂ ਦੇ ਬਣੇ ਰਹਿਣ ਨਾਲ ਘੱਟ ਨੁਕਸਾਨ ਹੈ ਅਤੇ ਹਟਾਉਣ ਨਾਲ ਜ਼ਿਆਦਾ ਨੁਕਸਾਨ ਹੋ ਸਕਦਾ ਹੈ। ਉਪਰੋਂ ਮੀਡੀਆ ਦੁਆਰਾ ਬਣਾਏ ਗਏ ਯੋਗੀ-ਮੋਦੀ ਮਾਡਲ ਦਾ ਵੱਡੇ ਪੱਧਰ ’ਤੇ ਪ੍ਰਚਾਰ ਕੀਤਾ ਜਾ ਚੁੱਕਾ ਸੀ। ਉਸ ਦੇ ਭੰਗ ਹੋਣ ਨਾਲ ਕਿਤੇ ਜ਼ਿਆਦਾ ਨੁਕਸਾਨ ਹੋ ਸਕਦਾ ਸੀ। ਇਹ ਸਾਰੇ ਡਰ ਅੱਜ ਵੀ ਕਾਇਮ ਹਨ। ਆਦਿੱਤਿਆਨਾਥ ਨੂੰ ਮੁੱਖ ਮੰਤਰੀ ਬਣਾਉਣਾ ਕੇਂਦਰ ਨੂੰ ਭਾਰੀ ਪੈ ਰਿਹਾ ਹੈ।

ਪਾਰਟੀ ਅੰਦਰ ਇਸ ਤਰ੍ਹਾਂ ਦੇ ਸੰਘਰਸ਼ ਰਾਜਸਥਾਨ, ਝਾਰਖੰਡ, ਕਰਨਾਟਕ, ਮਹਾਰਾਸ਼ਟਰ ਅਤੇ ਬੰਗਾਲ ’ਚ ਵੀ ਚੱਲ ਰਹੇ ਹਨ। ਹਰ ਥਾਂ ਕੋਸ਼ਿਸ਼ ਇਹੀ ਹੈ ਕਿ ਹਾਰ ਦੀ ਤੁਹਮਤ ਸਥਾਨਕ ਲੀਡਰਸ਼ਿਪ ’ਤੇ ਮੜ੍ਹ ਕੇ ਕੇਂਦਰੀ ਲੀਡਰਸ਼ਿਪ ਨੂੰ ਬਚਾਅ ਲਿਆ ਜਾਵੇ। ਇਹ ਇੱਕ ਸ਼ੁਤਰਮੁਰਗੀ ਰਵੱਈਆ ਹੈ। ਇਸ ਨਾਲ ਪਾਰਟੀ ਦਾ ਭਵਿੱਖ ਸੁਧਰਨ ਦੀ ਬਜਾਏ ਹੋਰ ਵਿਗੜ ਸਕਦਾ ਹੈ। ਕੁੱਲ ਮਿਲਾ ਕੇ ਭਾਜਪਾ ਦੀ ਲੀਡਰਸ਼ਿਪ ’ਚ ਨਵੀਂ ਗੱਠਜੋੜ ਸਰਕਾਰ ਚਹੁੰਪਾਸੀ ਸੰਕਟ ਦਾ ਸਾਹਮਣਾ ਕਰ ਰਹੀ ਹੈ।

**ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ ’ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ ’ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।**

# ਲੋਕਾਂ ’ਤੇ ਪੈ ਰਹੀ ਮਹਿੰਗਾਈ ਦੀ ਮਾਰ



ਨਰਿੰਦਰ ਸਿੰਘ

ਮਹਿੰਗਾਈ ਨਿੱਤ ‘ਬੁਲੰਦੀਆਂ’ ਛੂਹ ਰਹੀ ਹੈ। ਇਸ ਦੀ ਮਾਰ ਹਰੇਕ ਚੀਜ਼ ’ਤੇ ਪਈ ਹੈ। ਥੋਕ ਤੇ ਪਰਚੂਨ, ਦੋਵਾਂ ਪੱਧਰਾਂ ’ਤੇ ਮਹਿੰਗਾਈ ਵਧੀ ਹੈ। ਵਧ ਰਹੀ ਮਹਿੰਗਾਈ ਨੇ ਲੋਕਾਂ ਦਾ ਜਿਊਣਾ ਮੁਹਾਲ ਕਰ ਦਿੱਤਾ ਹੈ। ਬੇਲਗਾਮ ਹੋਈ ਮਹਿੰਗਾਈ ਨੂੰ ਕਦੋਂ ਤੇ ਕੌਣ ਨੱਥ ਪਾਵੇਗਾ? ਇਹ ਇੱਕ ਵੱਡਾ ਸਵਾਲ ਹੈ। ਭਾਰਤ ਸਭ ਤੋਂ ਵੱਧ ਦਾਲਾਂ ਪੈਦਾ ਕਰਨ ਵਾਲਾ ਦੇਸ਼ ਹੈ। ਪਰ ਇੱਥੇ ਦਾਲਾਂ ਦੀ ਮੰਗ ਪੈਦਾਵਾਰ ਨਾਲੋਂ ਵੱਧ ਹੈ।

ਇਨ੍ਹਾਂ ਦੀ ਸਪਲਾਈ ਬਣਾਈ ਰੱਖਣ ਲਈ ਸਰਕਾਰ ਨੂੰ ਦਾਲਾਂ ਆਸਟ੍ਰੇਲੀਆ, ਕੈਨੇਡਾ, ਮਿਆਂਮਾਰ ਆਦਿ ਤੋਂ ਦਰਾਮਦ ਕਰਨੀਆਂ ਪੈਂਦੀਆਂ ਹਨ। ਮਸਰ ਦੀ ਦਾਲ ਨੂੰ ਛੱਡ ਕੇ ਬਾਕੀ ਸਭ ਆਮ ਵਰਤੋਂ ਦੀਆਂ ਦਾਲਾਂ ਤੇ ਛੋਲਿਆਂ ਦੀਆਂ ਕੀਮਤਾਂ ’ਚ ਪਿਛਲੇ ਸਾਲ ਦੇ ਮੁਕਾਬਲੇ ਹੁਣ ਤੱਕ 19 ਫ਼ੀਸਦੀ ਤੋਂ ਲੈ ਕੇ 41 ਫ਼ੀਸਦੀ ਤੱਕ ਦਾ ਵਾਧਾ ਹੋ ਚੁੱਕਾ ਹੈ। ਖ਼ੁਰਾਕੀ ਵਸਤਾਂ ਦੀ ਮਹਿੰਗਾਈ ਪਹਿਲਾਂ ਹੀ ਸਰਕਾਰ ਦੇ ਵੱਸੋਂ ਬਾਹਰ ਹੈ।

ਮਾਹਿਰਾਂ ਅਨੁਸਾਰ ਦਾਲਾਂ ਦੀ ਮੰਗ ਪੂਰੀ ਨਾ ਹੋਣ ਕਾਰਨ ਇਨ੍ਹਾਂ ਦਾ ਭਾਅ ਘੱਟੋ-ਘੱਟ ਅਕਤੂਬਰ ਮਹੀਨੇ ਤੱਕ ਤਾਂ ਚੜ੍ਹਿਆ ਹੀ ਰਹੇਗਾ। ਸਰਕਾਰ ਨੇ ਕਈ ਕਦਮ ਵੀ ਚੁੱਕੇ ਹਨ ਪਰ ਵੇਲੇ ਸਿਰ ਕਦਮ ਨਾ ਚੁੱਕਣ ਕਾਰਨ ਤੁੜ, ਛੋਲੇ ਤੇ ਉੜਦ ਦੀਆਂ ਕੀਮਤਾਂ ’ਚ ਵਾਧਾ ਹੋ ਰਿਹਾ ਹੈ। ਦੇਸ਼ ਵਿੱਚ ਦਾਲਾਂ ਦੀ ਸਾਲਾਨਾ ਮੰਗ 2 ਕਰੋੜ 80 ਲੱਖ ਟਨ ਹੈ। ਸਾਲ 2022-23 ਵਿੱਚ ਇਨ੍ਹਾਂ ਦੀ ਪੈਦਾਵਾਰ 2 ਕਰੋੜ 60 ਲੱਖ ਟਨ ਹੋਈ। ਖੱਪਾ ਪੂਰਾ ਕਰਨ ਲਈ ਕੇਂਦਰ ਸਰਕਾਰ ਦਾਲਾਂ ਵਿਦੇਸ਼ਾਂ ਤੋਂ ਮੰਗਵਾਉਂਦੀ ਹੈ। ਸਰਕਾਰ ਦਾਲਾਂ ਦੀ ਕਮੀ ਦੀ ਸਮੱਸਿਆ ਨੂੰ ਭਲੀਭਾਂਤ ਤੋਂ ਜਾਣਦੀ ਹੈ ਪਰ ਉਸ ਕੋਲ ਇਸ ਦਾ ਕੋਈ ਪੱਕਾ ਇਲਾਜ ਨਹੀਂ ਹੈ। ਜ਼ਖੀਰਬਾਜ਼ੀ ਵੱਖਰੀ ਹੋ ਰਹੀ ਹੈ। ਦਾਲਾਂ ਮਹਿੰਗੀਆਂ ਹੋ ਰਹੀਆਂ ਹਨ ਅਤੇ ਆਮ ਭਾਰਤੀ ਦੀ ਥਾਲੀ ’ਚੋਂ ਗਾਇਬ ਹੋ ਰਹੀਆਂ ਹਨ। ਦਾਲਾਂ ਆਮ ਭਾਰਤੀ ਦੀ ਖ਼ੁਰਾਕ ਦਾ ਅਹਿਮ ਹਿੱਸਾ ਹਨ ਅਤੇ ਇਨ੍ਹਾਂ ਤੋਂ ਬਗ਼ੈਰ ਭੋਜਨ ਅਧੂਰਾ ਮੰਨਿਆ ਜਾਂਦਾ ਹੈ।

ਖ਼ੁਰਾਕੀ ਵਸਤਾਂ ਦੀ ਮਹਿੰਗਾਈ ਲਗਾਤਾਰ ਵਧ ਰਹੀ ਹੈ। ਰਸੋਈ ਲਈ ਜ਼ਰੂਰੀ ਆਲੂ ਅਤੇ ਪਿਆਜ਼ ਦੇ ਭਾਅ ਚੜ੍ਹਨੇ ਤੇ ਫਿਰ ਉੱਪਰ ਹੀ ਰਹਿਣ ਦੇ ਰੁਝਾਨ ਨੇ ਭੋਜਨ ਬਣਾਉਣਾ ਮਹਿੰਗਾ ਕੀਤਾ ਹੋਇਆ ਹੈ। ਪਿਛਲੇ ਸਮੇਂ ’ਚ ਟਮਾਟਰਾਂ ਦੇ ਭਾਅ ਅਸਮਾਨੀਂ ਜਾ ਚੜ੍ਹੇ ਸਨ। ਟਮਾਟਰ ਭਾਰਤੀ ਭੋਜਨ ਦਾ ਅਹਿਮ ਹਿੱਸਾ ਹਨ। ਅੱਜ-ਕੱਲ੍ਹ ਪਿਆਜ਼ ਦੇ ਭਾਅ ਚੜ੍ਹੇ ਹੋਏ ਹਨ ਜਿਸ ਨੇ ਘਰ ਦੀ ਰਸੋਈ ਦਾ ਬਜਟ ਵਿਗਾੜ ਰੱਖਿਆ ਹੈ। ਇਸ ਤਰ੍ਹਾਂ ਦੀ ਮਹਿੰਗਾਈ ਨਾਲ ਆਮ ਆਦਮੀ ਦੀ ਥਾਲੀ ’ਚੋਂ ਕੋਈ ਨਾ ਕੋਈ ਖੁਰਾਕੀ ਵਸਤੂ ਗਾਇਬ ਹੀ ਰਹਿੰਦੀ ਹੈ।

ਅਨਾਜ ਪਹਿਲਾਂ ਹੀ ਮਹਿੰਗਾ ਹੈ ਪਰ ਹੁਣ ਭਾਰਤੀ ਲੋਕਾਂ ਲਈ ਵੱਡੀ ਸਮੱਸਿਆ ਇਹ ਖੜ੍ਹੀ ਹੋ ਰਹੀ ਹੈ ਕਿ ਆਮ ਵਰਤੀਆਂ ਜਾਂਦੀਆਂ ਦਾਲਾਂ ਦੀਆਂ ਕੀਮਤਾਂ ਚੜ੍ਹ ਰਹੀਆਂ ਹਨ। ਰਸੋਈ ਗੈਸ ਤੋਂ ਲੈ ਕੇ ਆਟੇ, ਲੂਣ ਤੱਕ ਦੀਆਂ ਕੀਮਤਾਂ ਬੇਤਹਾਸ਼ਾ ਵਧੀਆਂ ਹਨ ਅਤੇ ਮਜ਼ਦੂਰੀ ਘਟੀ ਹੈ। ਸੰਨ 2023 ਦੇ ਆਖ਼ਰੀ ਤਿੰਨ ਮਹੀਨਿਆਂ ਵਿੱਚ ਅਨਾਜ ਦੀਆਂ ਕੀਮਤਾਂ ’ਚ 16.12 ਫ਼ੀਸਦੀ, ਮਸਾਲਿਆਂ ’ਚ 21.09% ਅਤੇ ਖ਼ੁਰਾਕੀ ਪਦਾਰਥਾਂ ਵਿੱਚ 4.62 ਤੋਂ ਲੈ ਕੇ 5.94 ਫ਼ੀਸਦੀ ਤੱਕ ਮਹਿੰਗਾਈ ਵਧੀ।

ਇੱਕ ਰਿਪੋਰਟ ਅਨੁਸਾਰ ਆਮ ਆਦਮੀ ਆਪਣੀ ਆਮਦਨ ਦਾ 53 ਫ਼ੀਸਦੀ ਹਿੱਸਾ ਰੋਟੀ ਖਾਣ ਉੱਤੇ ਖ਼ਰਚ ਕਰ ਦਿੰਦਾ ਹੈ। ਜਦਕਿ ਅਮੀਰਾਂ ਦੀ ਆਮਦਨ ਦਾ ਸਿਰਫ਼ 12 ਫ਼ੀਸਦੀ ਹਿੱਸਾ ਹੀ ਖ਼ਰਚ ਹੁੰਦਾ ਹੈ। ਸਪਸ਼ਟ ਹੈ ਕਿ ਆਮ ਆਦਮੀ ਲਈ ਕੁੱਲੀ, ਗੁੱਲੀ ਤੇ ਜੁੱਲੀ ਦਾ ਸੁਪਨਾ ਸਾਕਾਰ ਕਰਨਾ ਮੁਸ਼ਕਲ ਹੋ ਰਿਹਾ ਹੈ। ਆਕਸਫੋਰਡ ਇੰਡੀਆ ਦੀ ਰਿਪੋਰਟ ‘ਸਰਵਾਈਵਲ ਆਫ ਦਿ ਰਿਚੈਸਟ’ ਖ਼ੁਲਾਸਾ ਕਰਦੀ ਹੈ ਕਿ ਸਿਰਫ਼ 5 ਫ਼ੀਸਦੀ ਲੋਕ ਦੇਸ਼ ਦੀ 60 ਫ਼ੀਸਦੀ ਜਾਇਦਾਦ ਦੇ ਮਾਲਕ ਹਨ ਅਤੇ ਹੇਠਲੇ 50 ਫ਼ੀਸਦੀ ਨਾਗਰਿਕ ਕੁੱਲ ਜਾਇਦਾਦ ਵਿੱਚੋਂ ਸਿਰਫ਼ 3 ਫ਼ੀਸਦੀ ਦੇ ਮਾਲਕ ਹਨ। ਸੰਯੁਕਤ ਰਾਸ਼ਟਰ ਖੁਰਾਕ ਤੇ ਖੇਤਰੀ ਸੰਗਠਨ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਦੇ 97 ਕਰੋੜ ਤੋਂ ਵੱਧ ਲੋਕ ਪੌਸ਼ਟਿਕ ਖਾਣੇ ’ਤੇ ਖ਼ਰਚਾ ਕਰਨ ਤੋਂ ਅਸਮਰੱਥ ਹਨ। ਇਸ ਦਾ ਭਾਵ ਇਹ ਹੈ ਕਿ ਦੇਸ਼ ਦੀ 71 ਫ਼ੀਸਦੀ ਆਬਾਦੀ ਪੌਸ਼ਟਿਕ ਖਾਣੇ ਤੋਂ ਵਾਂਝੀ ਹੈ ਜਦੋਂਕਿ 80 ਕਰੋੜ ਲੋਕਾਂ ਨੂੰ 5-5 ਕਿੱਲੋ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ ਅਤੇ ਇਸ ਸਕੀਮ ਨੂੰ ਅਗਲੇ ਪੰਜ ਸਾਲਾਂ ਲਈ ਹੋਰ ਵਧਾ ਦਿੱਤਾ ਗਿਆ। ਭੁੱਖਮਰੀ ਸੂਚਕ ਅੰਕ ਦੇ ਲਿਹਾਜ਼ ਨਾਲ ਵੀ ਭਾਰਤ 125 ਦੇਸ਼ਾਂ ’ਚੋਂ 111ਵੇਂ ਸਥਾਨ ’ਤੇ ਹੈ।

ਭੁੱਖਮਰੀ ਦਾ ਕਾਰਨ ਇਹ ਨਹੀਂ ਕਿ ਇੱਥੇ ਅਨਾਜ ਦੀ ਪੈਦਾਵਾਰ ਘੱਟ ਹੋ ਰਹੀ ਹੈ। ਭਾਰਤ ਦੇ ਕਿਸਾਨ ਆਬਾਦੀ ਦੀਆਂ ਲੋੜਾਂ ਨਾਲੋਂ ਕਿਤੇ ਵੱਧ ਉਤਪਾਦਨ ਕਰਦੇ ਹਨ ਪਰ ਅਨਾਜ ਦਾ ਭੰਡਾਰਨ ਤੇ ਕਾਲਾਬਜ਼ਾਰੀ ਕਰ ਕੇ ਇੱਕ ਪਾਸੇ ਵੱਡੇ ਪੂੰਜੀਪਤੀਆਂ ਵੱਲੋਂ ਮੁਨਾਫ਼ਾ ਕਮਾਇਆ ਜਾ ਰਿਹਾ ਹੈ।

ਗੁਦਾਮਾਂ ਵਿੱਚ ਅੰਨ ਗਲ-ਸੜ ਰਿਹਾ ਹੁੰਦਾ ਹੈ ਜੋ ਲੋੜਵੰਦਾਂ ਵਿੱਚ ਵੰਡਿਆ ਨਹੀਂ ਜਾਂਦਾ। ਦੂਸਰੇ ਪਾਸੇ ਜ਼ਿਆਦਾਤਰ ਲੋਕ ਰੁਜ਼ਗਾਰ ਵਿਹੂਣੇ ਹੋਣ ਕਾਰਨ ਉਨ੍ਹਾਂ ਦੀ ਖ਼ਰੀਦ ਸ਼ਕਤੀ ਘਟੀ ਹੈ। ਮਹਿੰਗਾਈ, ਭੁੱਖਮਰੀ, ਕੁਪੋਸ਼ਣ ਦਾ ਸਿੱਧਾ ਸਬੰਧ ਪੂੰਜੀ ਕੁਝ ਹੱਥਾਂ ਵਿਚ ਕੇਂਦਰਿਤ ਹੁੰਦੀ ਜਾਣ ਨਾਲ ਹੈ। ਗ਼ਰੀਬੀ ਤੇ ਭੁੱਖਮਰੀ ਦੀ ਹਾਲਤ ਇਹ ਹੈ ਕਿ ਦੇਸ਼ ਦੇ 80 ਕਰੋੜ ਤੋਂ ਵੱਧ ਲੋਕਾਂ ਕੋਲ ਦੋ ਵੇਲੇ ਦੀ ਰੱਜਵੀਂ ਰੋਟੀ ਦਾ ਜੁਗਾੜ ਵੀ ਨਹੀਂ ਹੈ। ਉਹ ਸਰਕਾਰੀ ਖ਼ੈਰਾਤਾਂ ਆਟਾ-ਦਾਲ ਸਕੀਮ ਉੱਪਰ ਨਿਰਭਰ ਹਨ। ਇਸ ਮਾਮਲੇ ’ਚ ਭਾਰਤ ਤਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਵਰਗੇ ਆਪਣੇ ਗੁਆਂਢੀ ਮੁਲਕਾਂ ਤੋਂ ਵੀ ਹੇਠਾਂ ਹੈ। ਸਿਹਤ ਸਹੂਲਤਾਂ ਦੀ ਹਾਲਤ ਇਹ ਹੈ ਕਿ ਆਮ ਆਦਮੀ ਸਾਧਾਰਨ ਬਿਮਾਰੀਆਂ ਦਾ ਇਲਾਜ ਕਰਵਾਉਣ ਤੋਂ ਵੀ ਅਸਮੱਰਥ ਹੈ।

ਸੈਂਕੜੇ ਲੋਕ ਰੋਜ਼ਾਨਾ ਸਹੀ ਇਲਾਜ ਨਾ ਹੋਣ ਕਾਰਨ ਮੌਤ ਦੇ ਮੂੰਹ ’ਚ ਪੈ ਰਹੇ ਹਨ। ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਪੀਣਯੋਗ ਸਾਫ਼ ਪਾਣੀ ਦੀ ਸਹੂਲਤ ਤੋਂ ਸੱਖਣੀ ਹੈ। ਭ੍ਰਿਸ਼ਟਾਚਾਰ ਦਾ ਆਲਮ ਇਹ ਹੈ ਕਿ ਮਾਮੂਲੀ ਤੋਂ ਮਾਮੂਲੀ ਕੰਮ ਵੀ ਰਿਸ਼ਵਤ ਤੋਂ ਬਿਨਾਂ ਨਹੀਂ ਹੁੰਦਾ। ਰਾਜਸੀ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਤਾਂ ਦੇਸ਼ ਸਮੁੱਚੀ ਦੁਨੀਆਂ ਵਿੱਚ ਬਾਜ਼ੀ ਮਾਰ ਗਿਆ ਹੈ। ਬੇਰੁਜ਼ਗਾਰੀ ਦਾ ਆਲਮ ਇਹ ਹੈ ਕਿ ਇੱਕ ਅਸਾਮੀ ਦਾ ਇਸ਼ਤਿਹਾਰ ਨਿਕਲਣ ’ਤੇ ਸੈਂਕੜਿਆਂ-ਹਜ਼ਾਰਾਂ ਦੀ ਤਾਦਾਦ ਵਿੱਚ ਚਾਹਵਾਨ ਬੇਰੁਜ਼ਗਾਰ ਅਪਲਾਈ ਕਰਦੇ ਹਨ। ਦੇਸ਼ ਦੀ ਆਰਥਿਕ ਸਥਿਤੀ ਖ਼ਰਾਬ ਹੈ ਅਤੇ ਬੇਰੁਜ਼ਗਾਰੀ ਵਧਦੀ ਜਾ ਰਹੀ ਹੈ। ਦੇਸ਼ ’ਚ ਬੇਰੁਜ਼ਗਾਰੀ ਦੀ ਦਰ ਆਪਣੇ ਸਿਖ਼ਰਲੇ ਪੜਾਅ 8.3 ਫ਼ੀਸਦੀ ’ਤੇ ਹੈ। ਬੇਰੁਜ਼ਗਾਰੀ ਦੀ ਦਰ ਪਿਛਲੇ 40 ਸਾਲਾਂ ’ਚੋਂ ਸਭ ਤੋਂ ਵੱਧ ਹੈ। ਸਰਕਾਰ ਵੱਲੋਂ ਕਿਹਾ ਜਾ ਰਿਹਾ ਹੈ ਕਿ 42 ਕਰੋੜ ਨਵੇਂ ਬੈਂਕ ਖਾਤੇ ਖੁੱਲ੍ਹੇ ਹਨ। ਗਿਆਰਾਂ ਕਰੋੜ ਨਵੇਂ ਐੱਲ.ਪੀ.ਜੀ. ਕੁਨੈਕਸ਼ਨ ਦਿੱਤੇ ਗਏ ਹਨ, 22 ਕਰੋੜ ਲੋਕਾਂ ਦਾ ਬੀਮਾ ਕੀਤਾ ਗਿਆ ਹੈ, ਕੌਮੀ ਰਾਜਮਾਰਗਾਂ ਦੇ ਨਿਰਮਾਣ ਵਿੱਚ ਤੇਜ਼ੀ ਆਈ ਹੈ ਅਤੇ ਟੈਕਸ ਦਾ ਭੁਗਤਾਨ ਕਰਨ ਵਾਲੇ ਵਧੇ ਹਨ ਜਿਸ ਨਾਲ ਭਾਰਤ ਦਾ ਸਨਮਾਨ ਵਧਿਆ ਹੈ ਅਤੇ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਮੁਹੱਈਆ ਕਰਵਾਇਆ ਗਿਆ ਹੈ ਪਰ ਅਫ਼ਸੋਸ ਕਿ ਅੱਜ ਮਨੁੱਖ ਭੋਜਨ, ਸਾਫ਼ ਤੇ ਸ਼ੁੱਧ ਖ਼ੁਰਾਕ ਵੀ ਨਹੀਂ ਖਾ ਸਕਦਾ ਕਿਉਂਕਿ ਦਾਲਾਂ, ਸਬਜ਼ੀਆਂ, ਫਲਾਂ ਅਤੇ ਦੁੱਧ, ਸਭ ਵਿੱਚ ਮਿਲਾਵਟ ਕੀਤੀ ਜਾਂਦੀ ਹੈ।

(ਬਾਕੀ ਸਫ਼ਾ 30 ’ਤੇ)

# ਕਰਜ਼ੇ ਦੇ ਜਾਲ ਵਿੱਚ ਪੰਜਾਬ ਸਰਕਾਰ

## ਮੁਫ਼ਤ ਬਿਜਲੀ ਤੇ ਬਿਜਲੀ ਸਬਸਿਡੀ ਦਾ ਵਧਿਆ ਖ਼ਰਚਾ

## ਝੋਨੇ ਨੇ ਖੜ੍ਹਾ ਕੀਤਾ ਧਰਤੀ ਹੇਠਲੇ ਪਾਣੀ ਦਾ ਸੰਕਟ



ਡਾ. ਕੇਸਰ ਸਿੰਘ ਭੰਗੂ
ਸਾਬਕਾ ਡੀਨ ਅਤੇ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਪੰਜਾਬ 'ਚ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਜਿੱਤ ਕੇ ਸੱਤਾ ਹਾਸਿਲ ਕਰਨ ਦੇ ਮਨਸੂਬਿਆਂ ਨੂੰ ਪੂਰਾ ਕਰਨ ਹਿਤ, ਸੂਬੇ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਮੁਫ਼ਤ ਬਿਜਲੀ ਦੀਆਂ ਸਹੂਲਤਾਂ ਜਾਂ ਘੱਟ ਰੇਟਾਂ 'ਤੇ ਬਿਜਲੀ ਸਬਸਿਡੀ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਸੂਬੇ ਦੇ ਵੱਡੇ ਵੋਟ ਬੈਂਕ ਭਾਵ ਕਿਸਾਨਾਂ ਨੂੰ 1996 'ਚ ਕਾਂਗਰਸ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖਰੀ ਮਹੀਨਿਆਂ 'ਚ ਛੋਟੀ ਕਿਸਾਨੀ ਨੂੰ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ 'ਤੇ ਬਿਜਲੀ ਦਿੱਤੀ ਸੀ। 1997 'ਚ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਬਣਨ 'ਤੇ ਸਾਰੇ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 'ਚ ਕਾਂਗਰਸ ਸਰਕਾਰ ਆਉਣ 'ਤੇ 2003-2006 ਤੱਕ ਇਸ ਸਹੂਲਤ ਨੂੰ ਬੰਦ ਕਰ ਦਿੱਤਾ ਗਿਆ ਅਤੇ ਜਲਦੀ ਹੀ 2006 'ਚ ਇਸ ਨੂੰ ਮੁੜ ਲਾਗੂ ਕਰ ਦਿੱਤਾ ਗਿਆ। 2007 'ਚ ਇੱਕ ਵਾਰ ਫਿਰ ਤੋਂ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਬਣਨ 'ਤੇ ਇਸ ਸਹੂਲਤ ਨੂੰ ਬਰਕਰਾਰ ਰੱਖਿਆ ਗਿਆ ਅਤੇ ਨਾਲ ਹੀ ਹੋਰਨਾਂ ਵਰਗਾਂ, ਜਿਵੇਂ ਕਿ ਦਲਿਤਾਂ ਨੂੰ ਘਰਾਂ ਲਈ 200 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ, ਸਨਅਤਾਂ ਦੇ ਕੁਝ ਵਰਗਾਂ ਆਦਿ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ। 2017 'ਚ ਇੱਕ ਵਾਰ ਫਿਰ ਤੋਂ ਕਾਂਗਰਸ ਪਾਰਟੀ ਦੀ ਸਰਕਾਰ ਬਣਨ 'ਤੇ ਇਹ ਸਾਰੀਆਂ ਸਹੂਲਤਾਂ ਜਾਰੀ ਰੱਖੀਆਂ ਗਈਆਂ।

2022 'ਚ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਬਣਨ 'ਤੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਹੀ ਨਹੀਂ ਰਹੀਆਂ, ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ 'ਚ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ ਗਈ। ਅੱਜਕੱਲ੍ਹ ਸੂਬੇ 'ਚ ਲਗਭਗ ਛੇ ਕਿਸਮਾਂ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ, ਜਿਵੇਂ ਕਿ ਖੇਤੀ ਸੈਕਟਰ ਦੀ ਸਬਸਿਡੀ, ਘਰੇਲੂ 300 ਯੂਨਿਟ ਪ੍ਰਤੀ ਮਹੀਨਾ ਸਬਸਿਡੀ, 7 ਕਿੱਲੋਵਾਟ ਤੱਕ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ, ਛੋਟੀਆਂ ਪਾਵਰ ਸਨਅਤਾਂ ਲਈ ਸਬਸਿਡੀ, ਮੱਧਿਅਮ ਪਾਵਰ ਸਨਅਤਾਂ ਲਈ ਸਬਸਿਡੀ ਅਤੇ ਵੱਡੀਆਂ ਪਾਵਰ ਸਨਅਤਾਂ ਲਈ ਸਬਸਿਡੀ, ਇਨ੍ਹਾਂ ਸਾਰੀਆਂ ਸਬਸਿਡੀਆਂ ਉੱਤੇ ਸਰਕਾਰ ਅੱਜਕੱਲ੍ਹ ਤਕਰੀਬਨ 20000-21000 ਕਰੋੜ ਰੁਪਏ ਸਾਲਾਨਾ ਖਰਚ ਕਰ ਰਹੀ ਹੈ, ਜਿਹੜਾ ਕਿ ਸਰਕਾਰ ਦੀ ਸਾਲਾਨਾ ਆਮਦਨ ਦਾ ਲਗਭਗ 18-19 ਫ਼ੀਸਦੀ ਬਣਦਾ ਹੈ।

### ਚੋਣਾਂ 'ਤੇ ਪ੍ਰਭਾਵ

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਇਹ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਅਤੇ ਸੱਤਾ ਹਾਸਿਲ ਕਰਨ ਲਈ ਦਿੰਦੀਆਂ ਹਨ। ਹੁਣ ਜਦੋਂ ਦੇਖਦੇ ਹਾਂ ਕਿ ਇਹ ਸਬਸਿਡੀਆਂ ਸ਼ੁਰੂ ਕਰਨ ਵਾਲੀ ਕਾਂਗਰਸ ਪਾਰਟੀ 1997 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਅਗਲੀ ਅਕਾਲੀ-ਭਾਜਪਾ ਦੀ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਨੂੰ ਹੋਰਨਾਂ ਵਰਗਾਂ ਤੱਕ ਵਧਾਇਆ, ਪਰ ਉਹ ਵੀ 2002 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਨੇ ਥੋੜ੍ਹੇ ਸਮੇਂ ਲਈ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਨੂੰ ਖ਼ਤਮ ਕੀਤਾ ਅਤੇ ਜਲਦੀ ਹੀ ਦੁਬਾਰਾ ਸ਼ੁਰੂ ਕਰ ਦਿੱਤਾ ਅਤੇ ਉਹ ਵੀ 2007 ਵਿਚ ਵਿਧਾਨ ਸਭਾ ਚੋਣਾਂ ਹਾਰ ਗਈ।

2007 ਤੋਂ 2017 ਦੀ ਅਕਾਲੀ-ਭਾਜਪਾ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਹੋਰ ਵਰਗਾਂ ਨੂੰ ਵੀ ਦਿੱਤੀਆਂ, ਪਰ ਅਕਾਲੀ-ਭਾਜਪਾ ਵੀ 2017 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। 2017 ਦੀ ਕਾਂਗਰਸ ਦੀ ਸਰਕਾਰ ਨੇ ਬਿਜਲੀ ਸਬਸਿਡੀਆਂ ਨੂੰ ਉਵੇਂ ਹੀ ਜਾਰੀ ਰੱਖਿਆ ਅਤੇ ਉਹ ਵੀ 2022 ਦੀਆਂ ਚੋਣਾਂ ਹਾਰ ਗਈ। 2022 'ਚ ਬਣੀ ਮੌਜੂਦਾ ਸਰਕਾਰ ਨੇ ਸੂਬੇ 'ਚ 300 ਯੂਨਿਟ ਪ੍ਰਤੀ ਮਹੀਨਾ ਘਰੇਲੂ ਬਿਜਲੀ ਮੁਫ਼ਤ ਕਰ ਦਿੱਤੀ ਅਤੇ ਹੁਣੇ ਆਏ ਲੋਕ ਸਭਾ ਚੋਣਾਂ ਦੇ ਨਤੀਜੇ ਸਭ ਦੇ ਸਾਹਮਣੇ ਹਨ। ਇਸ ਤੋਂ ਇਕ ਗੱਲ ਕਾਫੀ ਹੱਦ ਤੱਕ ਸਪੱਸ਼ਟ ਹੋ ਜਾਂਦੀ ਹੈ ਕਿ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਦਾ ਚੋਣਾਂ ਜਿੱਤਣ ਨਾਲ ਕੋਈ ਬਹੁਤਾ ਸਿੱਧਾ-ਸਿੱਧਾ ਸੰਬੰਧ ਨਹੀਂ ਲੱਗਦਾ।

### ਬਿਜਲੀ ਸਬਸਿਡੀ ਤੇ ਧਰਤੀ ਹੇਠਲਾ ਪਾਣੀ

ਸੂਬੇ ਦੇ ਬਹੁਤੇ ਬਲਾਕਾਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਘਟ ਕੇ ਖ਼ਤਰਨਾਕ ਪੱਧਰ ਤੱਕ ਨੀਵਾਂ ਹੋ ਗਿਆ ਅਤੇ ਹੋ ਰਿਹਾ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਸੂਬਾ ਬਹੁਤ ਜਲਦੀ ਧਰਤੀ ਹੇਠਲੇ ਪਾਣੀ ਤੋਂ ਵਾਂਝਾ ਹੋ ਸਕਦਾ ਹੈ ਅਤੇ ਰੇਗਿਸਤਾਨ 'ਚ ਬਦਲ ਸਕਦਾ ਹੈ। ਤਕਰੀਬਨ ਸੂਬੇ 'ਚ 1980 ਤੋਂ ਬਾਅਦ ਝੋਨੇ ਦੀ ਖੇਤੀ ਬਹੁਤ ਵੱਡੇ ਪੱਧਰ 'ਤੇ ਸ਼ੁਰੂ ਹੋ ਗਈ ਸੀ ਅਤੇ ਅੱਜ ਬਹੁਤ ਵੱਡਾ ਰਕਬਾ ਝੋਨੇ ਦੀ ਖੇਤੀ ਹੇਠ ਹੈ।

ਝੋਨੇ ਦੀ ਫ਼ਸਲ ਨੂੰ ਬਹੁਤ ਜ਼ਿਆਦਾ ਪਾਣੀ ਦੀ ਜ਼ਰੂਰਤ ਹੁੰਦੀ ਹੈ ਅਤੇ ਅੱਜਕੱਲ੍ਹ ਨਹਿਰੀ ਪਾਣੀ ਦੇ ਨਾਲ-ਨਾਲ 14-15 ਲੱਖ ਬਿਜਲੀ ਆਧਾਰਿਤ ਟਿਊਬਵੈੱਲਾਂ ਨਾਲ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਇਸ ਫ਼ਸਲੀ ਚੱਕਰ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ, ਜਿਸ ਕਾਰਨ ਕਿਸਾਨਾਂ ਨੂੰ ਸਮੇਂ-ਸਮੇਂ 'ਤੇ ਆਪਣੇ ਟਿਊਬਵੈੱਲਾਂ ਦੀ ਡੂੰਘਾਈ ਵਧਾਉਣੀ ਪੈ ਰਹੀ ਹੈ ਅਤੇ ਮੋਟਰਾਂ ਦਾ ਬਿਜਲੀ ਲੋਡ ਵੀ ਵਧਾਉਣਾ ਪੈ ਰਿਹਾ ਹੈ, ਜਿਸ ਨਾਲ ਬਿਜਲੀ ਦੀ ਖ਼ਪਤ ਵੀ ਵਧਦੀ ਹੈ।

ਝੋਨੇ ਨੇ ਨਾ ਸਿਰਫ ਧਰਤੀ ਹੇਠਲੇ ਪਾਣੀ ਦਾ ਹੀ ਸੰਕਟ ਖੜ੍ਹਾ ਕੀਤਾ ਹੈ, ਸਗੋਂ ਪੰਜਾਬ ਦੇ ਜਲਵਾਯੂ ਨੂੰ ਵੀ ਗੰਧਲਾ ਅਤੇ ਪਲੀਤ ਕੀਤਾ ਹੈ। ਖੇਤੀ ਮਾਹਿਰਾਂ ਅਤੇ ਆਰਥਿਕ ਮਾਹਿਰਾਂ ਅਤੇ ਹੋਰ ਸੰਬੰਧਿਤ ਲੋਕਾਂ ਦਾ ਇਕ ਵੱਡਾ ਖੇਮਾ ਪਿਛਲੇ ਕਾਫੀ ਸਮੇਂ ਤੋਂ ਦੁਹਾਈ ਪਾ ਰਿਹਾ ਹੈ ਕਿ ਸੂਬੇ 'ਚ ਝੋਨੇ ਦੀ ਫ਼ਸਲ ਦਾ ਬਦਲ ਲੱਭਿਆ ਜਾਵੇ, ਪਰ ਹਾਲੇ ਤੱਕ ਕਾਮਯਾਬੀ ਨਹੀਂ ਮਿਲ ਸਕੀ। ਬਹੁਤੇ ਮਾਹਿਰ ਖੇਤੀ ਲਈ ਮੁਫ਼ਤ ਬਿਜਲੀ ਦੀ ਸਪਲਾਈ ਨੂੰ ਵੀ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਨੀਵਾਂ ਪਹੁੰਚਾਉਣ ਲਈ ਜ਼ਿੰਮੇਵਾਰ ਮੰਨਦੇ ਹਨ, ਕਿਉਂਕਿ ਉਨ੍ਹਾਂ ਮੁਤਾਬਿਕ ਕਿਸਾਨ ਮੁਫ਼ਤ ਬਿਜਲੀ ਦੀ ਸਹੂਲਤ ਹੋਣ ਕਾਰਨ ਬਿਨਾਂ ਲੋੜ ਤੋਂ ਜਾਂ ਲੋੜ ਤੋਂ ਜ਼ਿਆਦਾ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਦੇ ਹਨ। ਇਸ ਲਈ ਇਹ ਖੇਮਾ ਬਿਜਲੀ ਮੋਟਰਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਨੂੰ ਬੰਦ ਕਰਨ ਦੀ ਵਕਾਲਤ ਵੀ ਕਰ ਰਿਹਾ ਹੈ।

### ਬਿਜਲੀ ਸਬਸਿਡੀਆਂ ਅਤੇ ਵਿੱਤੀ ਸਥਿਤੀ

ਵੱਖ-ਵੱਖ ਸਰਕਾਰਾਂ ਵਲੋਂ ਸ਼ੁਰੂ ਕੀਤੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਨੂੰ ਬਹੁਤ ਹੀ ਕਮਜ਼ੋਰ ਅਤੇ ਡਾਵਾਂਡੋਲ ਬਣਾ ਦਿੱਤਾ ਹੈ। 1996 'ਚ ਸ਼ੁਰੂ ਕੀਤੀ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਬਿਜਲੀ ਸਬਸਿਡੀਆਂ 'ਤੇ ਸਾਲਾਨਾ ਖਰਚ ਲਗਭਗ 900 ਕਰੋੜ ਰੁਪਏ ਤੋਂ ਵਧ ਕੇ 2025 ਤੱਕ ਲਗਭਗ 21000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ, ਜਿਹੜਾ ਕਿ ਸੂਬੇ ਦੀ ਆਪਣੀ ਸਾਲਾਨਾ ਆਮਦਨ ਦਾ 19-20 ਫ਼ੀਸਦੀ ਹੋ ਜਾਵੇਗਾ। ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ 43600 ਕਰੋੜ ਰੁਪਏ ਅਤੇ 2020-21 ਤੱਕ 1,18,000 ਕਰੋੜ ਰੁਪਏ ਖਰਚ ਕੀਤੇ ਹਨ ਅਤੇ ਅੰਦਾਜ਼ਿਆਂ ਮੁਤਾਬਿਕ 1996 ਤੋਂ 2025 ਤੱਕ ਲਗਭਗ 1,75,000 ਕਰੋੜ ਰੁਪਏ ਤੋਂ ਵੱਧ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ ਖ਼ਰਚ ਹੋ ਜਾਣਗੇ। ਜੇਕਰ ਇਸ ਖ਼ਰਚੇ 'ਚ ਇਸੇ ਸਮੇਂ ਦੌਰਾਨ ਦਿੱਤੀਆਂ ਹੋਰ ਬੇਲੋੜੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ 'ਤੇ ਕੀਤੇ ਖਰਚਿਆਂ ਨੂੰ ਵੀ ਜੋੜ ਲਈਏ ਤਾਂ ਇਹ ਰਕਮ ਕਾਫੀ ਵੱਡੀ ਬਣ ਜਾਵੇਗੀ। ਹੁਣ ਜਦੋਂ ਅਸੀਂ ਪੰਜਾਬ ਸਿਰ ਚੜ੍ਹੇ ਕਰਜ਼ੇ 'ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਾਰਚ 2024 ਦੇ ਅੰਤ 'ਚ ਸੂਬੇ ਸਿਰ 343626.39 ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਕਿ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਫ਼ੀਸਦੀ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨ ਮੁਤਾਬਿਕ ਕਰਜ਼ਾ ਵਧ ਕੇ ਮਾਰਚ 2025 'ਚ 374091.31 ਕਰੋੜ ਰੁਪਏ ਹੋ ਜਾਵੇਗਾ, ਜਿਹੜਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਫ਼ੀਸਦੀ ਹੋਵੇਗਾ। ਜੇਕਰ ਅਗਲੇ ਕੁਝ ਸਾਲਾਂ 'ਚ ਵੀ ਅਜਿਹੀ ਸਥਿਤੀ ਅਤੇ ਹਾਲਤ ਬਣੀ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜੰਜਾਲ/ਜਾਲ ਵਿਚ ਬਹੁਤ ਡੂੰਘਾ ਫਸ ਜਾਵੇਗਾ। ਜੇਕਰ ਇਹ ਮੰਨ ਲਿਆ ਜਾਵੇ ਕਿ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਬਿਜਲੀ ਸਬਸਿਡੀਆਂ ਨਾ ਦਿੱਤੀਆਂ ਹੁੰਦੀਆਂ ਅਤੇ ਹੋਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੂੰ ਤਰਕਸੰਗਤ ਢੰਗ ਨਾਲ ਦਿੱਤਾ ਹੁੰਦਾ ਤਾਂ ਸੂਬੇ ਸਿਰ ਚੜ੍ਹੇ 3.74 ਲੱਖ ਕਰੋੜ ਰੁਪਏ ਦੇ ਕਰਜ਼ੇ 'ਚੋਂ ਮੁਫ਼ਤ ਬਿਜਲੀ, ਬਿਜਲੀ ਦੀਆਂ ਹੋਰ ਸਬਸਿਡੀਆਂ ਅਤੇ ਹੋਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਉਤੇ ਕੀਤੇ ਖਰਚਿਆਂ ਨੂੰ ਘਟਾ ਦਈਏ ਤਾਂ ਸੂਬੇ ਸਿਰ ਹੁਣ ਕਰਜ਼ਾ ਘਟ ਕੇ ਨਾਂਮਾਤਰ ਹੀ ਹੋਣਾ ਸੀ। ਜੇਕਰ ਮੁਫ਼ਤ ਬਿਜਲੀ ਸਹੂਲਤ, ਬਿਜਲੀ ਸਬਸਿਡੀਆਂ 'ਤੇ ਖ਼ਰਚ ਕੀਤੀਆਂ ਗਈਆਂ ਮੋਟੀਆਂ ਰਕਮਾਂ ਅਤੇ ਕਰਜ਼ੇ ਦੇ ਵਿਆਜ ਦੇ ਰੂਪ 'ਚ ਅਦਾ ਕੀਤੀ ਜਾਂਦੀ ਮੋਟੀ ਰਕਮ ਨੂੰ ਸੂਬੇ 'ਚ ਨਿਵੇਸ਼ ਕੀਤਾ ਹੁੰਦਾ ਤਾਂ ਸੂਬੇ ਦੀ ਆਮਦਨ 'ਚ ਚੋਖਾ ਵਾਧਾ ਹੋਣਾ ਤੈਅ ਸੀ, ਇਸ ਹਿਸਾਬ ਨਾਲ ਪੰਜਾਬ ਅੱਜ ਕਰਜ਼ਾ ਮੁਕਤ ਵੀ ਹੁੰਦਾ ਅਤੇ ਪੰਜਾਬ ਆਰਥਿਕ ਵਿਕਾਸ ਅਤੇ ਹੋਰ ਆਰਥਿਕ ਅਤੇ ਸਮਾਜਿਕ ਮਾਪਦੰਡਾਂ ਦੇ ਮਾਮਲੇ 'ਚ ਅੱਜ ਵੀ ਦੇਸ਼ ਦਾ ਮੋਹਰੀ ਸੂਬਾ ਹੁੰਦਾ ਅਤੇ ਪੰਜਾਬ ਹੁਣ ਵੀ ਸੋਨੇ ਦੀ ਚਿੜੀ ਹੁੰਦਾ।

### ਭਵਿੱਖ ਦੀਆਂ ਸੰਭਾਵਨਾਵਾਂ

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਬਿਜਲੀ ਸਬਸਿਡੀਆਂ ਅਤੇ ਮੁਫ਼ਤ ਬਿਜਲੀ ਦੀਆਂ ਸਹੂਲਤਾਂ ਨੇ ਸੂਬੇ ਦਾ ਕੋਈ ਬਹੁਤਾ ਫਾਇਦਾ ਨਹੀਂ ਕੀਤਾ, ਸਗੋਂ ਉਲਟਾ ਨੁਕਸਾਨ ਹੀ ਕੀਤਾ ਹੈ। ਸੂਬੇ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਕਰਕੇ ਪਾਣੀ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ ਅਤੇ ਜਲਵਾਯੂ ਨੂੰ ਵੀ ਪਲੀਤ ਕੀਤਾ ਹੈ। ਸਿਆਸੀ ਪਾਰਟੀਆਂ ਇਸ ਦੇ ਸਹਾਰੇ ਚੋਣਾਂ ਜਿੱਤਣ 'ਚ ਵੀ ਬਹੁਤੀਆਂ ਸਫ਼ਲ ਨਹੀਂ ਹੋਈਆਂ।

ਮੁਫ਼ਤ ਬਿਜਲੀ ਅਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਨੂੰ ਬਹੁਤ ਤਰਸਯੋਗ ਬਣਾ ਦਿੱਤਾ ਹੈ ਅਤੇ ਹੋਰ ਵਿਕਾਸ ਦੇ ਕੰਮਾਂ 'ਚ ਇਹ ਸਥਿਤੀ ਅੜਿੱਕਾ ਬਣ ਰਹੀ ਹੈ। ਇੱਥੇ ਇਹ ਕਹਿਣਾ ਉਚਿਤ ਰਹੇਗਾ ਕਿ ਜੇਕਰ ਸੂਬੇ 'ਚ ਸਿਆਸਤ ਕਰ ਰਹੀਆਂ ਸਿਆਸੀ ਪਾਰਟੀਆਂ ਅਤੇ ਨੇਤਾ ਸੂਬੇ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਪ੍ਰਤੀ ਸੁਹਿਰਦ ਅਤੇ ਇਮਾਨਦਾਰ ਹੁੰਦੇ ਤਾਂ ਪੰਜਾਬ ਅੱਜ ਕਰਜ਼ਾ ਮੁਕਤ ਹੋਣ ਦੇ ਨਾਲ-ਨਾਲ ਹੋਰ ਮਾੜੀਆਂ ਅਲਾਮਤਾਂ, ਜਿਵੇਂ ਨੌਜਵਾਨਾਂ 'ਚ ਨਸ਼ਿਆਂ ਦਾ ਰੁਝਾਨ, ਬੇਰੁਜ਼ਗਾਰੀ, ਪ੍ਰਵਾਸ ਦਾ ਰੁਝਾਨ, ਖੇਤੀ ਸੰਕਟ, ਪੇਂਡੂ ਖੇਤਰਾਂ ਦਾ ਸੰਕਟ ਆਦਿ ਤੋਂ ਵੀ ਬਚਿਆ ਹੋਣਾ ਸੀ। ਪਰ ਨੇਤਾਵਾਂ ਅਤੇ ਪਾਰਟੀਆਂ ਨੇ ਹਰ ਹਾਲ ਵਿਚ ਸੱਤਾ ਹਾਸਿਲ ਕਰਨ ਦੇ ਮਨਸ਼ਿਆਂ ਨੂੰ ਤਰਜੀਹ ਦੇ ਕੇ ਸੂਬੇ ਦੇ ਹਿਤਾਂ ਨੂੰ ਦਰਕਿਨਾਰ ਕਰਕੇ ਰੱਖਿਆ ਹੈ। ਇਹ ਵਰਤਾਰਾ ਬਿਨਾਂ ਕਿਸੇ ਰੋਕ-ਟੋਕ ਤੋਂ ਹੁਣ ਵੀ ਲਗਾਤਾਰ ਜਾਰੀ ਹੈ। ਇਸ ਲਈ ਜਲਦੀ ਹੀ ਬਿਜਲੀ ਸਬਸਿਡੀਆਂ, ਮੁਫ਼ਤ ਬਿਜਲੀ ਸਹੂਲਤਾਂ ਅਤੇ ਹੋਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੂੰ ਸਾਰੀਆਂ ਸੰਬੰਧਿਤ ਧਿਰਾਂ ਵਲੋਂ ਮਿਲ ਬੈਠ ਕੇ ਤੁਰੰਤ ਬੰਦ ਕਰਨ ਜਾਂ ਤਰਕਸੰਗਤ ਬਣਾਉਣਾ ਚਾਹੀਦਾ ਹੈ ਤਾਂ ਕਿ ਸੂਬੇ ਨੂੰ ਹੋਰ ਨਿਘਾਰ ਅਤੇ ਨੁਕਸਾਨ ਤੋਂ ਬਚਾਇਆ ਜਾ ਸਕੇ। ਜੇ ਅਜਿਹਾ ਨਾ ਕੀਤਾ ਗਿਆ ਤਾਂ ਸੂਬੇ ਵਿੱਚ ਵਿੱਤੀ ਐਮਰਜੈਂਸੀ ਵਾਲੀ ਸਥਿਤੀ ਵੀ ਉਤਪੰਨ ਹੋ ਸਕਦੀ ਹੈ।




# ਅਜੋਕੀ ਪੀੜ੍ਹੀ ਬਨਾਮ ਸੋਸ਼ਲ ਮੀਡੀਆ

ਦਵਿੰਦਰ ਕੌਰ

ਵਿਗਿਆਨੀਆਂ ਦੁਆਰਾ ਸੋਸ਼ਲ ਮੀਡਿਆ ਸੰਚਾਰ ਦੇ ਹਾਰਡਵੇਅਰ ਯੰਤਰ ਜਿਵੇਂ ਕਿ ਟੈਲੀਫੋਨ, ਮੋਬਾਈਲ ਫੋਨ, ਕੰਪਿਊਟਰ, ਲੈਪਟਾਪ ਆਦਿ ਦੀ ਖੋਜ ਅਤੇ ਇਨ੍ਹਾਂ 'ਚ ਚੱਲਣ ਵਾਲੇ ਸਾਫ਼ਟਵੇਅਰ ਪ੍ਰੋਗਰਾਮ ਅਤੇ ਐਪਲੀਕੇਸ਼ਨਾਂ (ਐਪਸ) ਜਿਵੇਂ ਕਿ ਈਮੇਲ, ਫੇਸਬੁੱਕ, ਵੱਟਸਐਪ, ਵੀਚੈਟ, ਮੈਸੇਂਜਰ, ਟੈਲੀਗ੍ਰਾਮ, ਇੰਸਟਾਗ੍ਰਾਮ ਤੇ ਹੋਰ ਕਈ ਪ੍ਰਕਾਰ ਦੀਆਂ ਐਪਸ ਦੀ ਖੋਜ ਤਾਂ ਦੁਨੀਆਂ ਭਰ ਦੀ ਜਾਣਕਾਰੀ ਇਕੱਠੀ ਕਰਨ ਤੇ ਵਿੱਦਿਆ ਅਤੇ ਕਿੱਤੇ ਦੇ ਖੇਤਰ ਵਿੱਚ ਵਿਕਾਸ ਨੂੰ ਮੁੱਖ ਰੱਖ ਕੇ ਕੀਤੀ।

ਜਨਤਾ ਦੀ ਸਹੂਲਤ ਲਈ ਅਤੇ ਜਾਣਕਾਰੀ ਵਿੱਚ ਵਾਧਾ ਕਰਨ ਲਈ ਕੀਤੀ ਤਾਂ ਕਿ ਸਮੇਂ ਦੀ ਬਰਬਾਦੀ ਕੀਤੇ ਬਿਨਾਂ ਦਿਨਾਂ, ਹਫ਼ਤਿਆਂ, ਮਹੀਨਿਆ, ਸਾਲਾਂ ਵਿੱਚ ਹੋਣ ਵਾਲੇ ਕੰਮ ਅਸੀਂ ਮਿੰਟਾਂ, ਸਕਿੰਟਾਂ, ਅਤੇ ਘੰਟਿਆਂ ਵਿੱਚ ਕਰ ਸਕੀਏ ਅਤੇ ਮੁਲਕ 'ਤਰੱਕੀ ਦੀ ਰਾਹ' ਉੱਤੇ ਚੱਲ ਸਕੇ।

ਪਰ ਅੱਜ ਦੀ ਨੌਜਵਾਨ ਪੀੜ੍ਹੀ ਦੀ ਅੱਧੀ ਨਾਲੋਂ ਵੱਧ ਆਬਾਦੀ ਇਨ੍ਹਾਂ ਅਰਥਾਂ ਨੂੰ ਨਜ਼ਰਅੰਦਾਜ਼ ਕਰ ਕੇ ਪਤਾ ਨਹੀਂ ਕਿਹੜੇ ਰਾਹ 'ਤੇ ਤੁਰ ਰਹੀ ਹੈ, ਸ਼ਾਇਦ ਉਹ ਰਾਹ ਹੈ 'ਫ਼ੁਕਰਬਾਜ਼ੀਆਂ ਦੀ ਰਾਹ'।

ਜ਼ਰੂਰੀ ਸੂਚਨਾ ਅੱਪਲੋਡ ਹੋਵੇ ਜਾਂ ਨਾ ਹੋਵੇ ਪਰ ਅਸੀਂ- 'ਕਿੱਥੇ ਜਾਂਦੇ ਹਾਂ', 'ਕੀ ਕਰਦੇ ਹਾਂ', 'ਕੀ ਖਰੀਦਦੇ ਹਾਂ', 'ਕੀ ਖਾਂਦੇ-ਪੀਂਦੇ ਹਾਂ' ਅਤੇ ਹੋਰ ਕਈ ਗੱਲਾਂ ਬਾਰੇ ਜਾਣਕਾਰੀ ਸਮੇਂ-ਸਮੇਂ 'ਤੇ ਅੱਪਡੇਟ ਰੱਖਦੇ ਹਾਂ। ਇੱਥੋਂ ਤੱਕ ਕਿ ਸਾਡੇ ਮਨਾਂ 'ਚ ਕੀ ਹੈ? ਦਿਲ-ਦਿਮਾਗ਼ ਵਿੱਚ ਕੀ ਹੈ? ਭਾਵਨਾਵਾਂ ਕਿਸ ਤਰ੍ਹਾਂ ਦੀਆਂ ਹਨ? ਸਭ ਕੁਝ ਅੱਪਡੇਟ ਰੱਖਦੇ ਹਾਂ।

ਵੰਨ-ਸੁਵੰਨੀਆਂ ਸੈਲਫ਼ੀਆਂ ਦੀ ਆੜ ਵਿੱਚ ਲੋਕ ਕਈ ਵਾਰ ਮੌਤ ਨੂੰ ਵੀ ਸੱਦਾ ਦੇ ਬੈਠਦੇ ਹਨ। ਆਪਣੀ ਨਿੱਜੀ ਜ਼ਿੰਦਗੀ ਦਾ, ਦੋਸਤਾਂ ਮਿੱਤਰਾਂ ਨਾਲ ਗਿਲੇ-ਸ਼ਿਕਵਿਆਂ ਦਾ, ਆਪਣੇ ਪਿਆਰ ਮੁਹੱਬਤ ਤੇ ਰੁਮਾਂਸ ਦਾ ਵੀ ਵੱਟਸਐਪ ਅਤੇ ਫੇਸਬੁੱਕ 'ਤੇ ਖੁਲ੍ਹੇਆਮ ਪ੍ਰਚਾਰ ਹੈ।

ਅਸਲ ਵਿੱਚ ਆਪਣੀ ਕੋਈ ਡੀ.ਪੀ. ਜਾਂ 'ਸਟੇਟਸ' ਜਾਂ ਕੋਈ 'ਪ੍ਰੋਫ਼ਾਇਲ ਫੋਟੋ' ਤਾਂ ਆਪਣੀ ਪਹਿਚਾਣ ਵਾਸਤੇ ਹੁੰਦੀ ਹੈ ਕਿ ਅਸੀਂ ਕੌਣ ਹਾਂ, ਕੀ ਅਹੁਦਾ ਜਾਂ ਕੰਮਕਾਰ ਹੈ, ਅਸੀਂ ਕੀ ਕਰ ਰਹੇ ਹਾਂ, ਵਿਹਲੇ ਹਾਂ ਜਾਂ ਬਿਜ਼ੀ ਹਾਂ ਆਦਿ ਪਰ ਹੁਣ ਤਾਂ ਇੱਕ ਰੁਝਾਣ ਜਿਹਾ ਬਣ ਗਿਆ ਹੈ ਕਿ ਜਦ ਵੀ ਕਿਸੇ ਦੀ ਪ੍ਰੋਫ਼ਾਈਲ ਵੱਲ ਧਿਆਨ ਮਾਰੀਦਾ ਹੈ ਤਾਂ ਇੰਝ ਜਾਪਦਾ ਹੈ ਕਿ ਜਿਵੇਂ ਕੋਈ ਕਿਸੇ ਨੂੰ ਅਪ੍ਰਤੱਖ ਰੂਪ ਵਿੱਚ ਕੁਝ ਨਾ ਕੁਝ ਕਹਿ ਜਾਂ ਸਮਝਾ ਰਿਹਾ ਹੋਵੇ ਜਾਂ ਕੋਈ ਤਾਅਨੇ-ਮਿਹਣੇ ਅਤੇ ਗਿਲੇ-ਸ਼ਿਕਵੇ ਪ੍ਰਗਟ ਕਰ ਰਿਹਾ ਹੋਵੇ।

ਹੁਣ ਇਹ ਸਟੇਟਸ ਤੇ ਪ੍ਰੋਫ਼ਾਈਲਜ਼ ਇੱਕ ਪਹਿਚਾਣ ਨਾ ਰਹਿ ਕੇ ਇਕ-ਦੂਜੇ 'ਤੇ ਅਪ੍ਰਤੱਖ ਰੂਪ ਵਿੱਚ ਵਾਰ ਅਤੇ ਸ਼ਬਦ-ਬਾਣ ਬਣ ਗਏ ਹਨ। ਅਸੀਂ ਤਕਨਾਲੋਜੀ ਦੀ ਸਹੀ ਵਰਤੋਂ ਭੁੱਲਦੇ ਜਾ ਰਹੇ ਹਾਂ, ਜਾਣਕਾਰੀ ਭਰਪੂਰ ਸੋਮਿਆਂ ਦੀ ਵਰਤੋਂ ਮਨੋਰੰਜਨ ਦੇ ਸਾਧਨ ਦੇ ਰੂਪ ਵਿੱਚ ਹੋ ਰਹੀ ਹੈ।



ਅੱਲੜ੍ਹ ਉਮਰ ਵਿੱਚ ਇਸ ਦਾ ਸਦਉਪਯੋਗ ਕਰਨ ਦੀ ਸੇਧ ਦੇਣਾ ਸਮੇਂ ਦੀ ਜ਼ਰੂਰਤ ਬਣ ਚੁੱਕੀ ਹੈ ਅਤੇ ਇਹ ਕੰਮ ਸਾਨੂੰ ਸਭ ਨੂੰ ਮਿਲ ਕੇ ਹੀ ਕਰਨਾ ਪਵੇਗਾ। ਇਹ ਮੰਨ ਕੇ ਚੱਲਣਾ ਪਵੇਗਾ ਕਿ ਇਹ ਸਾਡੀ ਸਾਰਿਆਂ ਦੀ ਨਿੱਜੀ ਅਤੇ ਸਾਂਝੀ ਜ਼ਿੰਮੇਵਾਰੀ ਹੈ।

# ਭਾਰਤ ਵਿੱਚ ਫਾਸ਼ੀ ਹਿੰਦੂਤਵੀ ਪਿਛਾਖੜੀ ਸ਼ਕਤੀਆਂ ਦੇ ਸਾਰੇ ਮਨਸੂਬੇ ਫ਼ੇਲ੍ਹ ਹੋਣਗੇ



ਲਹਿੰਬਰ ਸਿੰਘ ਤੱਗੜ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰੱਬ ਬਣ ਬੈਠਣ ਦੀ ਵੀ ਇੱਕ ਲੰਬੀ ਕਹਾਣੀ ਹੈ। ਜਦੋਂ 2014 ਵਿੱਚ ਨਰਿੰਦਰ ਮੋਦੀ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਨਿਮਰ ਹੋਣ ਦਾ ਵਿਖਾਵਾ ਕਰਦਿਆਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੈਂ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ ਮੈਂ ਤਾਂ 'ਪ੍ਰਧਾਨ ਸੇਵਕ' ਹਾਂ। ਦੋ ਚਾਰ ਸਾਲਾਂ ਬਾਅਦ ਉਹ ਕਹਿਣ ਲੱਗ ਪਏ ਕਿ ਮੈਂ ਤਾਂ ਭਾਰਤ ਦੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਾਲਾ 'ਚੌਕੀਦਾਰ' ਹਾਂ। ਮੂਹਰਿਉਂ ਰਾਹੁਲ ਗਾਂਧੀ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਚੌਕੀਦਾਰ ਚੋਰ ਹੈ'। ਗੁੱਸੇ ਵਿੱਚ ਆ ਕੇ ਨਰਿੰਦਰ ਮੋਦੀ ਅਤੇ ਉਸਦੇ ਚੱਟਿਆਂ ਵੱਟਿਆਂ ਅਤੇ ਅੰਧਭਗਤਾਂ ਨੇ ਸ਼੍ਰੀ ਮੋਦੀ ਨੂੰ ਕੇਵਲ ਭਾਰਤ ਦਾ ਹੀ ਨਹੀਂ ਬਲਕਿ ਸਾਰੇ ਸੰਸਾਰ ਦਾ 'ਵਿਸ਼ਵ ਗੁਰੂ' ਹੀ ਐਲਾਨ ਦਿੱਤਾ। 'ਵਿਸ਼ਵ ਗੁਰੂ' ਦੇ ਹੰਕਾਰ ਦਾ ਸਫਰ ਵਧਦਾ ਵਧਦਾ ਇੱਥੋਂ ਤੱਕ ਵਧ ਗਿਆ ਕਿ ਕੁਝ ਮਹੀਨੇ ਪਹਿਲਾਂ ਉਨ੍ਹਾਂ ਨੇ ਆਪਣੇ ਆਪ ਨੂੰ ਭਗਵਾਨ ਵੱਲੋਂ ਕਿਸੇ ਵਿਸ਼ੇਸ਼ ਮੰਤਵ ਲਈ ਧਰਤੀ 'ਤੇ ਭੇਜਿਆ ਹੋਇਆ 'ਰੱਬ' ਹੀ ਐਲਾਨ ਦਿੱਤਾ। ਇਹ ਐਲਾਨਣ ਲਈ ਸ਼੍ਰੀ ਮੋਦੀ ਨੇ ਮਿਥ ਵਿੱਚ ਪ੍ਰਚਲਤ ਉਸ ਮਿਥਹਾਸ ਦਾ ਸਹਾਰਾ ਲਿਆ, ਜਿਸ ਵਿੱਚ ਕਿਹਾ ਜਾਂਦਾ ਹੈ ਕਿ 'ਜਦੋਂ ਧਰਤੀ 'ਤੇ ਪਾਪ ਵਧ ਜਾਂਦੇ ਹਨ ਤਾਂ ਫਿਰ ਪਾਪ ਤੇ ਪਾਪੀਆਂ ਦਾ ਅੰਤ ਕਰਨ ਲਈ ਰੱਬ ਖੁਦ ਕਿਸੇ ਅਵਤਾਰ ਦੇ ਰੂਪ ਵਿੱਚ ਧਰਤੀ 'ਤੇ ਆਉਂਦਾ ਹੈ ਜਿਵੇਂ ਕਿ 'ਭਗਵਾਨ ਸ਼੍ਰੀ ਰਾਮ ਚੰਦਰ, ਭਗਵਾਨ ਸ਼੍ਰੀ ਕ੍ਰਿਸ਼ਨ' ਅਤੇ ਹੋਰ ਬਹੁਤ ਸਾਰੇ ਮਹਾਂਪੁਰਸ਼। ਪਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਾਡੇ ਭਾਰਤ ਦੇ ਮਹਾਨ ਲੋਕਾਂ ਨੇ ਇਸ ਹੰਕਾਰੇ ਹੋਏ ਹਾਕਮ ਨੂੰ ਉਸਦੀ ਅਸਲੀ ਔਕਾਤ ਦਿਖਾ ਦਿੱਤੀ ਹੈ ਕਿ ਮੋਦੀ ਸਾਹਿਬ ਤੁਸੀਂ ਰੱਬ ਨਹੀਂ ਹੋ ਬਲਕਿ ਬਾਕੀ ਲੋਕਾਂ ਵਾਂਗ ਤੁਸੀਂ ਵੀ ਇੱਕ ਸਾਧਾਰਨ ਆਦਮੀ ਵਾਂਗ ਇੱਕ ਬੰਦੇ ਦੇ ਹੀ ਪੁੱਤਰ ਹੋ। ਸਾਡਾ ਨਹੀਂ ਖਿਆਲ ਕਿ ਮੋਦੀ ਹੁਣ ਮੁੜਕੇ ਆਪਣੇ ਆਪ ਨੂੰ ਆਪ ਹੀ 'ਰੱਬ' ਕਹਿਣ ਜਾਂ ਸਮਝਣ ਦੀ ਜੁਰਅਤ ਕਰੇਗਾ। ਪਰ ਹਾਂ ਜੇਕਰ ਸਾਡੀ ਸਮਝ ਨਾਲੋਂ ਵੀ ਵਧ ਢੀਠ ਹੋਇਆ ਤਾਂ ਫੇਰ ਪਤਾ ਨਹੀਂ।

ਜਿਸ ਸਮੇਂ ਤੋਂ ਭਾਰਤ ਵਿੱਚ ਆਰ.ਐੱਸ.ਐੱਸ. ਵਰਗੀ ਫਾਸ਼ੀਵਾਦੀ ਸੰਸਥਾ ਤੋਂ ਹਿਦਾਇਤਾਂ ਪ੍ਰਾਪਤ ਕਰਨ ਵਾਲੀ ਪਾਰਟੀ ਬੀ.ਜੇ.ਪੀ. ਦੀ ਮੋਦੀ ਸਰਕਾਰ ਨੇ ਦੇਸ਼ ਵਿੱਚ ਫਿਰਕੂ, ਫਾਸ਼ੀ ਅਤੇ ਹਿੰਦੂਤਵੀ ਏਜੰਡਾ ਲਾਗੂ ਕਰਨਾ ਸ਼ੁਰੂ ਕੀਤਾ, ਉਸ ਸਮੇਂ ਤੋਂ ਹੀ ਅਸੀਂ ਵਾਰ-ਵਾਰ, ਲਗਾਤਾਰ ਇਹ ਵਿਚਾਰ ਪੇਸ਼ ਕਰਦੇ ਆ ਰਹੇ ਹਾਂ ਕਿ ਸਾਡੇ ਦੇਸ਼ ਭਾਰਤ ਦੇ ਮਹਾਨ ਲੋਕ ਆਰ.ਐੱਸ.ਐੱਸ., ਬੀ.ਜੇ.ਪੀ ਅਤੇ ਮੋਦੀ ਸਰਕਾਰ ਵੱਲੋਂ ਦੇਸ਼ ਵਿੱਚ ਪੈਦਾ ਕੀਤੇ ਜਾ ਰਹੇ ਬੇਹੱਦ ਗੰਭੀਰ ਅਤੇ ਖਤਰਨਾਕ ਦੌਰ ਦਾ ਵੀ ਉਸੇ ਤਰ੍ਹਾਂ ਮੁਕਾਬਲਾ ਕਰ ਲੈਣਗੇ ਅਤੇ ਇਸ ਨੂੰ ਵੀ ਸਰ ਕਰ ਲੈਣਗੇ ਜਿਸ ਤਰ੍ਹਾਂ ਸਾਡੇ ਲੋਕਾਂ ਨੇ ਬ੍ਰਿਟਿਸ਼ ਸਾਮਰਾਜਵਾਦੀਆਂ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੇ ਐਮਰਜੈਂਸੀ ਰੂਪੀ ਤਾਨਾਸ਼ਾਹੀ ਦੌਰ ਨੂੰ ਹਰਾਇਆ ਸੀ। 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਸਾਡੇ ਇਨ੍ਹਾਂ ਵਿਚਾਰਾਂ ਅਤੇ ਦ੍ਰਿੜ੍ਹ ਵਿਸ਼ਵਾਸ ਨੂੰ ਸਹੀ ਸਾਬਤ ਕਰ ਦਿੱਤਾ ਹੈ। ਇਨ੍ਹਾਂ ਚੋਣ ਨਤੀਜਿਆਂ ਨੇ ਮੋਦੀ ਸਰਕਾਰ ਦੇ ਲਗਾਤਾਰ ਅੱਗੇ ਵਧਦੇ ਜਾ ਰਹੇ ਫਿਰਕੂ, ਫਾਸ਼ੀ, ਹਿੰਦੂਤਵਵਾਦੀ ਰੱਥ ਨੂੰ ਨਾ ਕੇਵਲ ਰੋਕ ਹੀ ਦਿੱਤਾ ਹੈ ਬਲਕਿ ਪਿੱਛੇ ਨੂੰ ਧੱਕ ਦਿੱਤਾ ਹੈ।

ਭਾਰਤ ਦੇ ਲੋਕ ਭੁੱਲੇ ਨਹੀਂ ਹਨ ਕਿ ਕੁੱਝ ਸਾਲ ਪਹਿਲਾਂ ਬੀ.ਜੇ.ਪੀ. ਵੱਲੋਂ 'ਕਾਂਗਰਸ ਮੁਕਤ ਭਾਰਤ' 'ਕਮਿਊਨਿਸਟ ਮੁਕਤ ਭਾਰਤ' ਅਤੇ ਅੰਤ 'ਅਪੋਜੀਸ਼ਨ ਮੁਕਤ' 'ਵਿਰੋਧੀ ਧਿਰ ਮੁਕਤ ਭਾਰਤ' ਦੇ ਨਾਅਰੇ ਵੀ ਬੁਲੰਦ ਕੀਤੇ ਗਏ ਸਨ। ਵਰਤਮਾਨ ਚੋਣ ਨਤੀਜਿਆਂ ਨੇ ਇਨ੍ਹਾਂ ਨਾਹਰਿਆਂ ਨੂੰ ਵੀ ਦਫਨਾਅ ਦਿੱਤਾ ਹੈ।

ਚਲਦੀ ਚੋਣ ਮੁਹਿੰਮ ਦੌਰਾਨ ਹੀ ਪਹਿਲੇ ਦੋ ਪੜਾਵਾਂ ਤੋਂ ਬਾਅਦ ਸ਼੍ਰੀ ਨਰਿੰਦਰ ਮੋਦੀ ਭੜਕ ਕੇ ਇੰਨੀ ਬੁਖਲਾਹਟ ਵਿੱਚ ਆ ਗਏ ਸਨ ਕਿ ਉਹ ਆਪਣੀਆਂ ਸਾਰੀਆਂ ਸੀਮਾਵਾਂ, ਮਰਿਆਦਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਹੀ ਭੁੱਲ ਗਏ ਅਤੇ ਉਨ੍ਹਾਂ ਨੇ ਦੇਸ਼ ਵਿੱਚ ਫਿਰਕੂ ਦੰਗੇ ਭੜਕਾਉਣ ਵਾਲੇ ਅੱਗ ਲਾਊ ਭਾਸ਼ਨ ਦੇਣੇ ਸ਼ੁਰੂ ਕਰ ਦਿੱਤੇ। ਅਖੇ ਜੇ ਇੰਡੀਆ ਗਠਜੋੜ ਵਾਲੇ ਸਰਕਾਰ ਵਿੱਚ ਆ ਗਏ ਤਾਂ ਉਨ੍ਹਾਂ ਨੇ ਹਿੰਦੂਆਂ ਦਾ ਸਾਰਾ ਕੁਝ, ਜ਼ਮੀਨਾਂ, ਜਾਇਦਾਦਾਂ, ਪੈਸੇ, ਸੋਨਾ, ਔਰਤਾਂ ਦੇ ਮੰਗਲਸੂਤਰ, ਹਿੰਦੂਆਂ ਦੇ ਮੰਦਰਾਂ ਵਿੱਚ ਸਦੀਆਂ ਤੋਂ ਪਿਆ ਅਰਬਾਂ ਦਾ ਸੋਨਾ ਅਤੇ ਹੋਰ ਸਾਰਾ ਕੁਝ ਖੋਹ ਕੇ ਮੁਸਲਮਾਨਾਂ ਵਿੱਚ ਵੰਡ ਦੇਣਾ ਹੈ। ਪਰ ਭਾਰਤ ਦੇ ਲੋਕਾਂ ਨੇ ਇਸ ਮੁਹਿੰਮ ਨੂੰ ਹੀ ਬਕਵਾਸ ਸਮਝ ਕੇ ਇਸ ਵੱਲ ਧਿਆਨ ਨਹੀਂ ਦਿੱਤਾ।

ਇਨ੍ਹਾਂ ਚੋਣਾਂ ਤੋਂ ਪਹਿਲਾਂ ਦੇਸ਼ ਦੀਆਂ ਸਾਰੀਆਂ ਜਮਹੂਰੀ ਧਰਮ ਨਿਰਪੱਖ ਅਤੇ ਅਗਾਂਹਵਧੂ ਸ਼ਕਤੀਆਂ ਵੱਲੋਂ ਸਹੀ ਤੌਰ 'ਤੇ ਦੇਸ਼ ਦੇ ਲੋਕਾਂ ਨੂੰ ਲਗਾਤਾਰ ਸੁਚੇਤ ਕੀਤਾ ਜਾਂਦਾ ਆ ਰਿਹਾ ਸੀ ਕਿ ਜੇਕਰ ਇਨ੍ਹਾਂ ਚੋਣਾਂ ਵਿੱਚ ਆਰ.ਐੱਸ.ਐੱਸ., ਬੀ.ਜੇ.ਪੀ. ਅਤੇ ਮੋਦੀ ਜੁੰਡਲੀ ਨੂੰ ਨੱਥ ਨਾ ਪਾਈ ਗਈ ਤਾਂ ਇਹ ਲੋਕ ਸਾਡੇ ਦੇਸ਼ ਦੇ ਸੰਵਿਧਾਨ, ਜਮਹੂਰੀਅਤ ਅਤੇ ਫਿਰਕੂ ਇਕਮੁੱਠਤਾ ਨੂੰ ਹੀ ਖਤਮ ਕਰ ਦੇਣਗੇ ਅਤੇ ਇਹ ਚੋਣਾਂ ਦੇਸ਼ ਦੇ ਵਰਤਮਾਨ ਸੰਵਿਧਾਨ ਤਹਿਤ ਸ਼ਾਇਦ ਆਖਰੀ ਚੋਣਾਂ ਹੀ ਹੋਣ। ਇੰਡੀਆ ਗਠਜੋੜ ਨੇ ਇਹ ਚੋਣਾਂ ਸੰਵਿਧਾਨ ਅਤੇ ਲੋਕਤੰਤਰ ਬਚਾਉਣ ਦੇ ਨਾਂ 'ਤੇ ਹੀ ਲੜੀਆਂ। ਚੋਣ ਨਤੀਜਿਆਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਅੱਜ ਸਾਡਾ ਸੰਵਿਧਾਨ, ਸਾਡੀ ਜਮਹੂਰੀਅਤ ਅਤੇ ਸਾਡਾ ਧਰਮਨਿਰਪੱਖ ਸਿਸਟਮ ਸੁਰੱਖਿਅਤ ਹੋ ਗਏ ਹਨ ਕਿਉਂਕਿ ਸਾਡੇ ਮਹਾਨ ਲੋਕਾਂ ਨੇ ਮੋਦੀ ਐਂਡ ਕੰਪਨੀ ਨੂੰ ਉਨ੍ਹਾਂ ਦੀ ਹੈਸੀਅਤ ਦਰਸਾ ਦਿੱਤੀ ਹੈ। ਮੋਦੀ ਦੇ 'ਸੈਕਿੰਡ ਲੈਫਟੀਨੈਂਟ' ਅਮਿਤ ਸ਼ਾਹ ਜੋ ਦੇਸ਼ ਦੇ ਲੋਕਾਂ ਨੂੰ 'ਜਿਸ ਨੇ ਹਮਾਰਾ ਜੋ ਉਖਾੜਨਾ ਹੈ ਉਖਾੜ ਲੇਂ ' ਵਰਗੀ ਅਸ਼ਲੀਲ ਭਾਸ਼ਾ ਵਿੱਚ ਲਗਾਤਾਰ ਧਮਕੀਆਂ ਦਿੰਦਾ ਰਹਿੰਦਾ ਸੀ, ਦਾ ਦਿਮਾਗ ਵੀ ਸਹੀ ਕਰ ਦਿੱਤਾ ਹੈ।

'ਆਏਗਾ ਤੋ ਮੋਦੀ ਹੀ', 'ਅਬ ਕੀ ਵਾਰ ਚਾਰ ਸੌ ਪਾਰ' ਵਰਗੀਆਂ ਧਮਕੀਆਂ ਦੇ ਕੇ ਦੇਸ਼ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਫਿਰਕਾਪ੍ਰਸਤ ਹਾਕਮਾਂ ਨੂੰ ਸਾਡੇ ਭਾਰਤ ਦੇ ਮਹਾਨ ਲੋਕਾਂ ਨੇ ਤਿੰਨ ਸੌ ਵੀ ਟੱਪਣ ਨਹੀਂ ਦਿੱਤਾ, ਦੋ ਸੌ ਨੱਬੇ 'ਤੇ ਹੀ ਡੱਕਾ ਲਾ ਦਿੱਤਾ। ਭਾਰਤੀ ਜਨਤਾ ਪਾਰਟੀ ਨੂੰ ਆਪਣੇ ਤੌਰ 'ਤੇ ਇਕੱਲਿਆਂ ਸਾਧਾਰਨ ਬਹੁਸੰਮਤੀ ਵੀ ਨਹੀਂ ਲੈਣ ਦਿੱਤੀ, ਦੋ ਸੌ ਚਾਲੀ (240) 'ਤੇ ਹੀ ਅਟਕਾ ਦਿੱਤਾ। 2014 ਵਾਲੇ ਅੰਕੜੇ ਤੋਂ ਵੀ ਹੇਠਾਂ ਸੁੱਟ ਦਿੱਤਾ। 2014 ਵਿੱਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ, ਉਸ ਸਮੇਂ ਬੀ.ਜੇ.ਪੀ. ਨੂੰ 282 ਲੋਕ ਸਭਾ ਸੀਟਾਂ ਨਾਲ ਇਕੱਲਿਆਂ ਹੀ ਬਹੁਮੱਤ ਪ੍ਰਾਪਤ ਸੀ। 2019 ਵਿੱਚ ਬੀ.ਜੇ.ਪੀ. ਇਕੱਲੀ ਦੀਆਂ ਹੀ ਸੀਟਾਂ 303 ਹੋ ਗਈਆਂ ਸਨ।

ਇਨ੍ਹਾਂ ਚੋਣ ਨਤੀਜਿਆਂ ਵਿੱਚ ਸਾਡੇ ਭਾਰਤ ਦੇ ਲੋਕਾਂ ਨੇ ਹੋਰ ਵੀ ਕਈ ਦਿਲਚਸਪ ਅਤੇ ਮਹੱਤਵਪੂਰਨ ਜੌਹਰ ਵਿਖਾਏ ਹਨ। ਇਨ੍ਹਾਂ ਵਿੱਚੋਂ ਕੁਝ ਇੱਕ ਦਾ ਵਰਨਣ ਕਰਦੇ ਹਾਂ। ਭਗਵਾਨ ਸ਼੍ਰੀ ਰਾਮ ਦੀ ਨਗਰੀ ਅਯੁੱਧਿਆ ਜਿੱਥੇ ਬੀ.ਜੇ.ਪੀ. ਵਾਲਿਆਂ ਨੇ ਬਾਬਰੀ ਮਸਜਿਦ ਨੂੰ ਢਾਹ ਕੇ ਸ਼੍ਰੀ ਰਾਮ ਦਾ ਮੰਦਿਰ ਉਸਾਰਿਆ, ਆਯੁੱਧਿਆ ਜਿੱਥੋਂ ਮੰਦਰ ਮਸਜਿਦ ਦਾ ਮਸਲਾ ਖੜ੍ਹਾ ਕਰਕੇ ਪਿਛਲੇ 40-50 ਸਾਲਾਂ ਤੋਂ ਬੀ.ਜੇ.ਪੀ. ਨੇ ਆਪਣਾ ਫਿਰਕੂ ਏਜੰਡਾ ਚਲਾਇਆ ਅਤੇ ਦੇਸ਼ ਦੇ ਲੋਕਾਂ ਨੂੰ ਫਿਰਕੂ ਆਧਾਰ 'ਤੇ ਵੰਡਿਆ। ਉਸੇ ਆਯੁੱਧਿਆ ਵਾਲੀ ਲੋਕ ਸਭਾ ਸੀਟ ਫੈਜ਼ਾਬਾਦ ਤੋਂ ਲੋਕਾਂ ਨੇ ਬੀ.ਜੇ.ਪੀ. ਉਮੀਦਵਾਰ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਹੁਣ ਬੀ.ਜੇ.ਪੀ. ਵਾਲੇ ਇਸ ਸੀਟ ਦੇ ਹਿੰਦੂਆਂ ਨੂੰ ਲਗਾਤਾਰ ਗਾਲੀਆਂ ਕੱਢ ਰਹੇ ਹਨ ਅਤੇ ਉਨ੍ਹਾਂ ਨੂੰ 'ਹਿੰਦੂਆਂ ਦੇ ਗਦਾਰ' ਕਰਾਰ ਦੇ ਰਹੇ ਹਨ। ਪਿਛਲੀ ਵਾਰੀ ਅਮੇਠੀ ਤੋਂ ਰਾਹੁਲ ਗਾਂਧੀ ਨੂੰ ਹਰਾਉਣ ਵਾਲੀ ਮੋਦੀ ਦੀ ਚਹੇਤੀ ਸਮਰਿਤੀ ਇਰਾਨੀ ਨੂੰ ਵੀ ਕਾਂਗਰਸ ਦੇ ਇੱਕ ਸਾਧਾਰਨ ਵਰਕਰ ਹੱਥੋਂ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਲਖੀਮਪੁਰ ਖੇੜੀ ਤੋਂ ਦੇਸ਼ ਭਰ ਦੇ ਕਿਸਾਨਾਂ ਦੇ ਵਿਰੋਧ ਦੇ ਬਾਵਜੂਦ ਕਿਸਾਨ ਸੰਘਰਸ਼ ਦੌਰਾਨ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਨੂੰ ਆਪਣੀ ਗੱਡੀ ਹੇਠਾਂ ਦੇ ਕੇ ਸ਼ਹੀਦ ਕਰਨ ਵਾਲੇ ਇਕ ਵਿਗੜੇ ਹੋਏ ਕਾਕੇ ਦੇ ਪਿਤਾ ਅਜੈ ਕੁਮਾਰ ਸ਼ਰਮਾ (ਟੈਨੀ) ਜਿਸ ਨੂੰ ਮੋਦੀ ਨੇ ਮੁੜਕੇ ਬੀ.ਜੇ.ਪੀ. ਦੀ ਟਿਕਟ ਦੇ ਦਿੱਤੀ, ਨੂੰ ਵੀ ਹਲਕੇ ਦੇ ਸੂਝਵਾਨ ਲੋਕਾਂ ਨੇ ਹਰਾ ਦਿੱਤਾ। ਇੱਕ ਹੋਰ ਮਹੱਤਵਪੂਰਨ ਝਟਕਾ ਜਨਤਾ ਨੇ ਮੋਦੀ ਵਾਲੀ ਸੀਟ ਵਾਰਾਣਸੀ 'ਤੇ ਵੀ ਦਿੱਤਾ। ਇੱਥੋਂ ਨਰਿੰਦਰ ਮੋਦੀ 2014 ਵਿੱਚ ਤਿੰਨ ਲੱਖ ਇਕਹੱਤਰ ਹਜ਼ਾਰ ਤੋਂ ਵਧ ਵੋਟਾਂ ਦੇ ਫਰਕ ਨਾਲ ਜਿੱਤੇ ਸਨ। 2019 ਦੀਆਂ ਚੋਣਾਂ ਵਿੱਚ ਮੋਦੀ ਦੀ ਜਿੱਤ ਦਾ ਫਰਕ ਵਧ ਕੇ ਚਾਰ ਲੱਖ ਉਨਾਸੀ ਹਜ਼ਾਰ ਤੋਂ ਵੀ ਵਧ ਗਿਆ ਸੀ ਪਰ ਹੁਣ ਇਹ ਫਰਕ ਘਟ ਕੇ ਸਿਰਫ ਇੱਕ ਲੱਖ ਬਵੰਜਾ ਹਜ਼ਾਰ ਪੰਜ ਸੌ ਤੇਰਾਂ ਹੀ ਰਹਿ ਗਿਆ ਹੈ। ਚਲਦੀ ਗਿਣਤੀ ਦੌਰਾਨ ਇੱਕ ਵਾਰ ਤਾਂ ਇਹ 'ਬਰੇਕਿੰਗ ਨਿਊਜ਼' ਵੀ ਲੱਗਣੀਆਂ ਸ਼ੁਰੂ ਹੋ ਗਈਆਂ ਸਨ ਕਿ 'ਪ੍ਰਧਾਨ ਮੰਤਰੀ ਮੋਦੀ ਵਾਰਾਣਸੀ ਤੋਂ ਪਿੱਛੇ ਚਲ ਰਹੇ ਹਨ'। ਇਨ੍ਹਾਂ ਵੱਡੇ ਝਟਕਿਆਂ ਤੋਂ ਵੀ ਵੱਡਾ ਝਟਕਾ ਇਸ ਹੰਕਾਰੀ ਹੋਈ ਫਿਰਕੂ ਜੁੰਡਲੀ ਨੂੰ ਭਾਰਤ ਦੇ ਸਭ ਤੋਂ ਵੱਡੇ ਪ੍ਰਾਂਤ ਉੱਤਰ ਪ੍ਰਦੇਸ਼ ਦੇ ਲੋਕਾਂ ਨੇ ਇਹ ਦਿੱਤਾ ਕਿ ਪਿਛਲੀ ਵਾਰੀ 80 ਵਿੱਚੋਂ 62 ਸੀਟਾਂ ਜਿਤਣ ਵਾਲੀ ਇਸ ਜੁੰਡਲੀ ਦੀ ਸੀਟਾਂ 33 ਹੀ ਰਹਿ ਗਈਆਂ। ਸਮਾਜਵਾਦੀ ਪਾਰਟੀ ਅਤੇ ਕਾਂਗਰਸ ਦੇ ਇੰਡੀਆ ਗਠਜੋੜ ਨੇ 43 ਸੀਟਾਂ ਜਿੱਤ ਲਈਆਂ। ਯੂ.ਪੀ. ਵਾਲਾ ਇਹ ਝਟਕਾ ਮੋਦੀ ਦੇ ਨਾਲ ਨਾਲ ਗੋਰਖਨਾਥ ਮੱਠ ਦੇ ਯੋਗੀ ਅਦਿਤਿਆਨਾਥ ਦੀ 'ਬੁਲਡੋਜ਼ਰ ਅਤੇ ਠੋਕ ਦਿਓ ਸਰਕਾਰ' ਦੀਆਂ ਚੂਲਾਂ ਵੀ ਹਿਲਾ ਗਿਆ।

2024 ਦੇ ਚੋਣ ਨਤੀਜਿਆਂ ਦੀ ਅਹਿਮੀਅਤ ਇਸ ਪੱਖ ਤੋਂ ਵੀ ਹੈ ਕਿ ਇਨ੍ਹਾਂ ਚੋਣਾਂ ਵਿੱਚ 200 ਤੋਂ ਵੱਧ ਸੀਟਾਂ ਪ੍ਰਾਂਤਕ ਜਾਂ ਖੇਤਰੀ ਪਾਰਟੀਆਂ ਨੇ ਜਿੱਤੀਆਂ ਹਨ ਭਾਵੇਂ ਇਹ ਪਾਰਟੀਆਂ ਐੱਨ.ਡੀ.ਏ. ਜਾਂ ਇੰਡੀਆ ਗਠਜੋੜ ਵਿੱਚ ਸ਼ਾਮਲ ਹਨ ਅਤੇ ਜਾਂ ਫਿਰ ਅਜੇ ਕਿਸੇ ਪਾਸੇ ਵੀ ਨਹੀਂ ਹਨ। ਦੇਸ਼ ਦੇ ਸਿਆਸੀ ਗਲਿਆਰਿਆਂ, ਖਾਸ ਕਰਕੇ ਪਿਛਲੇ ਇਤਿਹਾਸ ਤੋਂ ਥੋੜ੍ਹਾ ਬਹੁਤ ਜਾਣੂ ਹਲਕਿਆਂ ਵਿੱਚ ਇਹ ਚਰਚਾ ਵੀ ਚਲ ਰਹੀ ਹੈ ਕਿ ਜੇਕਰ ਇਸ ਵੇਲੇ ਕਾਮਰੇਡ ਹਰਕਿਸ਼ਨ ਸਿਘ ਸੁਰਜੀਤ ਜਾਂ ਉਨ੍ਹਾਂ ਦੇ ਕੱਦ ਕਾਠ ਦਾ ਕੋਈ ਹੋਰ ਆਗੂ ਹੁੰਦਾ ਤਾਂ ਪ੍ਰਾਂਤਕ ਪਾਰਟੀਆਂ ਨੂੰ ਪ੍ਰੇਰ ਕੇ ਬੀ.ਜੇ.ਪੀ. ਦੀ ਮੋਦੀ ਸਰਕਾਰ ਦੀ ਥਾਂ ਕੋਈ ਧਰਮਨਿਰਪੱਖ ਅਤੇ ਜਮਹੂਰੀ ਕੇਂਦਰੀ ਸਰਕਾਰ ਕਾਇਮ ਕੀਤੀ ਜਾ ਸਕਦੀ ਸੀ। ਜਿੱਥੋਂ ਤੱਕ ਪੰਜਾਬ ਦੇ ਚੋਣ ਨਤੀਜਿਆਂ ਦਾ ਸਬੰਧ ਹੈ, ਇਸ ਸਬੰਧੀ ਅਸੀਂ ਸਮਝਦੇ ਹਾਂ ਕਿ ਵਰਤਮਾਨ ਸਮੇਂ ਦੀਆਂ ਪ੍ਰਸਥਿਤੀਆਂ ਅਨੁਸਾਰ ਪੰਜਾਬ ਦੇ ਲੋਕਾਂ ਨੇ ਬਹੁਤ ਸਹੀ ਫੈਸਲਾ ਦਿੱਤਾ ਹੈ।

ਸਭ ਤੋਂ ਵੱਡੀ ਅਤੇ ਮਹੱਤਵਪੂਰਨ ਦੇਣ ਤਾਂ ਇਨ੍ਹਾਂ ਚੋਣ ਨਤੀਜਿਆਂ ਦੀ ਪੰਜਾਬੀਆਂ ਨੇ ਇਹ ਦਿੱਤੀ ਹੈ ਕਿ ਦੇਸ਼ ਨੂੰ ਹਰ ਪੱਖ ਤੋਂ ਤਬਾਹ ਕਰ ਰਹੀ ਬੀ.ਜੇ.ਪੀ. ਨੂੰ ਪੰਜਾਬ ਵਿੱਚੋਂ ਇੱਕ ਵੀ ਸੀਟ ਜਿੱਤਣ ਨਹੀਂ ਦਿੱਤੀ। ਦੂਸਰੀ ਇਹ ਕਿ ਬੇਅਣਖੇ ਦਲ ਬਦਲੂਆਂ, ਆਪੋ ਆਪਣੀ ਪਾਰਟੀ ਦੇ ਗਦਾਰਾਂ ਅਤੇ ਵਿਕਾਊ ਮਾਲ ਨੂੰ ਵੀ ਗੈਰਤਮੰਦ ਪੰਜਾਬੀਆਂ ਨੇ ਮੂੰਹ ਨਹੀਂ ਲਾਇਆ ਤੇ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਵੀ ਜਿੱਤਣ ਨਹੀਂ ਦਿੱਤਾ। ਮੋਦੀ ਦਾ ਜ਼ਹਿਰੀਲਾ ਜਾਦੂ ਪੰਜਾਬੀਆਂ ਨੇ ਚੱਲਣ ਹੀ ਨਹੀਂ ਦਿੱਤਾ। ਬੀ.ਜੇ.ਪੀ. ਅਤੇ ਦਲ ਬਦਲੂਆਂ ਦੋਹਾਂ ਨੂੰ ਹੀ ਪੰਜਾਬ ਨੇ ਰੱਦ ਕਰ ਦਿੱਤਾ ਹੈ।

(ਬਾਕੀ ਸਫ਼ਾ 31 'ਤੇ)




# ਨੈਲਸਨ ਮੰਡੇਲਾ ਦਾ ਸੰਦੇਸ਼



ਰਣਜੀਤ ਸਿੰਘ ਕੁਕੀ

ਜਦੋਂ ਦੱਖਣੀ ਅਮਰੀਕਾ ਨੇ ਨੈਲਸਨ ਮੰਡੇਲਾ ਦੀ ਅਗਵਾਈ ਹੇਠ 1990 ਵਿੱਚ ਗੋਰੇ ਸ਼ਾਸਕਾਂ ਤੋਂ ਆਜ਼ਾਦੀ ਪ੍ਰਾਪਤ ਕੀਤੀ, ਤਾਂ ਉਸਦੇ ਸਮਰਥਕਾਂ, ਮੁੱਖ ਤੌਰ 'ਤੇ ਅਮਰੀਕੀ ਕਬੀਲਿਆਂ ਨੇ ਸਿੱਖਿਆ ਖੇਤਰ, ਸਰਕਾਰੀ ਖੇਤਰ ਅਤੇ ਨਿੱਜੀ ਖੇਤਰ ਵਿੱਚ ਰਾਖਵੇਂਕਰਨ ਦੀ ਮੰਗ ਕੀਤੀ। ਨੈਲਸਨ ਮੰਡੇਲਾ ਨੇ ਜਵਾਬ ਦਿੱਤਾ ਕਿ ਉਹ ਕਿਸੇ ਵੀ ਖੇਤਰ ਵਿੱਚ ਕਿਸੇ ਵੀ ਕਿਸਮ ਦੇ ਰਾਖਵੇਂਕਰਨ ਦੀ ਇਜਾਜ਼ਤ ਨਹੀਂ ਦੇਣਗੇ, ਜਿਵੇਂ ਕਿ ਸਿੱਖਿਆ ਖੇਤਰ ਵਿੱਚ, ਸਰਕਾਰੀ ਖੇਤਰ ਵਿੱਚ ਅਤੇ ਨਿੱਜੀ ਖੇਤਰ ਵਿੱਚ, ਕਿਉਂਕਿ ਰਾਖਵਾਂਕਰਨ ਅਤੇ ਰਾਖਵੇਂਕਰਨ ਦੇ ਉਤਪਾਦ ਪੂਰੇ ਦੇਸ਼ ਨੂੰ ਤਬਾਹ ਕਰ ਦੇਣਗੇ। ਦੱਖਣੀ ਅਫਰੀਕਾ ਵਿੱਚ ਇੱਕ ਯੂਨੀਵਰਸਿਟੀ ਦੇ ਪ੍ਰਵੇਸ਼ ਦੁਆਰ 'ਤੇ ਨੈਲਸਨ ਮੰਡੇਲਾ ਦਾ ਹੇਠ ਲਿਖਿਆ ਸੰਦੇਸ਼ ਚਿੰਤਨ ਲਈ ਪੋਸਟ ਕੀਤਾ ਗਿਆ ਸੀ: ਕਿਸੇ ਵੀ ਦੇਸ਼ ਨੂੰ ਤਬਾਹ ਕਰਨ ਲਈ ਪਰਮਾਣੂ ਬੰਬਾਂ ਦੀ ਵਰਤੋਂ ਜਾਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਦੀ ਲੋੜ ਨਹੀਂ ਹੁੰਦੀ। ਇਸ ਲਈ ਸਿਰਫ਼ ਸਿੱਖਿਆ ਦੀ ਗੁਣਵੱਤਾ ਨੂੰ ਘਟਾਉਣ ਅਤੇ ਵਿਦਿਆਰਥੀਆਂ ਦੁਆਰਾ ਪ੍ਰੀਖਿਆਵਾਂ ਵਿੱਚ ਧੋਖਾਧੜੀ ਦੀ ਇਜਾਜ਼ਤ ਦੇਣ ਦੀ ਲੋੜ ਹੁੰਦੀ ਹੈ। ਅਜਿਹੇ ਡਾਕਟਰਾਂ ਦੇ ਹੱਥੋਂ ਮਰੀਜ ਮਰਦੇ ਹਨ। ਅਜਿਹੇ ਇੰਜੀਨੀਅਰਾਂ ਦੇ ਹੱਥੋਂ ਇਮਾਰਤਾਂ ਢਹਿ-ਢੇਰੀ ਹੋ ਜਾਂਦੀਆਂ ਹਨ। ਅਜਿਹੇ ਅਰਥਸ਼ਾਸਤਰੀਆਂ ਅਤੇ ਲੇਖਾਕਾਰਾਂ ਦੇ ਹੱਥੋਂ ਪੈਸਾ ਖਤਮ ਹੋ ਜਾਂਦਾ ਹੈ। ਅਜਿਹੇ ਧਾਰਮਿਕ ਵਿਦਵਾਨਾਂ ਦੇ ਹੱਥੋਂ ਇਨਸਾਨੀਅਤ ਮਰ ਜਾਂਦੀ ਹੈ। ਅਜਿਹੇ ਜੱਜਾਂ ਦੇ ਹੱਥੋਂ ਇਨਸਾਫ਼ ਗਵਾਇਆ ਜਾਂਦਾ ਹੈ। ਸਿੱਖਿਆ ਦਾ ਪਤਨ ਰਾਸ਼ਟਰ ਦਾ ਪਤਨ ਹੈ। ਨੈਲਸਨ ਮੰਡੇਲਾ ਦੁਆਰਾ ਦਿੱਤਾ ਗਿਆ ਸੰਦੇਸ਼ ਕਿਸੇ ਰਾਸ਼ਟਰ ਦੀ ਅਖੰਡਤਾ ਅਤੇ ਤਰੱਕੀ ਲਈ ਉੱਚ ਵਿਦਿਅਕ ਮਿਆਰਾਂ ਨੂੰ ਕਾਇਮ ਰੱਖਣ ਦੇ ਬੁਨਿਆਦੀ ਮਹੱਤਵ ਨੂੰ ਦਰਸਾਉਂਦਾ ਹੈ। ਰਿਜ਼ਰਵੇਸ਼ਨਾਂ ਨੂੰ ਰੱਦ ਕਰਕੇ ਅਤੇ ਯੋਗਤਾ-ਅਧਾਰਤ ਸਿੱਖਿਆ 'ਤੇ ਜ਼ੋਰ ਦੇ ਕੇ, ਮੰਡੇਲਾ ਦਾ ਉਦੇਸ਼ ਇੱਕ ਅਜਿਹੇ ਸਮਾਜ ਨੂੰ ਪੈਦਾ ਕਰਨਾ ਸੀ ਜਿੱਥੇ ਵਿਅਕਤੀ ਕਿਸੇ ਦੁਆਰਾ ਦਿੱਤੇ ਲਾਭਾਂ ਅਤੇ ਤਰਜੀਹ ਦੀ ਬਜਾਏ ਆਪਣੀਆਂ ਯੋਗਤਾਵਾਂ ਅਤੇ ਗਿਆਨ ਦੁਆਰਾ ਸਸ਼ਕਤ ਹੁੰਦੇ ਹਨ। ਇਹ ਦ੍ਰਿਸ਼ਟੀਕੋਣ ਸੁਝਾਅ ਦਿੰਦਾ ਹੈ ਕਿ ਸਮਾਜ ਵਿੱਚ ਸਮਾਨਤਾ ਯਕੀਨੀ ਬਣਾਉਣ ਲਈ ਮਿਆਰਾਂ ਨੂੰ ਘੱਟ ਕਰਨ ਦੀ ਬਜਾਏ, ਮਿਆਰੀ ਸਿੱਖਿਆ ਲਈ ਬਰਾਬਰ ਦੇ ਮੌਕੇ ਯਕੀਨੀ ਬਣਾਉਣਾ, ਅਸਲ ਸਮਾਜਿਕ ਤਰੱਕੀ ਵੱਲ ਲੈ ਜਾਂਦਾ ਹੈ। ਵਿਦਿਅਕ ਮਿਆਰਾਂ ਨੂੰ ਘਟਾਉਣਾ, ਜਿਵੇਂ ਕਿ ਮੰਡੇਲਾ ਨੇ ਚਿਤਾਵਨੀ ਦਿੱਤੀ ਸੀ, ਦੇ ਸਾਰੇ ਖੇਤਰਾਂ ਵਿੱਚ ਦੂਰਗਾਮੀ ਨਤੀਜੇ ਹਨ। ਡਾਕਟਰ, ਇੰਜੀਨੀਅਰ, ਅਰਥ ਸ਼ਾਸਤਰੀ, ਅਤੇ ਹੋਰ ਪੇਸ਼ੇਵਰ, ਜੇਕਰ ਅਢੁਕਵੇਂ ਤੌਰ 'ਤੇ ਸਿਖਲਾਈ ਪ੍ਰਾਪਤ ਹੈ, ਤਾਂ ਜਨਤਕ ਸਿਹਤ, ਬੁਨਿਆਦੀ ਢਾਂਚੇ, ਆਰਥਿਕ ਸਥਿਰਤਾ ਅਤੇ ਨਿਆਂ ਲਈ ਮਹੱਤਵਪੂਰਨ ਜੋਖਮ ਪੈਦਾ ਕਰਦੇ ਹਨ। ਇਸ ਤਰ੍ਹਾਂ ਇੱਕ ਮਜ਼ਬੂਤ ਸਿੱਖਿਆ ਪ੍ਰਣਾਲੀ ਇੱਕ ਰਾਸ਼ਟਰ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੀ ਹੈ, ਇਸਦੇ ਨਾਗਰਿਕਾਂ ਵਿੱਚ ਯੋਗਤਾ ਅਤੇ ਨੈਤਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਦੀ ਹੈ। ਸਿੱਖਿਆ ਵਿੱਚ ਨਿਵੇਸ਼ ਕਰਨਾ ਅਤੇ ਸਖ਼ਤ ਅਕਾਦਮਿਕ ਮਿਆਰਾਂ ਨੂੰ ਕਾਇਮ ਰੱਖਣਾ ਇਹ ਯਕੀਨੀ ਬਣਾਉਂਦਾ ਹੈ ਕਿ ਭਵਿੱਖ ਦੇ ਆਗੂ ਅਤੇ ਪੇਸ਼ੇਵਰ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਤਿਆਰ ਹਨ, ਜਿਸ ਨਾਲ ਰਾਸ਼ਟਰ ਦੇ ਵਿਕਾਸ ਅਤੇ ਸਥਿਰਤਾ ਦੀ ਰੱਖਿਆ ਕੀਤੀ ਜਾਂਦੀ ਹੈ।









ਵਰ੍ਹਦੇ ਮੀਂਹ ਦੇ ਛਰਾਟਿਆਂ ਕਾਰਨ ਮਿੱਟੀ ਵਿਚੋਂ ਉਠਦੀ ਸੌਂਧੀ- ਸੌਂਧੀ ਖੁਸ਼ਬੂ, ਵੱਖ-ਵੱਖ ਕਿਸਮਾਂ ਦੇ ਫੁੱਲਾਂ ਨਾਲ ਲੱਦੇ ਰੁੱਖਾਂ ਦੀਆਂ ਡਾਲੀਆਂ ਵਿਚੋਂ ਪੱਤਿਆਂ ਨਾਲ ਖਹਿ- ਖਹਿ ਕੇ ਵਗ ਰਹੀ ਅਤੇ ਤਪਦੇ ਸੀਨੇ ਠਾਰਦੀ ਹੋਈ ਠੰਡੀ ਹਵਾ ਉੱਚੀ ਸਾਰੀ ਹੋਕਾ ਦਿੰਦੀ ਜਾਪਦੀ ਹੈ ਕਿ ਸਾਵਣ ਮਹੀਨਾ ਸ਼ੁਰੂ ਹੋ ਗਿਆ ਹੈ। ਸਾਵਣ ਮਹੀਨੇ ਬਹਾਰ ਵੀ ਰੁੱਖਾਂ ਉੱਪਰ ਪੈਲਾਂ ਪਾਉਣ ਲੱਗਦੀ ਹੈ ਤੇ ਨੱਚਦੀ, ਗਾਉਂਦੀ ਪ੍ਰਤੀਕ ਹੁੰਦੀ ਹੈ।

ਸਾਵਣ ਮਹੀਨੇ ਹਰ ਪਾਸੇ ਫੈਲੀ ਹਰਿਆਲੀ, ਪੈਂਦੇ ਛਰ੍ਹਾਟਿਆਂ ਦੀ ਲੱਗੀ ਝੜੀ, ਥਾਂ- ਥਾਂ ਲੱਗਦੇ ਤੀਆਂ ਦੇ ਮੇਲੇ, ਮੁਟਿਆਰਾਂ ਦੇ ਗਿੱਧੇ ਦੀ ਅੰਬਰੀ ਗੂੰਜਦੀ ਧਮਕ, ਪਕਦੇ ਤੇ ਖਾਧੇ ਜਾਂਦੇ ਖੀਰ ਪੂੜੇ ਇਸ ਮਹੀਨੇ ਦੀ ਵਿਲੱਖਣਤਾ ਨੂੰ ਪ੍ਰਗਟਾਉਂਦੇ ਹਨ। ਸਾਵਣ ਮਹੀਨੇ ਹਰ ਭਰ ਜੋਬਨ ਮੁਟਿਆਰ ਦੀ ਵੀਣੀ ਵਿੱਚ ਵੰਗਾ ਅਤੇ ਪੈਰਾਂ ਵਿੱਚ ਝਾਂਜਰਾਂ ਝਣਕਦੀਆਂ ਹਨ, ਇਹਨਾਂ ਵੰਗਾਂ ਤੇ ਝਾਂਜਰਾਂ ਦੇ ਬੋਲ ਮੁਟਿਆਰਾਂ ਦੇ ਦਿਲ ਦਾ ਭੇਤ ਖੋਲਦਿਆਂ ਕਈ ਕੁੱਝ ਕਹਿ ਜਾਂਦੇ ਹਨ।

ਕਾਦਰ ਦੀ ਕੁਦਰਤ ਵੱਲੋਂ ਸਿਰਜੇ ਸੁਹਾਵਣੇ, ਮਨਮੋਹਨੇ ਅਤੇ ਰੂਹਾਂ ਨੂੰ ਤ੍ਰਿਪਤ ਕਰਨ ਵਾਲੇ ਮੌਸਮੀ ਦ੍ਰਿਸ਼ਾਂ ਕਾਰਨ ਸਾਵਣ ਮਹੀਨੇ ਸਾਰੀ ਕਾਇਨਾਤ ਹੀ ਨੱਚਦੀ ਗਾਉਂਦੀ ਪ੍ਰਤੀਕ ਹੁੰਦੀ ਹੈ

ਸਾਵਣ ਮਹੀਨੇ ਬਾਰੇ ਪੰਜਾਬ ਦੇ ਮਾਲਵਾ ਇਲਾਕੇ ਦੇ ਬਰਨਾਲਾ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਭਦੌੜ ਦੇ ਜੰਮਪਲ ਪ੍ਰਸਿੱਧ ਲੇਖਕ ਦਵਿੰਦਰ ਸਤਿਆਰਥੀ ਨੇ ਲਿਖਿਆ ਹੈ

" ਮੇਰੇ ਹਿੰਦੋਸਤਾਨ ਵਿੱਚ ਪੰਜਾਬ ਹੀ ਉਹ ਥਾਂ ਹੈ, ਜਿਥੇ ਸਾਵਣ ਪੂਰੀ ਮਟਕ ਨਾਲ ਆਂਉਂਦਾ ਹੈ ਤੇ ਲੋਕਾਂ ਨਾਲ ਰਚ ਮਿਚ ਕੇ ਖੇਡਦਾ ਹੈ "

ਅਸਲ ਵਿੱਚ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਮੱਹਤਤਾ ਰੱਖਦਾ ਹੈ ਸਾਵਣ ਦਾ ਮਹੀਨਾ। ਜੇਠ- ਹਾੜ ਦੀ ਤਿੱਖੀ ਧੁੱਪ ਦੇ ਝੰਬੇ ਲੋਕਾਂ ਨੂੰ ਠੰਡੀ ਫੁਹਾਰ ਵਾਂਗ ਹੀ ਪ੍ਰਤੀਤ ਹੁੰਦੈ ਸਾਵਣ ਦਾ ਮਹੀਨਾ। ਇਸ ਮਹੀਨੇ ਰੁਮਕਦੀਆਂ ਠੰਡੀਆਂ ਹਵਾਵਾਂ ਅਤੇ ਪੈਂਦੇ ਮੀਂਹ ਦੇ ਛਰਾਟੇ ਜਿਥੇ ਗਰਮੀ ਤੋਂ ਰਾਹਤ ਦਿੰਦੇ ਹਨ, ਉਥੇ ਹੀ ਅਸਮਾਣ 'ਤੇ ਛਾਈਆਂ ਕਾਲੀਆਂ ਘਟਾਵਾਂ ਹਰ ਇਕ ਦਾ ਮਨ ਮੋਹ ਲੈਂਦੀਆਂ ਹਨ। ਅਜਿਹੇ ਮੌਸਮ ਵਿੱਚ ਉਡਦੇ ਪੰਛੀ ਵੀ ਬਲਿਹਾਰੀ ਤੇਰੀ ਕੁਦਰਤ , ਬਲਿਹਾਰੀ ਤੇਰੀ ਕੁਦਰਤ ਕਹਿੰਦੇ ਪ੍ਰਤੀਕ ਹੁੰਦੇ ਨੇ। ਮੋਰ ਵੀ ਇਸ ਮਹੀਨੇ ਕਾਲੀਆਂ ਘਟਾਵਾਂ ਨੂੰ ਵੇਖਕੇ ਪੈਲਾਂ ਪਾਉਂਦੇ ਹਨ। ਅਸਲ ਵਿੱਚ ਇਸ ਮਹੀਨੇ ਦਾ ਮੌਸਮ ਵੀ ਅਜਿਹਾ ਹੁੰਦਾ ਹੈ ਕਿ ਹਰ ਜਵਾਨ ਦਿਲ ਹੀ ਸ਼ਾਇਰੀ ਕਰਨ ਲੱਗ ਪੈਂਦੈ, ਉਥੇ ਬਜ਼ੁਰਗਾਂ ਨੂੰ ਵੀ ਆਪਣੀ ਜਵਾਨੀ ਯਾਦ ਆ ਜਾਂਦੀ ਆ।

ਸਾਵਣ ਮਹੀਨੇ ਦਾ ਸਬੰਧ ਅੱਲ੍ਹੜ ਅਤੇ ਵਿਆਹੁਤਾ ਮੁਟਿਆਰਾਂ ਨਾਲ ਵੀ ਹੁੰਦਾ ਹੈ, ਕਿਉਂਕਿ ਜਿਥੇ ਇਸ ਮਹੀਨੇ ਅੱਲੜ ਤੇ ਮੁਟਿਆਰ ਕੁੜੀਆਂ ਤੀਆਂ ਵਿੱਚ ਜਾਂਦੀਆਂ ਨੇ , ਪੀਂਘਾਂ ਝੂਟਦੀਆਂ ਨੇ , ਉਥੇ ਸੱਜ ਵਿਆਹੀਆਂ ਮੁਟਿਆਰਾਂ ਵੀ ਇਸ ਮਹੀਨੇ ਪੇਕੇ ਆਉਂਦੀਆਂ ਹਨ। ਇਹ ਸੱਜ ਵਿਆਹੀਆਂ ਵੀ ਤੀਆਂ ਵਿੱਚ ਜਾਂਦੀਆਂ ਨੇ , ਗਿੱਧਾਂ ਪਾਉਂਦੀਆ ਨੇ। ਜਿਹੜੀਆਂ ਵਿਆਹੁਤਾ ਮੁਟਿਆਰਾਂ ਇਸ ਮਹੀਨੇ ਪੇਕੇ ਨਾ ਜਾ ਸਕਣ ਉਹ ਆਪਣੇ ਪੇਕਿਆਂ ਨੂੰ ਯਾਦ ਕਰਦੀਆਂ ਕਹਿੰਦੀਆਂ ਹਨ ਕਿ

" ਪੇਕੇ ਪਿੰਡ ਦਿਆ ਪਿੱਪਲਾ, ਪੌਣਾਂ ਹੱਥ ਸੁਨੇਹਾ ਦੇ ਦੇਈਂ ਵੇ। "

ਤੀਆਂ ਮੌਕੇ ਪੇਕੇ ਨਾ ਜਾ ਸਕਣ ਵਾਲੀਆਂ ਮੁਟਿਆਰਾਂ ਨੂੰ ਉਹਨਾਂ ਦੀਆਂ ਸੱਸਾਂ ਤਾਨੇ ਮਾਰਦੀਆਂ ਕਹਿੰਦੀਆਂ ਹਨ

" ਤੈਨੂੰ ਤੀਆਂ 'ਤੇ ਲੈਣ ਨਾ ਆਏ, ਨੀ ਬਹੁਤਿਆਂ ਭਰਾਵਾਂ ਵਾਲੀਏ "





ਤੀਆਂ ਦਾ ਤਿਉਹਾਰ : ਤੀਆਂ ਦਾ ਤਿਉਹਾਰ ਸਾਵਣ ਮਹੀਨੇ ਦੀ ਮੱਸਿਆ ਤੋਂ ਬਾਅਦ ਆਂਉਂਦੀ ਤੀਜ ਤੋਂ ਪੁੰਨਿਆ ਤੱਕ ਮਨਾਇਆ ਜਾਂਦਾ ਹੈ। ਤੀਆਂ ਦੇ ਦਿਨਾਂ ਦੌਰਾਨ ਸੱਜ ਵਿਆਹੀਆਂ ਆਪਣੇ ਪੇਕੇ ਘਰ ਜਾਂਦੀਆਂ ਹਨ। ਤੀਆਂ ਮੌਕੇ ਵਿਆਹੀਆਂ ਮੁਟਿਆਰਾਂ ਨੂੰ ਉਹਨਾਂ ਦੇ ਮਾਪਿਆਂ ਵੱਲੋਂ ਤੀਆਂ ਦਾ ਸੰਧਾਰਾ ਦਿਤਾ ਜਾਂਦਾ ਹੈ। ਸੰਧਾਰੇ ਵਿੱਚ ਮਠਿਆਈ, ਕੱਪੜੇ, ਮੱਠੀਆਂ, ਰਿਊੜੀਆਂ, ਗੁਲਗੁਲੇ, ਚੂੜੀਆਂ, ਮਹਿੰਦੀ, ਰੇਸ਼ਮੀ ਪਰਾਂਦਾ, ਗਹਿਣੇ ਅਤੇ ਹੋਰ ਚੀਜ਼ਾਂ ਹੁੰਦੀਆਂ ਹਨ, ਜਿਹਨਾਂ ਨੂੰ ਵੇਖ ਕੇ ਮੁਟਿਆਰਾਂ ਨੂੰ ਗੋਡੇ ਗੋਡੇ ਚਾਅ ਚੜ੍ਹ ਜਾਂਦਾ ਹੈ ਤੇ ਉਹ ਮੋਰ ਵਾਂਗ ਪੈਲਾਂ ਪਾਉਣ ਲੱਗਦੀਆਂ ਹਨ ਉਹਨਾਂ ਦਾ ਦਿਲ ਕੂੰਜਾਂ ਵਾਂਗ ਹੀ ਉਡਾਰੀ ਮਾਰ ਕੇ ਪੇਕੇ ਜਾਣ ਨੂੰ ਕਰਦਾ ਹੈ।

ਪੇਕੇ ਪਿੰਡ ਦੀ ਜੂਹ ਵਿੱਚ ਪੈਰ ਧਰਦਿਆਂ ਹੀ ਮੁਟਿਆਰਾਂ ਦੀ ਅੱਡੀ ਨੱਚਣ ਲੱਗਦੀ ਹੈ ਅਤੇ ਉਹ ਤੀਆਂ ਦੇ ਮੇਲੇ ਵਿੱਚ ਜਾ ਪਹੁੰਚਦੀਆਂ ਹਨ ਅਤੇ ਗਿੱਧੇ ਵਿੱਚ ਭੜਥੂ ਪਾਉਂਦੀਆਂ ਹਨ।

ਸਾਵਣ ਮਹੀਨੇ ਪੁਰਾਣੇ ਸਮੇਂ ਦੌਰਾਨ ਤੀਆਂ ਦੇ ਮੇਲੇ ਥਾਂ- ਥਾਂ ਲੱਗਦੇ ਹੁੰਦੇ ਸਨ, ਉਸ ਸਮੇਂ ਲੌਂਗੋਵਾਲ ਅਤੇ ਬਰਨਾਲੇ ਦੇ ਤੀਆਂ ਦੇ ਮੇਲੇ ਪ੍ਰਸਿੱਧ ਸਨ। ਹੁਣ ਤਾਂ ਤੀਆਂ ਦੇ ਮੇਲੇ ਵੀ ਸਟੇਜੀ ਜਿਹੇ ਹੀ ਹੋ ਗਏ ਹਨ। ਹੁਣ ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਵਲੋਂ ਵੀ ਤੀਆਂ ਦੇ ਮੇਲੇ ਲਗਾਏ ਜਾਂਦੇ ਹਨ ਜਿਹਨਾਂ ਵਿੱਚ ਪੰਜਾਬਣਾਂ ਪੂਰੀਆਂ ਬਣ ਫਬ ਕੇ ਹਿੱਸਾ ਲੈਂਦੀਆਂ ਹਨ।

ਖੀਰ ਪੂੜੇ ਖਾਣ ਦਾ ਮਹੀਨਾ : ਸਾਵਣ ਮਹੀਨੇ ਨੂੰ ਖੀਰ ਪੂੜੇ ਖਾਣ ਵਾਲਾ ਮਹੀਨਾ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਪੈ ਰਹੀ ਬਰਸਾਤ ਦੌਰਾਨ ਖੀਰ ਪੂੜੇ ਖਾਣੇ ਚੰਗਾ ਸ਼ਗਨ ਸਮਝਿਆ ਜਾਂਦਾ ਹੈ। ਬਰਸਾਤ ਦੇ ਮੌਸਮ ਵਿੱਚ ਖੀਰ ਪੂੜੇ ਖਾਣੇ ਚੰਗੇ ਵੀ ਬਹੁਤ ਲੱਗਦੇ ਹਨ। ਕਈ ਲੋਕ ਘਰਾਂ ਵਿੱਚ ਮਾਲ ਪੂੜੇ ਬਣਾ ਲੈਂਦੇ ਹਨ। ਹੁਣ ਤਾਂ ਬਾਜ਼ਾਰ ਵਿੱਚ ਵੀ ਬਣੇ ਬਣਾਏ ਮਾਲ ਪੂੜੇ ਮਿਲ ਜਾਂਦੇ ਹਨ ਜਿਹਨਾਂ ਨੂੰ ਖਰੀਦਣ ਲਈ ਸਾਰਾ ਸਾਵਣ ਮਹੀਨਾਂ ਹੀ ਲੋਕਾਂ ਦੀ ਭੀੜ ਹਲਵਾਈਆਂ ਦੀਆਂ ਦੁਕਾਨਾਂ ਉਪਰ ਰਹਿੰਦੀ ਹੈ। ਪੰਜਾਬੀ ਵਿੱਚ ਇੱਕ ਅਖਾਣ ਪ੍ਰਸਿੱਧ ਹੈ-

ਸਾਵਣ ਖੀਰ ਨਾ ਖਾਧੀਆ, ਕਿਉਂ ਜੰਮਿਓਂ ਅਪਰਾਧੀਆ ?

ਬਚਪਣ ਦੀ ਯਾਦ : ਸਾਵਣ ਦੇ ਮਹੀਨੇ ਵਿੱਚ ਛਮ ਛਮ ਪੈਂਦੀ ਬਰਸਾਤ ਅਤੇ ਸਾਉਣ ਦੇ ਛਰ੍ਹਾਟਿਆਂ ਨੂੰ ਵੇਖ ਕੇ ਹਰ ਵਿਅਕਤੀ ਨੂੰ ਆਪਣਾ ਬਚਪਣ ਯਾਦ ਆ ਜਾਂਦਾ ਹੈ। ਹਰ ਵਿਅਕਤੀ ਦੀਆਂ ਅੱਖਾਂ ਅੱਗੇ ਬਚਪਣ ਵਿੱਚ ਸਾਉਣ ਮਹੀਨੇ ਦੌਰਾਨ ਵਰ੍ਹਦੇ ਮੀਂਹ ਵਿੱਚ ਤੇੜ ਨਿੱਕਰ ਪਾ ਕੇ ਨਹਾਉਣ, ਦੁੜਦੰਗੇ ਉਡਾਉਣ ਅਤੇ ਮੌਜ ਮੇਲਾ ਕਰਨ ਦੇ ਦ੍ਰਿਸ਼ ਆ ਜਾਂਦੇ ਹਨ। ਇਸਦੇ ਨਾਲ ਹੀ ਯਾਦ ਆ ਜਾਂਦਾ ਹੈ ਕਿ ਕਿਵੇਂ ਸਾਵਣ ਦੇ ਮੀਂਹ ਦੇ ਪਾਣੀ ਵਿੱਚ ਉਹ ਆਪਣੇ ਕਾਗਜ਼ ਦੇ ਜਹਾਜ਼ ਅਤੇ ਕਿਸ਼ਤੀਆਂ ਬਣਾ ਬਣਾ ਕੇ ਛੱਡਦੇ ਹੁੰਦੇ ਸਨ ਅਤੇ ਪਾਣੀ ਵਿੱਚ ਤੈਰਦੇ ਜਾਂਦੇ ਜਹਾਜ਼ਾਂ ਅਤੇ ਕਿਸ਼ਤੀਆਂ ਦੇ ਨਾਲ ਨਾਲ ਤੁਰਦੇ ਜਾਂਦੇ ਸਨ। ਸਾਵਣ ਮਹੀਨੇ ਦੌਰਾਨ ਵਰ੍ਹਦੇ ਮੀਂਹ ਵਿੱਚ ਬਚਪਣ ਸਮੇਂ ਚੂਪੇ ਹੋਏ ਅੰਬਾਂ ਦਾ ਸਵਾਦ ਵੀ ਹਰ ਉਮਰ ਦੇ ਵਿਅਕਤੀ ਦੇ ਮੂੰਹ ਵਿੱਚ ਅੱਜ ਵੀ ਸਾਵਣ ਮਹੀਨੇ ਦੌਰਾਨ ਛਾਈਆਂ ਕਾਲੀਆਂ ਘਟਾਵਾਂ ਅਤੇ ਵਰ੍ਹਦੇ ਮੀਂਹ ਨੂੰ ਵੇਖ ਕੇ ਆ ਜਾਂਦਾ ਹੈ। ਹਰ ਵਿਅਕਤੀ ਹੀ ਸਾਵਣ ਮਹੀਨੇ ਦੌਰਾਨ ਵਾਰ ਵਾਰ ਗਜ਼ਲ ਗਾਇਕ ਜਗਜੀਤ ਸਿੰਘ ਦੀ ਇਹ ਗਜ਼ਲ ਦੁਹਰਾਉਂਦਾ ਹੈ-

." ...ਮਗਰ ਮੁਝ ਕੋ ਲੋਟਾ ਦੋ, ਬਚਪਨ ਕਾ ਸਾਵਨ,
.....ਵੋਹ ਕਾਗ਼ਜ਼ ਕੀ ਕਸ਼ਤੀ , ਵੋਹ ਬਾਰਿਸ਼ ਕਾ ਪਾਨੀ "



**ਪੰਜਾਬੀ ਗੀਤਾਂ ਵਿੱਚ ਜ਼ਿਕਰ :**

* ਉਮੜ ਉਮੜ ਕੇ ਬੱਦਲ ਆਇਆ, ਕਣੀ ਕਣੀ ਵੱਸ ਜਾਣਾ,
ਭਰਿਆ ਤ੍ਰਿੰਞਣ ਡਾਰ ਕੂੰਜਾਂ ਦੀ, ਸਭਨਾਂ ਨੇ ਉੱਡ ਜਾਣਾ
(ਅੰਮ੍ਰਿਤਾ ਪ੍ਰੀਤਮ)
* ਖੀਰਾਂ ਤੇ ਪੂੜੇ ਨੀ, ਸਾਉਣ ਦੀਆਂ ਝੜੀਆਂ ਨੀ
( ਪ੍ਰੋ ਮੋਹਨ ਸਿੰਘ )
* ਸਾਵਣ ਸੀਸ ਗੁੰਦਾ ਕੇ ਸਈਆਂ, ਹਾਰ ਸ਼ਿੰਗਾਰ ਸਜਾਏ ਨੇ,
ਮਿੱਠੇ ਮਿੱਠੇ ਗੀਤ ਮਾਹੀ ਦੇ, ਸਭਨਾ ਰਲ ਮਿਲ ਗਾਏ ਨੇ॥
( ਬਾਬੂ ਫਿਰੋਜ਼ ਦੀਨ ਸ਼ਰਫ਼ )
* ਸਾਉਣ ਮਹੀਨਾ ਪਿੱਪਲੀ ਪੀਂਘਾਂ ਕੁੜੀਆਂ ਝੂਟਣ ਆਈਆਂ
ਭਿੱਜ ਗਈ ਰੂਹ ਮਿੱਤਰਾ, ਸ਼ਾਮ ਘਟਾ ਚੜ੍ਹ ਆਈਆਂ
* ਸਾਉਣ ਦਾ ਮਹੀਨਾ ਵੇ ਤੂੰ ਆਇਆ ਗੱਡੀ ਜੋੜਕੇ
ਮੈਂ ਨਹੀਂ ਸਹੁਰੇ ਜਾਣਾ ਲੈ ਜਾ ਗੱਡੀ ਖਾਲੀ ਮੋੜ ਕੇ
* ਆਇਆ ਸਾਉਣ ਮਹੀਨਾ ਕੁੜੀਓ, ਲੈ ਕੇ ਠੰਡੀਆਂ ਹਵਾਵਾਂ,
ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ, ਮਾਰ ਅੱਡੀ ਛਣਕਾਵਾਂ,
ਖੱਟਾ ਡੋਰੀਆ ਉਡ ਉਡ ਜਾਂਦਾ, ਜਦ ਮੈਂ ਪੀਂਘ ਚੜ੍ਹਾਵਾਂ,
ਸਾਉਣ ਦਿਆ ਬੱਦਲਾ ਵੇ, ਮੈਂ ਤੇਰਾ ਜਸ ਗਾਵਾਂ
* ਸਾਉਣ ਮਹੀਨੇ, ਪਿੱਪਲੀਂ ਪੀਂਘਾਂ, ਕੁੜੀਆਂ ਝੂਟਣ ਆਈਆਂ
* ਆਰੇ ਆਰੇ ਆਰੇ
ਕਾਲੇ ਬੋਲੇ ਬੱਦਲਾਂ ਵਿੱਚ, ਬਿਜਲੀ ਲਿਸ਼ਕਾਂ ਮਾਰੇ
ਗੋਰੇ ਗੋਰੇ ਹੱਥ ਜੱਟੀ ਦੇ, ਮਹਿੰਦੀ ਨਾਲ ਸ਼ਿੰਗਾਰੇ
ਰੂਪ ਜੱਟੀ ਦਾ ਇੰਜ ਲਿਸ਼ਕਦਾ, ਜਿਉਂ ਅੰਬਰੀਂ ਤਾਰੇ
ਖੁੱਲ ਕੇ ਨੱਚ ਲੈ ਨੀ, ਸਾਉਣ ਸੈਨਤਾਂ ਤਾਰੇ....





# ਗੁਰਮਤਿ ਚਿੰਤਨ ਹੀ ਸਿੱਖ ਪੰਥ ਦੀ ਰਾਜਨੀਤੀ, ਦਾਰਸ਼ਨਿਕਤਾ ਅਤੇ ਕਲਚਰ ਦਾ ਸੋਮਾ

## ਕਾਮਰੇਡਾਂ, ਸਾਧਵਾਦ ਤੇ ਡੇਰਾਵਾਦ ਤੋਂ ਗੁਰਮਤਿ ਚਿੰਤਨ ਨੂੰ ਬਚਾਉਣ ਦੀ ਲੋੜ

## ਗੁਰਮਤਿ ਚਿੰਤਨ ਦੀ ਵਿਆਖਿਆ ਨੂੰ ਸ੍ਰ. ਗੁਰਤੇਜ ਸਿੰਘ, ਪ੍ਰੋ.ਫੈਸਰ ਕਿਸ਼ਨ ਸਿੰਘ ਤੇ ਜਗਜੀਤ ਸਿੰਘ ਨੇ ਨਿਖਾਰਿਆ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਕਿਸ਼ਨ ਸਿੰਘ ਨੂੰ ਖੱਬੇਪੱਖੀ ਚਿੰਤਕ ਸੰਤ ਸਿੰਘ ਸੇਖੋਂ ਨਾਲ ਨਹੀਂ ਜੋੜਿਆ ਜਾ ਸਕਦਾ। ਕਿਸ਼ਨ ਸਿੰਘ ਨੇ ਪੰਜਾਬ ਦੇ ਕਾਮਰੇਡਾਂ ਵੱਲੋਂ ਮਿਥੇ ਤੇ ਘੜੇ ਡੁਪਲੀਕੇਟ ਮਾਰਕਸਵਾਦ ਨਾਲ ਟੱਕਰ ਲਈ ਹੈ। ਸੰਤ ਸਿੰਘ ਸੇਖੋਂ ਦਾ ਚਿੰਤਨ ਸਿੱਖ ਪੰਥ ਵਿਰੋਧੀ,ਗੁਰਮਤਿ ਦੇ ਵਿਰੋਧ ਵਿੱਚ ਸੀ। ਪੰਜਾਬੀ ਸਾਹਿਤ ਦਾ ਮੂਲ ਸੇਖੋਂ ਨੇ ਵਿਗਾੜਿਆ।

ਕਿਸ਼ਨ ਸਿੰਘ ਨੇ ਜੋ ਗੁਰਮਤਿ ਇਨਕਲਾਬ ਦਾ ਥਾਟ ਪੰਜਾਬੀ ਸਾਹਿਤ ਵਿੱਚ ਦਿੱਤਾ ਉਸੇ ਦਿਸ਼ਾ ਵਿੱਚ ਅਜਮੇਰ ਸਿੰਘ , ਜਗਜੀਤ ਸਿੰਘ ਆਪਣਾ ਮੌਲਿਕ ਚਿੰਤਨ ਤੋਰ ਸਕੇ। ਪੰਜਾਬੀ ਮਾਰਕਸਵਾਦੀਆਂ ਨੂੰ ਚੁਣੌਤੀ ਇਹਨਾਂ ਨੇ ਪੇਸ਼ ਕੀਤੀ ਹੈ। ਕਾਫੀ ਸਿੱਖ ਚਿੰਤਕ ਖੱਬੇ ਪੱਖੀ ਚਿੰਤਕਾਂ ਉੱਪਰ ਗੰਭੀਰ ਟਿੱਪਣੀਆਂ ਕਰਨ ਤੋਂ ਗੁਰੇਜ਼ ਕਰਦੇ ਰਹੇ।

ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਦੀ ਦਾਰਸ਼ਨਿਕਤਾ ਰੂਹਾਨੀਅਤ , ਸ਼ਬਦ ਗੁਰੂ ਦਾਰਸ਼ਨਿਕਤਾ ਅਨੁਸਾਰੀ ਸੀ। ਜੋ ਸਿਰਦਾਰ ਕਪੂਰ ਸਿੰਘ ਨੇ ਚਿੰਤਨ ਸਿਰਜਿਆ, ਉਸਨੂੰ ਰਿਫਾਇੰਡ ਕਰਕੇ ਸਰਦਾਰ ਗੁਰਤੇਜ ਸਿੰਘ ਨੇ ਨਵੀਆਂ ਪੈੜਾਂ ਪਾਈਆਂ। ਦਰਸ਼ਨ ਤੇ ਇਤਿਹਾਸ ਵਿੱਚ ਉਨ੍ਹਾਂ ਦੀ ਮਾਸਟਰੀ ਹੈ।ਉਨ੍ਹਾਂ ਦੇ ਸ਼ਬਦਾਂ ਵਿੱਚ ਜਾਦੂਗਰੀ ਹੈ, ਸਿੱਖ ਵਿਰੋਧੀ ਫਿਨੌਮਨੇ ਵਿਰੁੱਧ ਹਮਲਾਵਰ ਵਿਧੀ ਹੈ। ਸਾਡੇ ਗੰਭੀਰ ਸਿੱਖ ਚਿੰਤਨ ਵਿੱਚ ਰੁਕਾਵਟ ਡੇਰਾਵਾਦੀ ਸਿੱਖ ਚਿੰਤਨ ਹੈ ਜਿਸ ਨੂੰ ਕੁੱਝ ਬੁੱਧੀਜੀਵੀਆਂ ਵੱਲੋਂ ਡੇਰਾਵਾਦੀ ਚਿੰਤਨ ਨੂੰ ਅਨੁਭਵੀ ਚਿੰਤਨ ਦਸਿਆ ਜਾ ਰਿਹਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਰਾਹੀਂ ਇਹ ਡੇਰਾਵਾਦੀ ਚਿੰਤਨ ਫੈਲਾਇਆ ਜਾ ਰਿਹਾ ਹੈ। ਇਹ ਡੇਰਾਵਾਦੀ ਸਿਸਟਮ ਤੇ ਚਿੰਤਨ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਮਾਨਤਾ ਨਹੀਂ ਦਿੰਦਾ।ਮੱਸਿਆ, ਪੂਰਨਮਾਸ਼ੀ, ਚੁਪਹਿਰੇ, ਦੁਪਹਿਰੇ, ਚਾਲੀਹੇ ਇਨ੍ਹਾਂ ਦੀ ਘਾੜਤ ਹਨ ਜੋ ਕਿ ਬ੍ਰਾਹਮਣਵਾਦੀ ਵਿਧੀਆਂ ਤੇ ਕਰਮਕਾਂਡ ਹਨ।

ਡੇਰਾਵਾਦੀ ਚਿੰਤਨ ਕਾਰਨ ਸਿੱਖ ਸੰਗਤਾਂ ਜਾਣੇ ਅਨਜਾਣੇ ਵਿੱਚ ਆਪਣੇ ਹਰ ਕਾਰ ਵਿਹਾਰ ਨੂੰ ਬਹੁਗਿਣਤੀ ਬ੍ਰਾਹਮਣੀ ਕਰਮਕਾਂਡਾਂ ਦੀ ਹੀ ਸ਼ਕਲ ਦੇਣ ਲੱਗ ਪਈਆਂ ਹਨ। ਅਜਿਹਾ ਕਰਨ ਵਿੱਚ ਸਿੱਖ ਧਰਮ ਦਾ ਪ੍ਰਚਾਰਕ ਅਖਵਾਉਂਦਾ ਤਬਕਾ ਸਭ ਤੋਂ ਮੋਹਰੀ ਹੁੰਦਾ ਹੈ। ਗਿਣਤੀ ਮਿਣਤੀ ਦੇ ਪਾਠਾਂ ਅਤੇ ਗੁਰਮਤਿ ਸਮਾਗਮਾਂ ਨੂੰ ਜਪ- ਤਪ ਸਮਾਗਮ, ਮਹਾਂ ਪਵਿੱਤਰ ਸਮਾਗਮ, ਜਪ ਤਪ ਚੁਪਹਿਰਾ ਸਮਾਗਮ ਆਦਿ ਨਾਂ ਦੇ ਕੇ ਇੱਕ ਵੱਡਾ ਭੰਬਲਭੂਸਾ ਖੜਾ ਕੀਤਾ ਜਾ ਰਿਹਾ ਹੈ।ਗੁਰਮਤਿ ਸਮਾਗਮ ਦਾ ਉਦੇਸ਼ ਅਤੇ ਮਹੱਤਵ ਦੋਵੇਂ ਬਦਲਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਮਨਮਤੀ ਨਾਂ ਰੱਖ ਕੇ ਉਨ੍ਹਾਂ ਦੀ ਬਾਹਰੀ ਰੂਪਰੇਖਾ ਹੀ ਨਹੀਂ ਬਦਲੀ ਜਾ ਰਹੀ , ਸਗੋਂ ਉਸਦੀ ਅੰਦਰੂਨੀ ਕਾਰਜਵਿਧੀ ਵੀ ਤਬਦੀਲ ਕੀਤੀ ਜਾ ਰਹੀ ਹੈ। ਦਰਅਸਲ ਸਿੱਖ ਸਮਾਗਮਾਂ ਅਤੇ ਗੁਰਮਤਿ ਸਮਾਗਮਾਂ ਨੂੰ ਹਿੰਦੂਤਵੀ ਅਤੇ ਬ੍ਰਾਹਮਣੀ ਰੰਗਤ ਵਿੱਚ ਬਿਆਨਿਆ ਜਾ ਰਿਹਾ ਹੈ। ਜਿਸ ਸਮਾਗਮ ਨੂੰ ਜਪ ਤਪ ਕਹਿੰਦਿਆਂ ਜ਼ਰਾ ਜਿੰਨੀ ਸੋਚ ਵੀਚਾਰ ਨਹੀਂ ਕੀਤੀ ਜਾਂਦੀ ਉਥੇ ਕੱਲ੍ਹ ਨੂੰ ਸਿਮਰਨ ਸਾਧਨਾ ਦੇ ਬੈਨਰ ਹੇਠ ਹਵਨ ਕ੍ਰਿਆ ਬਣਾ ਦਿੱਤਾ ਜਾਵੇਗਾ ਇਸ ਗੱਲ ਦਾ ਕੀ ਦਾਅਵਾ ਕਿ ਅਜਿਹਾ ਨਹੀਂ ਹੋਵੇਗਾ ? ਕੀ ਗੁਰਮਤਿ ਸਮਾਗਮ ਲਫਜ਼ ਛੋਟਾ ਜਾਂ ਹੀਣਾ ਹੈ?

ਯਾਦ ਰੱਖਣਾ ਚਾਹੀਦਾ ਹੈ ਕਿ ਜਿਥੇ ਕੋਈ ਵਿਚਾਰਧਾਰਾ ਆਪਣੇ ਆਪ ਵਿੱਚ ਵਿਲੱਖਣ ਹੁੰਦੀ ਹੈ ਉਥੇ ਉਸ ਦਾ ਸਿਧਾਂਤਕ ਅਮਲ ਵੀ ਵਿਲੱਖਣ ਹੁੰਦਾ ਹੈ ਭਾਵ ਉਸਦੀ ਬਾਹਰੀ ਰੂਪ ਰੇਖਾ ਵੀ ਅੱਡਰੀ ਹੋਂਦ ਰੱਖਣ ਵਾਲ਼ੀ ਹੁੰਦੀ ਹੈ। ਫਿਰ ਮਹਾਂ ਪਵਿੱਤਰ ਗੁਰਮਤਿ ਸਮਾਗਮ,ਜਪ ਤਪ,ਚੁਪਹਿਰੇ, ਦੁਪਹਿਰੇ ਸਮਾਗਮ ਦਾ ਭਾਵ ਕੀ ਹੈ ? ਸਪਸ਼ਟ ਹੈ ਕਿ ਗੁਰਮਤਿ ਦੀ ਦੁਰਵਰਤੋਂ ਕਰਦਿਆਂ ਇਹ ਉਲਝਾਊ ਭਾਸ਼ਾ ਵਰਤ ਕੇ ਸਿੱਖ ਸੱਭਿਆਚਾਰ ਨੂੰ ਢਾਹ ਅਣਦੇਖੀ ਨਹੀਂ ਕੀਤੀ ਜਾ ਰਹੀ। ਗੁਰਮਤਿ ਸਮਾਗਮਾਂ ਤੇ ਅਨਮਤੀ ਰੰਗਤ ਚਾੜ੍ਹਨ ਦਾ ਕੀ ਮੰਤਵ ਹੋ ਸਕਦਾ ਹੈ ? ਜਿਵੇਂ ਤੰਤਰ ਸ਼ਾਸ਼ਤਰ ਅਤੇ ਹੋਰ ਪੌਰਾਣਕ ਗ੍ਰੰਥਾਂ ਦੀ ਨਕਲ ਕਰਦਿਆਂ ਗੁਰਬਾਣੀ ਪਾਠ ਨੂੰ ਵਿਭਿੰਨ ਹਿੱਸਿਆਂ ਵਿੱਚ ਵੰਡ ਕੇ ਗੁਰਬਾਣੀ ਪਾਠ ਦਾ ਮਤਲਬ ਅਤੇ ਉਦੇਸ਼ ਹੀ ਬਦਲ ਦਿੱਤਾ ਗਿਆ ਹੈ ਉਵੇਂ ਹੀ ਹੁਣ ਬ੍ਰਾਹਮਣਵਾਦੀ ਨਾਵਾਂ ਹੇਠ ਗੁਰਮਤਿ ਸਮਾਗਮਾਂ ਨੂੰ ਸਨਾਤਨੀ ਪ੍ਰਚਾਰ ਦਾ ਅਖਾੜਾ ਬਣਾਉਣ ਦੀ ਤਿਆਰੀ ਹੋ ਰਹੀ ਹੈ। ਚੁਪਹਿਰੇ, ਦੁਪਹਿਰੇ ਕਿਹੜੀ ਸਿਖ ਨਿਯਮਾਵਲੀ ਵਿਚੋਂ ਜਨਮ ਲੇ ਰਹੇ ਹਨ ?

ਗੁਰਬਾਣੀ ਦਾ ਇਹ ਪ੍ਰਮਾਣ:

ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥

ਕਿਸ ਭਾਵਨਾ ਵੱਲ ਸੇਧਤ ਹੈ ? ਦਰਅਸਲ ਗੁਰਬਾਣੀ ਵਿਚਾਰ ਤੋਂ ਟੁੱਟ ਕੇ ਵਾਧੂ ਕਰਮਾਂ ਅਤੇ ਅਡੰਬਰਾਂ ਨੂੰ ਤਰਜ਼ੀਹ ਦੇਣ ਦਾ ਭਾਵ ਹੀ ਇਹੀ ਹੈ ਕਿ ਕਿਧਰੇ ਗੁਰਬਾਣੀ ਸਿਧਾਂਤ ਦੀ ਸਥਾਪਤੀ ਨਾ ਹੋ ਜਾਵੇ ਅਤੇ ਅਜਿਹਾ ਸਾਰਾ ਕੁੱਝ ਅਜਿਹੇ ਅਮਲ ਵਿਚੋਂ ਹੀ ਪੈਦਾ ਹੋ ਰਿਹਾ ਹੈ ਜਿਸਨੂੰ ਜਾਣੇ ਅਨਜਾਣੇ ਜਾਂ ਸਾਜਿਸ਼ ਤਹਿਤ ਸਿਖ ਪ੍ਰਚਾਰਕ ਅਤੇ ਡੇਰੇਦਾਰ ਸਿਰੇ ਚਾੜ੍ਹ ਰਹੇ ਹਨ। ਸਿੱਖ ਧਰਮ ਤੇ ਜਿਸ ਤਰੀਕੇ ਨਾਲ਼ ਸਮੇਂ ਦੀ ਸਥਾਪਤ ਬ੍ਰਾਹਮਣਵਾਦੀ ਵਿਚਾਰਧਾਰਾ ਆਪਣਾ ਗ਼ਲਬਾ ਪਾ ਰਹੀ ਹੈ ਸਿਖ ਸੰਗਤਾਂ, ਸਿੱਖ ਸੰਸਥਾਵਾਂ ਆਕਾਲ ਤਖਤ ਸਾਹਿਬ ਤੇ ਸ੍ਰੋਮਣੀ ਕਮੇਟੀ ਨੂੰ ਇਸ ਬਾਰੇ ਸਖਤ ਨੋਟਿਸ ਲੈਣਾ ਪਵੇਗਾ। ਸਿਖਾਂ ਵਿੱਚ ਹਿੰਦੂ ਆਚਾਰੀਆਂ ਦੀ ਨਕਲ਼ ਸਾਧ ਸੰਤ ਪੈਦਾ ਹੋ ਕੇ ਆਪਣੀ ਪੂਜਾ ਕਰਵਾ ਰਹੇ ਹਨ।

ਸਿਖ ਪੰਥ ਵਿੱਚ ਡੇਰਾਵਾਦੀ ਚਿੰਤਨ ਜਾਂ ਸਾਧ ਗੁਰਮਤਿ ਦਾ ਅਨੁਭਵੀ ਕਿਵੇਂ ਹੈ ਜਿਸਨੇ ਵੇਦਾਂ, ਸ਼ਾਸ਼ਤਰਾਂ ਦਾ ਮੈਥੇਮੈਟਿਕਸ ਗੁਰਮਤਿ ਵਿਆਖਿਆ ਉਪਰ ਭਾਰੂ ਕਰ ਦਿੱਤਾ। ਇਸ ਸਨਾਤਨੀ ਚਿੰਤਨ ਨਾਲ ਸਿੱਖ ਸੱਭਿਅਤਾ ਦਾ ਕਦੂਕਸ ਹੋਇਆ ਹੈ। ਸਵਰਗ ਨਰਕ, ਜਪ ਤਪ, ਯਮ ਰਾਜ, ਧਰਮ ਰਾਜ , ਪੁਨਰ ਜਨਮ , ਭਵਜਲ, ਦੇਵੀ ਦੇਵਤੇ ਬਿਠਾਕੇ ਅਕਾਲ ਪੁਰਖ ਜਾਂ ਬ੍ਰਹਮ ਵਾਲੀ ਗੁਰੂਆਂ ਦੁਆਰਾ ਘੜੀ ਦਾਰਸ਼ਨਿਕਤਾ ਤੋਂ ਸਿੱਖ ਪੰਥ ਨੂੰ ਦੂਰ ਕਰਨ ਦੇ ਯਤਨ ਕੀਤੇ ਹਨ। ਡੇਰਾਦਾਰੀ ਅਨੁਭਵੀ ਦਾਰਸ਼ਨਿਕ ਚਿੰਤਨ ਜੋ ਗੰਗਾ ਸਭਿਅਤਾ ਉਪਰ ਉਸਰਿਆ ਹੈ ਜਿਥੇ ਸਤਲੁਜ, ਰਾਵੀ ਦੀ ਮਹਾਨ ਗੁਰੂ ਸੱਭਿਅਤਾ ਗਾਇਬ ਹੈ। ਅਜਿਹਾ ਸਾਰਾ ਕੁੱਝ ਸਾਡੇ ਸਮਾਜ ਦਾ ਗੁਰਬਾਣੀ ਸਿਧਾਂਤ ਤੋਂ ਅਨਜਾਣ ਹੋਣ ਦਾ ਨਤੀਜਾ ਹੈ ਅਤੇ ਪੰਥਕ ਸੰਸਥਾਵਾਂ ਵੱਲੋਂ ਸਿੱਖ ਸਿਧਾਂਤਾਂ ਦੇ ਅਮਲੀ ਸਿਸਟਮ ਵਿੱਚ ਕਮੀਆਂ ਹੋਣ ਕਰਕੇ ਹੋ ਰਿਹਾ ਹੈ। ਜਿਥੇ ਸਿਧਾਂਤ ਤੇ ਚਿੰਤਨ ਸਮਝਣਾ ਜ਼ਰੂਰੀ ਹੁੰਦਾ ਹੈ ਉਥੇ ਉਸ ਨੂੰ ਸਹੀ ਅਤੇ ਸੁਚੱਜੀ ਜੁਗਤ ਨਾਲ਼ ਲਾਗੂ ਕਰਨਾ ਅਤਿਅੰਤ ਜ਼ਰੂਰੀ ਹੈ।

ਸੱਭਿਅਤਾਵਾਂ ਰਾਸ਼ਟਰ ਸਿਰਜਦੀਆਂ ਮਿਕਸ ਬਰੈਂਡ ਦਾਰਸ਼ਨਿਕਤਾ ਤੁਹਾਡੀ ਕੌਮੀਅਤ ਦੀ ਮਾਨਸਿਕ ਨਸਲਕੁਸ਼ੀ ਕਰਦੀ ਹੈ। ਜਦ ਨਿਰੋਲ ਤੇ ਮੌਲਿਕ ਵਿਚਾਰ ਤੇ ਬੋਧਿਕਤਾ ਨਹੀਂ ਤਾਂ ਨਸਲ ਕੋਈ ਕੰਮ ਨਹੀਂ ਕਰੇਗੀ।

ਸਾਨੂੰ ਕਿਸ਼ਨ ਸਿੰਘ ਨੂੰ ਦੁਬਾਰਾ ਪੜ੍ਹਨ ਦੀ ਲੋੜ ਹੈ। ਕਿਸ਼ਨ ਸਿੰਘ ਦਾ ਅੰਤਮ ਨਹੀਂ ਪਰ ਮੌਲਿਕ ਚਿੰਤਨ ਸਿਰਜਣ ਲਈ ਉਸਦਾ ਵਿਚਾਰ ਸਹਾਇਕ ਹੈ।

ਸੇਖੋਂ ਗੁਰੂ ਨਾਨਕ ਸਾਹਿਬ ਦੇ ਵਿਰੋਧ ਵਿੱਚ ਵਿਚਾਰ ਖੜੇ ਕਰਦਾ ਹੈ। ਇਸ ਦੇ ਉਲਟ ਕਿਸ਼ਨ ਸਿੰਘ ਮਾਰਕਸਵਾਦੀ ਧਾਰਾ ਨੂੰ ਪਾਰ ਕਰਦਾ ਰੱਬ, ਆਤਮਾ ਜਾਂ ਵਿਚਾਰ ਤੇ 'ਹੁਕਮ' ਜਾਂ 'ਭੈਅ' ਦੀ ਦਾਰਸ਼ਨਿਕਤਾ ਪਰਵਾਨ ਕਰਦਾ ਹੈ।

ੴ ਤੋਂ ਲੈ ਕੇ ਗੁਰ ਪ੍ਰਸਾਦਿ ਤਕ ਸਾਰਾ ਮੂਲ ਮੰਤਰ ਗੁਰਬਾਣੀ ਆਧਾਰ ਹੈ, ਜੋ ਉਸ ਵੇਲੇ ਦੇ ਹਿੰਦੂ ਤੇ ਮੁਸਲਿਮ, ਦੋਹਾਂ ਤੋਂ ਨਿਆਰਤਾ ਦੀ ਸੂਚਕ ਤੇ ਪਦਾਰਥਕ ਏਜੰਡਾ ਕਿਰਤ ਸਿਰਜਦੀ ਹੈ। ਕਿਰਤ ਕੀਤੇ ਬਿਨਾਂ ਵੰਡ ਛਕੇ ਬਿਨਾਂ ਬੰਦਾ ਨਾਮੀ ਨਹੀਂ ਹੋ ਸਕਦਾ, ਵਾਹਿਗੁਰੂ ਦਾ ਬੰਦਾ ਨਹੀਂ ਹੋ ਸਕਦਾ। 'ਜਪ' ਵਾਹਿਗੁਰੂ ਜੀ ਦਾ ਰੂਪ ਹੈ ਤੇ ਬਾਕੀ ਸਾਰੀ ਗੁਰਬਾਣੀ ਏਸ ਰੂਪ ਦੀ ਸਪੱਸ਼ਟਤਾ, ਵਿਆਖਿਆ ਤੇ ਉਪਦੇਸ਼ ਹੈ।

ਸਮਾਜ, ਰਾਜਨੀਤੀ, ਮਨੁੱਖ, ਕਾਇਨਾਤ ਵਾਹਿਗੁਰੂ ਦੇ ਹੁਕਮ ਵਿੱਚ ਹਨ। ੴ ਸੋਮਾ ਹੈ ਤੇ ਗੁਰ ਪ੍ਰਸਾਦਿ ਬਖਸ਼ਿਸ ਹੈ। ਸਾਰੀ ਗੁਰਬਾਣੀ ਦਾਰਸ਼ਨਿਕ ਹੈ ਪਰ ਮੈਟਾਫਿਜ਼ਕੀ ਨਹੀ ਹੈ। ਜਿਸ ਤਰ੍ਹਾਂ ਡੇਰੇਦਾਰਾਂ ਨੇ ਮੈਟਾਫਿਜ਼ਕੀ ਬਣਾਕੇ ਪੇਸ਼ ਕੀਤਾ ਹੈ।

ਮੈਟਾਫਿਜ਼ਕੀ ਤੇ ਸਨਾਤਨਤਾ ਦੀ ਸਰਦਾਰੀ ਤੋੜਨ ਲਈ ਗੁਰੂ ਸਾਹਿਬ ਮੈਟਾਫਿਜ਼ਕੀ ਪ੍ਰਤੀਕ ਵਰਤੇ ਹਨ। ਮੰਤਵ ਮਨੁੱਖਤਾ ਦਾ ਇਨਕਲਾਬ ਤੇ ਗੁਰਮੁਖਾਂ ਦੀ ਧਰਤੀ ਤੇ ਸਰਦਾਰੀ ਕਾਇਨਾਤ ਨਾਲ ਜੋੜ ਤੇ ਹਲੇਮੀ ਰਾਜ ਦੀ ਸਿਰਜਣਾ ਹੈ। ਡੇਰੇਦਾਰ ਮੈਟਾਫਿਜ਼ਕੀ ਤੇ ਸਨਾਤਨਤਾ ਨੂੰ ਗੁਰਬਾਣੀ ਦਾਰਸ਼ਨਿਕ ਵਿਆਖਿਆ ਉੱਪਰ ਲਾਗੂ ਕਰਕੇ ਕੇਸਾਧਾਰੀ ਹਿੰਦੂ ਸਿਰਜਦੇ ਹਨ।


ਗੁਰਬਾਣੀ ਦੀ ਰੂਹਾਨੀਅਤ ਤੇ ਮਿਥਾਂ ਵਿੱਚ ਫਰਕ ਕਰਨ ਦੀ ਲੋੜ ਹੈ। ਸਾਨੂੰ ਵੈਦਿਕ ਦਾਰਸ਼ਨਿਕਤਾ ਦਾ ਸਹਾਰਾ ਛਡਕੇ ਵਾਹਿਗੁਰੂ ਦੀ ਸ਼ਰਨ ਵਿੱਚ ਆਉਣਾ ਪਵੇਗਾ।

ਸੱਭਿਅਤਾਵਾਂ ਦੇ ਟਕਰਾਅ ਵਿੱਚ ਗੁਰਬਾਣੀ ਦੇ ਮਨੁੱਖ ਨੇ ਗੁਰਮੁੱਖ ਬਣ ਕੀ ਫਰਜ ਨਿਭਾਉਣਾ ਹੈ ਇਹ ਅਸਲ ਸਤਿਗੁਰੂ ਦੀ ਪ੍ਰਗਟ ਦਾਰਸ਼ਨਿਕਤਾ ਹੈ। ਇਸ ਤੋਂ ਬਿਨਾਂ ਮੈਟਾਫਜਿਕਸ ਹੈ। ਸਨਾਤਨਵਾਦ ਤੇ ਦੇਵਤਾ ਜੀ ਦੀ ਲੀਲਾ ਹੈ।

ਗੁਰਬਾਣੀ ਵਿੱਚ ਕਰਮ ਤੇ ਵਾਹਿਗੁਰੂ ਦੀ ਕਿਰਪਾ ਪ੍ਰਧਾਨ ਹੈ ਜੋ ਸਨਾਤਨਵਾਦ ਦੇ ਮੈਟਾਫਜਿਕਸ ਬੰਧਨ ਤੋੜਦੀ ਹੈ। ਭਵਜਲ ਤੋਂ ਪਾਰ ਲੰਘਾਉਂਦੀ ਹੈ। ਗੁਰਮਤਿ ਬ੍ਰਹਿਮੰਡੀ ਸਿਧਾਂਤ ਹੈ ਤੇ ਅਧਿਆਤਮਕਤਾ ਤੋਂ ਵੀ ਪਾਰ। ਗੁਰਮਤਿ ਦੀ ਦਾਰਸ਼ਨਿਕਤਾ ਵਾਹਿਗੁਰੂ ਜੀ 'ਤੇ ਆਧਾਰਿਤ ਹੈ। ਅਸੀਂ ਦੁਨੀਆਂ ਦੀ ਖੋਜ ਕਰਦੇ ਹਾਂ ਪਰ ਆਪਣੇ ਆਪ ਦੀ ਖੋਜ ਨਹੀ ਕਰਦੇ। ਸਰੀਰ ਤੋਂ ਪਰੇ ਅੰਦਰਲੀ ਏਸ ਆਤਮਾ ਨੂੰ ਉਜਾਗਰ ਕਰਨਾ ਹੀ ਆਪਣੇ ਆਪ ਨੂੰ ਜਾਣਨਾ ਹੈ ਤੇ ਵਾਹਿਗੁਰੂ ਨੂੰ ਜਾਣਨਾ ਹੈ।

# ਢਾਡੀ ਕਲਾ ਦਾ ਤਾਲ ਸਾਜ਼ 'ਢੱਡ'

ਪ੍ਰੋ. ਜਗਪਿੰਦਰ ਪਾਲ ਸਿੰਘ





ਢੱਡ ਪੰਜਾਬ ਦੀ ਢਾਡੀ ਕਾਵਿ ਕਲਾ ਅਤੇ ਵਾਰ ਗਾਇਨ ਵਿੱਚ ਵਰਤਿਆ ਜਾਣ ਵਾਲਾ ਇੱਕ ਮਾਤਰ ਤਾਲ ਸਾਜ਼ ਹੈ। ਇਹ ਪੰਜਾਬ ਦਾ ਮੌਲਿਕ ਅਤੇ ਲੋਕਪ੍ਰਿਆ ਸਾਜ਼ ਹੈ। ਢੱਡ ਸਾਜ਼ ਦੀ ਉਤਪਤੀ ਸ਼ਿਵਜੀ ਭਗਵਾਨ ਦੇ ਡਮਰੂ ਤੋਂ ਵਿਕਸਿਤ ਹੋਈ ਮੰਨੀ ਗਈ ਹੈ, ਕਿਉਂਕਿ ਇਸ ਦੀ ਦਿੱਖ ਡਮਰੂ ਵਰਗੀ ਹੁੰਦੀ ਹੈ। ਡਮਰੂ ਤੋਂ ਇਲਾਵਾ ਇਸ ਸਾਜ਼ ਦੀ ਬਣਤਰ ਲੋਕ ਸਾਜ਼ ਡੌਰੂ ਵਰਗੀ ਵੀ ਹੁੰਦੀ ਹੈ, ਜਿਸ ਦਾ ਆਕਾਰ ਡਮਰੂ ਤੋਂ ਵੱਡਾ ਹੁੰਦਾ ਹੈ, ਪਰੰਤੂ ਇਸ ਨੂੰ ਬੈਂਤ ਦੀ ਤੀਲੀ ਨਾਲ ਵਜਾਇਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਢੱਡ ਬਾਬਤ ਆਪਣੇ ਗ੍ਰੰਥ ਮਹਾਨ ਕੋਸ਼ 'ਚ ਲਿਖਦੇ ਹਨ, ਡੌਰੂ ਦੀ ਸ਼ਕਲ ਦਾ ਇੱਕ ਵਾਜਾ, ਜਿਸ ਨੂੰ ਖੱਬੇ ਹੱਥ 'ਚ ਫੜ ਕੇ ਸੱਜੇ ਹੱਥ ਦੀਆਂ ਉਂਗਲਾਂ ਦੇ ਪ੍ਰਹਾਰ ਨਾਲ ਵਜਾਈਦਾ ਹੈ। ਇਸ ਦੇ ਵਜਾਉਣ ਵਾਲਿਆਂ ਦੀ ਢਾਡੀ ਸੰਗਿਆ ਹੋ ਗਈ ਹੈ। ਢੱਡ ਸਾਜ਼ ਢਾਡੀ ਪਰੰਪਰਾ 'ਚ ਸਭ ਤੋਂ ਵੱਧ ਮਕਬੂਲ ਹੋਇਆ। ਢਾਡੀ ਕਲਾ 'ਚ ਢੱਡ ਸਾਜ਼ ਨਾਲ ਹੀ ਤਾਲ ਦਿੱਤੀ ਜਾਂਦੀ ਹੈ, ਹੋਰ ਕਿਸੇ ਤਾਲ ਸਾਜ਼ ਦਾ ਪ੍ਰਯੋਗ ਨਹੀਂ ਹੁੰਦਾ। ਅਸਲ 'ਚ ਢਾਡੀ ਸ਼ਬਦ ਪਰਮਾਤਮਾ ਦੇ ਗੁਣ ਗਾਇਨ ਕਰਨ ਵਾਲੇ ਲਈ ਵਰਤਿਆ ਗਿਆ ਹੈ। ਗੁਰਬਾਣੀ 'ਚ ਗੁਰੂ ਸਾਹਿਬਾਨਾਂ ਨੇ ਆਪਣੇ ਆਪ ਨੂੰ ਪਰਮ ਪੁਰਖ ਪਰਮਾਤਮਾ ਦਾ ਢਾਡੀ ਕਹਿ ਕੇ ਸੰਬੋਧਿਤ ਕੀਤਾ ਹੈ, ਇਸ ਸੰਬੰਧੀ ਅਨੇਕਾਂ ਫੁਰਮਾਨ ਮਿਲਦੇ ਹਨ;

ਹਮ ਢਾਢੀ ਹਰਿ ਪ੍ਰਭ ਖਸਮ ਕੇ
ਨਿਤ ਗਾਵਹ ਹਰਿ ਗੁਣ ਛੰਤਾ
(ਅੰਗ : 650)

ਪੰਜਾਬੀ ਲੋਕ ਢਾਡੀ ਕਲਾ 'ਚ ਵਾਰਾਂ ਗਾਉਣ ਵਾਲੇ ਗਾਇਕਾਂ ਨੂੰ ਵੀ ਢਾਡੀ ਕਿਹਾ ਜਾਂਦਾ ਹੈ। ਢੱਡ ਸਾਜ਼ ਨਾਲ ਵਰਤਿਆ ਜਾਣ ਵਾਲਾ ਸੁਰ ਸਾਜ਼ ਸਾਰੰਗੀ ਹੈ। ਢੱਡ ਸਾਰੰਗੀ ਸਾਜ਼ਾਂ ਦੀ ਜੋੜੀ ਢਾਡੀ ਕਾਵਿ ਕਲਾ ਨੂੰ ਵਿਲੱਖਣ ਬਣਾਉਣ 'ਚ ਸਹਾਈ ਹੋਈ ਹੈ। ਸਿੱਖ ਧਰਮ 'ਚ ਢੱਡ ਸਾਰੰਗੀ ਦੀ ਇਤਿਹਾਸਕ ਮਹੱਤਤਾ ਹੈ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ 'ਚ ਸੂਰਬੀਰਤਾ ਅਤੇ ਜੋਸ਼ ਭਰਨ ਲਈ ਢਾਡੀ ਪਰੰਪਰਾ ਦੀ ਆਰੰਭਤਾ ਕੀਤੀ। ਸਿੱਖ ਧਰਮ 'ਚ ਪਹਿਲੇ ਢਾਡੀ ਹੋਣ ਦਾ ਮਾਣ ਭਾਈ ਨੱਥਾ ਅਤੇ ਭਾਈ ਅਬਦੁੱਲਾ ਨੂੰ ਮਿਲਿਆ। ਇਨ੍ਹਾਂ ਦੋਵਾਂ ਢਾਡੀਆਂ ਨੇ ਵਾਰਾਂ ਦਾ ਗਾਇਨ ਕਰਕੇ ਸਿੱਖਾਂ 'ਚ ਬੀਰ ਰਸ ਭਰਨ ਦਾ ਮਹਾਨ ਕਾਰਜ ਕੀਤਾ। ਗੁਰ ਬਿਲਾਸ ਪਾਤਸ਼ਾਹੀ ਛੇਵੀਂ 'ਚ ਲਿਖਿਆ ਮਿਲਦਾ ਹੈ;

-ਢਾਡੀ ਅਬਦੁਲ ਵਾਰ ਉਚਾਰੈ।
ਹਰਿਗੋਬਿੰਦ ਗੁਰ ਸਨਿ ਹਰਖਾਰੈ।

-ਸਤਿ ਬਚਨ ਢਾਡੀ ਕਹੇ ਨਥੂ
ਢੱਡ ਬਜਾਇ।

ਅਬਦੁਲ ਹੱਥ ਰਬਾਬ ਲੈ ਠਾਢਾ
ਗੁਰ ਸਮੁਹਾਇ।


ਢਾਡੀ ਪਰੰਪਰਾ ਅਜੋਕੇ ਸਮੇਂ ਤੱਕ ਗੁਰਮਤਿ ਸੰਗੀਤ ਪਰੰਪਰਾ 'ਚ ਪ੍ਰਚੱਲਿਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅੱਜ ਤੱਕ ਢਾਡੀ ਵਾਰਾਂ ਦਾ ਗਾਇਨ ਹੋ ਰਿਹਾ ਹੈ। ਇਸ ਤੋਂ ਇਲਾਵਾ ਖੁੱਲ੍ਹੀ ਅਖਾੜਾ ਗਾਇਕੀ ਜਾਂ ਕਿੱਸਾ ਕਾਵਿ ਗਾਇਕ ਢੱਡ ਤੇ ਸਾਰੰਗੀ ਨਾਲ ਢਾਡੀ ਕਾਵਿ ਕਲਾ ਨੂੰ ਜੀਵੰਤ ਰੱਖ ਰਹੇ ਹਨ। ਢੱਡ ਸਾਜ਼ ਸ਼ੀਸ਼ਮ ਜਾਂ ਟਾਹਲੀ ਦੀ ਲੱਕੜ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਦੇ ਦੋਵਾਂ ਸਿਰਿਆਂ ਨੂੰ ਅੰਦਰੋਂ ਖੋਖਲਾ ਕਰਕੇ ਉਸ ਉੱਤੇ ਚਮੜਾ ਮੜ੍ਹਿਆ ਜਾਂਦਾ ਹੈ, ਇਸ ਨੂੰ ਰੱਸੀਆਂ ਨਾਲ ਬੰਨ੍ਹਿਆ ਜਾਂਦਾ ਹੈ। ਇਨ੍ਹਾਂ ਰੱਸੀਆਂ ਉੱਤੇ ਇਕ ਪਟੇ ਨੂੰ ਬੰਨ੍ਹਿਆ ਜਾਂਦਾ ਹੈ, ਜਿਸ ਨੂੰ ਅੰਗੂਠੇ 'ਚ ਫਸਾ ਕੇ ਢਿੱਲਾ ਤੇ ਕੱਸਿਆ ਜਾਂਦਾ ਹੈ, ਜਿਸ ਨਾਲ ਢੱਡ ਨੂੰ ਵਜਾਉਣ 'ਚ ਸਹਾਇਤਾ ਮਿਲਦੀ ਹੈ। ਇਸ ਦੇ ਦੋਵਾਂ ਸਿਰਿਆਂ ਦਾ ਵਿਆਸ ਲਗਭਗ 10 ਤੋਂ 12 ਇੰਚ ਤੱਕ ਹੁੰਦਾ ਹੈ। ਢੱਡ ਉੱਤੇ ਬਜਾਈ ਜਾਣ ਵਾਲੀ ਤਾਲ ਨੂੰ ਪਉੜੀ ਤਾਲ ਕਿਹਾ ਜਾਂਦਾ ਹੈ, ਜਿਸ ਦੇ ਬੋਲ ਗੇ ਤਿਟ ਤਾ ਗੇਤਾ ਹੁੰਦੇ ਹਨ।

-ਮੁਖੀ ਪੋਸਟ ਗਰੈਜੂਏਟ ਸੰਗੀਤ ਅਤੇ ਗੁਰਮਤਿ ਸੰਗੀਤ ਵਿਭਾਗ। ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ।

## 2024 ਲੋਕ ਸਭਾ ਚੋਣਾਂ ਦਾ ਲੇਖਾ-ਜੋਖਾ

# ਦਲਿਤ ਵੋਟ ਇੰਡੀਆ ਗੱਠਜੋੜ ਵਲ ਕਿਉਂ ਝੁਕੀ?

## ਕਿਸਾਨਾਂ ਦਾ ਮੋਦੀ ਖ਼ਿਲਾਫ਼ ਗੁੱਸਾ 'ਇੰਡੀਆ' ਗੱਠਜੋੜ ਵੱਲ ਕਿਉਂ ਭੁਗਤਿਆ ?




ਯੋਗਿੰਦਰ ਯਾਦਵ

ਕੀ ਕਿਸਾਨਾਂ ਦੇ ਗ਼ੁੱਸੇ ਨੇ ਭਾਜਪਾ ਨੂੰ ਹੇਠਾਂ ਸੁੱਟਿਆ ? ਕੀ ਇਹ ਦਲਿਤਾਂ ਦੀ ਛੁਪੀ ਹੋਈ ਬੇਚੈਨੀ ਸੀ ? ਕੀ ਆਰਥਿਕ ਤੌਰ 'ਤੇ ਕਮਜ਼ੋਰ ਵਰਗ (ਈ.ਬੀ.ਸੀ.) ਭਾਜਪਾ ਨਾਲੋਂ ਦੂਰ ਹੋ ਗਏ ? ਜਾਂ ਇਹ ਮੁਸਲਿਮ ਵੋਟ ਬੈਂਕ ਸੀ ? ਭਾਜਪਾ ਦੇ ਨਵੇਂ-ਨਵੇਂ ਬਣੇ ਮਹਿਲਾ ਵੋਟ ਬੈਂਕ ਦਾ ਕੀ ਹੋਇਆ ? ਇਹ ਅਤੇ ਇਸੇ ਤਰ੍ਹਾਂ ਦੇ ਕਈ ਹੋਰ ਸਵਾਲ ਹਾਲ ਦੇ ਚੋਣ ਝਟਕਿਆਂ ਦੇ ਵਿਸ਼ਲੇਸ਼ਣ 'ਤੇ ਹਾਵੀ ਰਹੇ ਹਨ।

ਇੱਥੇ ਲੋਕਨੀਤੀ-ਸੀ.ਐਸ.ਡੀ.ਐਸ. ਟੀਮ ਵੱਲੋਂ ਵੋਟਾਂ ਤੋਂ ਬਾਅਦ ਕੀਤੇ ਗਏ ਸਭ ਤੋਂ ਪ੍ਰਮਾਣਿਕ ਸਰਵੇਖਣ ਦੀ ਮਦਦ ਨਾਲ 10 ਚਾਰਟਾਂ ਦੇ ਰਾਹੀਂ ਅਸੀਂ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ 'ਦ ਹਿੰਦੂ' 'ਚ ਪ੍ਰਕਾਸ਼ਿਤ ਉਨ੍ਹਾਂ ਦੀਆਂ ਰਿਪੋਰਟਾਂ ਅਤੇ ਉਨ੍ਹਾਂ ਦੀ ਖੋਜ 'ਚ ਜਨਤਕ ਤੌਰ 'ਤੇ ਉਪਲਬਧ 1996 ਤੋਂ ਹੁਣ ਤੱਕ ਦੇ ਅੰਕੜਿਆਂ ਦਾ ਸਹਾਰਾ ਲਿਆ ਹੈ।

ਹੇਠਾਂ ਅਸੀਂ ਜੋ ਅੰਕੜਿਆਂ 'ਤੇ ਵਿਸ਼ਲੇਸ਼ਣ ਕੀਤਾ ਹੈ, ਉਹ ਕਈ ਮਿੱਥਾਂ ਨੂੰ ਖ਼ਤਮ ਕਰਦੇ ਹਨ। ਇਨ੍ਹਾਂ ਚੋਣਾਂ 'ਚ ਕੌਮੀ ਪੱਧਰ 'ਤੇ ਪ੍ਰਮੁੱਖ ਸਮਾਜਿਕ ਸਮੂਹਾਂ ਦੀਆਂ ਵੋਟ ਤਰਜੀਹਾਂ 'ਚ ਕੋਈ ਵੱਡਾ ਬਦਲਾਅ ਨਹੀਂ ਦੇਖਿਆ ਗਿਆ। ਇੱਕ ਪਾਸੇ ਦਲਿਤ, ਗ਼ਰੀਬ ਅਤੇ ਬੇਜ਼ਮੀਨੇ ਕਿਸਾਨ ਭਾਈਚਾਰਿਆਂ ਵਿੱਚ, ਖ਼ਾਸਕਰ ਦਿਹਾਤੀ ਖੇਤਰਾਂ 'ਚ, ਇੱਕ ਛੋਟਾ ਪਰ ਮਹੱਤਵਪੂਰਨ ਬਦਲਾਅ ਹੋਇਆ, ਜਦੋਂ ਕਿ ਮੁਸਲਿਮ ਵੋਟਾਂ ਜ਼ਿਆਦਾ ਇਕਜੁੱਟ ਸਨ। ਦੂਜੇ ਪਾਸੇ ਭਾਜਪਾ ਨੇ 'ਉੱਚੀਆਂ ਜਾਤੀਆਂ', ਮੱਧਵਰਗੀ ਹਿੰਦੂਆਂ, ਅਤਿ ਪਿਛੜੀਆਂ ਜਾਤੀਆਂ ਵਿੱਚ ਆਪਣੇ ਮੂਲ ਵੋਟ ਨੂੰ ਬਣਾਈ ਰੱਖਿਆ ਅਤੇ ਆਦਿਵਾਸੀਆਂ 'ਚ ਆਪਣੀ ਲੀਡ 'ਚ ਹੋਰ ਵਾਧਾ ਕੀਤਾ। ਇਸ ਦਾ ਕੁਲ ਮਿਲਾ ਕੇ ਨਤੀਜਾ ਇਹ ਨਿਕਲਿਆ ਕਿ ਕੌਮੀ ਪੱਧਰ 'ਤੇ ਐਨ.ਡੀ.ਏ. ਦੇ ਵੋਟਾਂ 'ਚ ਮਾਮੂਲੀ ਜਿਹੀ ਗਿਰਾਵਟ ਆਈ। ਇਹ ਵਿਸ਼ਲੇਸ਼ਣ ਸਾਡੇ ਸਾਹਮਣੇ ਵੱਡੀ ਰਾਜਨੀਤਕ ਚੁਣੌਤੀ ਪੇਸ਼ ਕਰਦਾ ਹੈ। 1990 ਦੇ ਦਹਾਕੇ 'ਚ ਭਾਜਪਾ ਦੇ ਸੱਤਾ 'ਚ ਆਉਣ ਦੇ ਨਾਲ ਹੀ ਇੱਕ 'ਨਵੇਂ ਸਮਾਜਿਕ ਗੁੱਟ' ਦਾ ਨਿਰਮਾਣ ਵੀ ਹੋਇਆ, ਜੋ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ 'ਉੱਚੀਆਂ' ਜਾਤੀਆਂ, ਮੱਧਵਰਗ, ਸ਼ਹਿਰੀ ਅਤੇ ਪੁਰਸ਼ ਵੋਟਰਾਂ ਦਾ ਇੱਕ ਸਮਾਜਿਕ ਗੱਠਜੋੜ ਸੀ, ਜਿਸ 'ਚ ਉਸ ਨੇ ਰਾਜਨੀਤਕ ਬਹੁਮਤ ਬਣਾਉਣ ਲਈ ਕੁਝ ਆਮ ਪਿਛੜੇ ਭਾਈਚਾਰਿਆਂ ਨੂੰ ਵੀ ਸ਼ਾਮਿਲ ਕਰ ਲਿਆ। ਮੋਦੀ ਦੇ ਸੱਤਾ 'ਚ ਆਉਣ ਨਾਲ ਹੇਠਲੇ ਵਰਗਾਂ ਦੇ ਇੱਕ ਮਹੱਤਵਪੂਰਨ ਹਿੱਸੇ (ਈ.ਬੀ.ਸੀ., ਗ਼ਰੀਬ ਅਤੇ ਆਦਿਵਾਸੀਆਂ) ਨੂੰ ਆਪਣੇ ਗੱਠਜੋੜ ਵੱਡੇ ਪੱਧਰ 'ਤੇ ਪ੍ਰਤੀਕਾਤਮਕ ਭਾਗੀਦਾਰ ਵਜੋਂ ਸ਼ਾਮਿਲ ਕਰਕੇ ਇਸ ਨੂੰ ਹੋਰ ਮਜ਼ਬੂਤ ਕੀਤਾ ਗਿਆ। ਹਾਲਾਂਕਿ ਭਾਜਪਾ ਨੂੰ ਇਨ੍ਹਾਂ ਚੋਣਾਂ 'ਚ ਰਾਜਨੀਤਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਪਰ ਇਸ ਦਾ ਸਮਾਜਿਕ ਗੱਠਜੋੜ ਕਾਫ਼ੀ ਹੱਦ ਤੱਕ ਬਰਕਰਾਰ ਹੈ। ਸਮਾਜਿਕ ਪਿਰਾਮਿਡ ਦੇ ਹੇਠਲੇ ਅੱਧੇ ਹਿੱਸੇ (ਗ਼ਰੀਬ, ਗ੍ਰਾਮੀਣ, ਦਲਿਤ, ਆਦਿਵਾਸੀ, ਓ.ਬੀ.ਸੀ. ਅਤੇ ਘੱਟ-ਗਿਣਤੀਆਂ) ਨੂੰ ਇਕਜੁੱਟ ਕਰਨ ਦਾ ਰਾਜਨੀਤਕ ਕੰਮ ਅਜੇ ਵੀ ਕਾਫ਼ੀ ਦੂਰ ਹੈ। ਸਮਾਜਿਕ ਬਹੁਮਤ, ਬਹੁਜਨ, ਅਜੇ ਵੀ ਰਾਜਨੀਤਕ ਬਹੁਮਤ 'ਚ ਤਬਦੀਲ ਹੋਣ ਦੀ ਉਡੀਕ ਕਰ ਰਿਹਾ ਹੈ। ਇਹ ਕਾਂਗਰਸ ਪਾਰਟੀ ਅਤੇ 'ਇੰਡੀਆ' ਗੱਠਜੋੜ 'ਚ ਉਸ ਦੀਆਂ ਭਾਈਵਾਲ ਪਾਰਟੀਆਂ ਲਈ ਮੁੱਖ ਚੁਣੌਤੀ ਹੈ।




ਚਾਰਟ-1 ਬਾਰੇ ਵੇਰਵਾ:

ਹਰ ਚੋਣ 'ਚ ਇਸ ਦੇ ਉਲਟ ਅਫ਼ਵਾਹਾਂ ਦੇ ਬਾਵਜੂਦ (ਜਿਵੇਂ ਉੱਤਰ ਪ੍ਰਦੇਸ਼ 'ਚ ਰਾਜਪੂਤਾਂ ਦੀ ਨਾਰਾਜ਼ਗੀ, ਇਸ ਵਾਰ ਗੁਜਰਾਤ 'ਚ ਖੱਤਰੀਆਂ ਦਾ ਵਿਦਰੋਹ), 'ਉੱਚੀਆਂ' ਜਾਤੀਆਂ ਦੇ ਹਿੰਦੂ ਭਾਜਪਾ ਲਈ ਸਭ ਤੋਂ ਵਫ਼ਾਦਾਰ ਅਤੇ ਅਦ੍ਰਿਸ਼ 'ਵੋਟ ਬੈਂਕ' ਬਣੇ ਹੋਏ ਹਨ, ਇਹ ਵੋਟ ਬੈਂਕ ਆਕਾਰ 'ਚ ਕਾਂਗਰਸ ਅਤੇ ਉਸ ਦੇ ਭਾਈਵਾਲਾਂ ਦੇ 'ਮੁਸਲਿਮ ਵੋਟ ਬੈਂਕ' ਤੋਂ ਵੀ ਵੱਡਾ ਹੈ। ਜਿੱਥੇ ਵੀ ਭਾਜਪਾ ਨਾਲ ਲੋਕਾਂ ਦੀਆਂ ਆਮ ਤੌਰ 'ਤੇ ਦੂਰੀਆਂ ਵਧੀਆਂ ਹਨ (ਇਸ ਵਾਰ ਹਰਿਆਣਾ ਅਤੇ ਉੱਤਰ ਪ੍ਰਦੇਸ਼ 'ਚ), ਉੱਥੇ 'ਉੱਚੀਆਂ' ਜਾਤੀ ਦੇ ਵੋਟਰ ਵੀ ਥੋੜ੍ਹਾ ਦੂਰ ਖਿਸਕੇ ਹਨ।

ਚਾਰਟ-2: ਚੋਣਵੇਂ ਜ਼ਮੀਨ ਵਾਲੇ ਕਿਸਾਨ ਭਾਈਚਾਰਿਆਂ ਦਾ 'ਇੰਡੀਆ' ਵੱਲ ਰੁਝਾਨ

ਨੋਟ: ਸੀ.ਐਸ.ਡੀ.ਐਸ. ਦੀ 'ਇੰਡੀਆ' ਦੀ ਪਰਿਭਾਸ਼ਾ 'ਚ ਪੰਜਾਬ 'ਚ 'ਆਪ', ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਅਤੇ ਖੱਬੇਪੱਖੀ ਪਾਰਟੀਆਂ ਸ਼ਾਮਿਲ ਨਹੀਂ ਹਨ। ਯਾਦਵ (ਯੂ.ਪੀ.) 2019 ਦਾ ਅੰਕੜਾ ਐਸ.ਪੀ.-ਬੀ.ਐਸ.ਪੀ. ਗੱਠਜੋੜ ਲਈ ਹੈ।

ਚਾਰਟ-2: ਵੇਰਵਾ

ਜ਼ਮੀਨ ਵਾਲੇ ਕਿਸਾਨ ਭਾਈਚਾਰੇ (ਗ਼ੈਰ-ਸਵਰਨ, ਪਰ ਹਮੇਸ਼ਾ ਓ.ਬੀ.ਸੀ. ਨਹੀਂ) ਭਾਜਪਾ ਅਤੇ ਭਾਈਵਾਲ ਪਾਰਟੀਆਂ ਤੋਂ ਦੂਰ 'ਇੰਡੀਆ' ਵੱਲ ਤਬਦੀਲ ਹੋ ਗਏ ਹਨ, ਜਿਸ ਦਾ ਕਾਰਨ ਸ਼ਾਇਦ ਦਿਹਾਤੀ ਸੰਕਟ ਅਤੇ ਕਿਸਾਨਾਂ ਦਾ ਅੰਦੋਲਨ ਹੈ। ਇਸ ਦਾ ਕਈ ਸੂਬਿਆਂ 'ਚ ਨਤੀਜਿਆਂ 'ਤੇ ਅਸਰ ਪਿਆ ਹੈ: ਰਾਜਸਥਾਨ ਅਤੇ ਹਰਿਆਣਾ 'ਚ ਜਾਟਾਂ, ਉੱਤਰ ਪ੍ਰਦੇਸ਼ 'ਚ ਯਾਦਵਾਂ, ਮਹਾਰਾਸ਼ਟਰ 'ਚ ਮਰਾਠਿਆਂ ਅਤੇ ਕੁਝ ਹੱਦ ਤੱਕ ਕਰਨਾਟਕ 'ਚ ਵੋਕਕਾਲਿਗਾ ਅਤੇ ਲਿੰਗਾਇਤਾਂ ਦੇ ਵੋਟਾਂ ਦੇ ਦੂਰ ਜਾਣ ਨਾਲ ਐਨ.ਡੀ.ਏ. ਨੂੰ ਨੁਕਸਾਨ ਪਹੁੰਚਿਆ ਹੈ। ਫਿਰ ਵੀ ਭਾਜਪਾ ਨੇ ਇਨ੍ਹਾਂ 'ਚੋਂ ਕੁਝ ਭਾਈਚਾਰਿਆਂ 'ਚ ਆਪਣਾ ਵੋਟ ਪ੍ਰਤੀਸ਼ਤ ਬਣਾਈ ਰੱਖਿਆ ਹੈ ਜਾਂ ਉਸ 'ਚ ਸੁਧਾਰ ਕੀਤਾ ਹੈ, ਜਿਵੇਂ ਗੁਜਰਾਤ 'ਚ ਪਾਟੀਦਾਰ ਅਤੇ ਮੱਧ ਪ੍ਰਦੇਸ਼ 'ਚ ਯਾਦਵ, ਤਾਂ ਕਿ ਇਨ੍ਹਾਂ ਰਾਜਾਂ 'ਚ ਉਨ੍ਹਾਂ ਦੀ ਪਕੜ ਬਣੀ ਰਹੇ।

ਚਾਰਟ-3: ਪ੍ਰਮੁੱਖ ਰਾਜਾਂ 'ਚ ਭਾਰੀ ਨੁਕਸਾਨ ਦੇ ਬਾਵਜੂਦ ਐਨ.ਡੀ.ਏ. ਨੇ ਆਰਥਿਕ ਤੌਰ 'ਤੇ ਪੱਛੜੇ/ਕਮਜ਼ੋਰ ਵਰਗ (ਈ.ਬੀ.ਸੀ.) 'ਤੇ ਆਪਣੀ ਪਕੜ ਬਣਾਈ ਰੱਖੀ।

ਚਾਰਟ-3: ਦਾ ਵੇਰਵਾ

ਅਤਿ ਪੱਛੜੀਆਂ ਜਾਤਾਂ (ਜਿਨ੍ਹਾਂ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆਂ ਜਾਂਦਾ ਹੈ, ਪਰ ਇਨ੍ਹਾਂ 'ਚ ਮੋਟੇ ਤੌਰ 'ਤੇ ਛੋਟੀ ਨੌਕਰਸ਼ਾਹੀ ਅਤੇ ਕਾਰੀਗਰ ਜਾਤਾਂ ਅਤੇ ਬੇਜ਼ਮੀਨੇ ਕਿਸਾਨ ਭਾਈਚਾਰੇ ਸ਼ਾਮਿਲ ਹਨ) ਦਿਹਾਤੀ ਭਾਰਤ 'ਚ ਭਾਜਪਾ ਦਾ ਸਭ ਤੋਂ ਵੱਡਾ ਆਧਾਰ ਬਣ ਕੇ ਉੱਭਰੀਆਂ ਹਨ। ਕੁੱਲ ਮਿਲਾ ਕੇ, ਉਨ੍ਹਾਂ ਦੇ ਸਮਰਥਨ ਦਾ ਪੱਧਰ ਉਸੇ ਪੱਧਰ 'ਤੇ ਰਿਹਾ, ਪਰ ਉੱਤਰ-ਦੱਖਣ 'ਚ ਵਰਣਨਯੋਗ ਅੰਤਰ ਰਿਹਾ ਹੈ।

ਯੂ.ਪੀ. ਅਤੇ ਬਿਹਾਰ ਵਰਗੇ ਰਾਜਾਂ 'ਚ ਉਹ ਐਨ.ਡੀ.ਏ. ਤੋਂ ਕਾਫ਼ੀ ਦੂਰ ਚਲੇ ਗਏ (10 ਫ਼ੀਸਦੀ ਅੰਕ ਜਾਂ ਉਸ ਤੋਂ ਵੱਧ)। ਮਹਾਰਾਸ਼ਟਰ 'ਚ ਭਾਜਪਾ ਨੇ ਆਪਣੇ ਰਵਾਇਤੀ ਵੋਟ ਬੈਂਕ ਗ਼ੈਰ-ਕੁਨਬੀ ਓ.ਬੀ.ਸੀ. ਦਾ ਕਾਫ਼ੀ ਵੋਟ ਸ਼ੇਅਰ ਗੁਆ ਦਿੱਤਾ ਹੈ। ਦੱਖਣ 'ਚ ਭਾਜਪਾ ਨੇ ਕਰਨਾਟਕ ਅਤੇ ਤੇਲੰਗਾਨਾ 'ਚ ਅਤੇ ਕੇਰਲ ਦੇ ਏਝਾਵਾ ਵਿੱਚ ਭਾਰੀ ਲੀਡ ਹਾਸਿਲ ਕੀਤੀ।

ਚਾਰਟ-4: ਦਲਿਤ ਵੋਟਰ ਬੀ.ਐਸ.ਪੀ. ਨੂੰ ਛੱਡ ਕੇ ਐਨ.ਡੀ.ਏ. ਤੋਂ ਦੂਰ 'ਇੰਡੀਆ' ਵੱਲ ਵਧੇ।

ਚਾਰਟ-4: ਦਾ ਵੇਰਵਾ

ਦਲਿਤ ਆਪਣੀਆਂ ਭਾਈਚਾਰਕ ਕੇਂਦਰੀ ਪਾਰਟੀਆਂ ਤੋਂ ਕਾਫ਼ੀ ਤੱਕ ਦੂਰ ਚਲੇ ਗਏ : ਉੱਤਰ ਪ੍ਰਦੇਸ਼ ਅਤੇ ਉੱਤਰ ਭਾਰਤ ਦੇ ਹੋਰ ਹਿੱਸਿਆਂ 'ਚ ਬੀ.ਐਸ.ਪੀ. ਅਤੇ ਮਹਾਰਾਸ਼ਟਰ 'ਚ ਵੰਚਿਤ ਬਹੁਜਨ ਅਘਾੜੀ (ਵੀ.ਬੀ.ਏ.) ਆਦਿ। ਉੱਤਰ ਪ੍ਰਦੇਸ਼ 'ਚ ਅੱਧ ਨਾਲੋਂ ਥੋੜ੍ਹੇ ਘੱਟ ਜਾਟਵਾਂ ਅਤੇ ਮਹਾਰਾਸ਼ਟਰ 'ਚ ਬੋਧੀਆਂ ਨੇ ਬੀ.ਐਸ.ਪੀ. ਅਤੇ ਵੀ.ਬੀ.ਏ. ਨੂੰ ਵੋਟਾਂ ਪਾਈਆਂ। ਬੀ.ਐਸ.ਪੀ. ਅਤੇ ਵੀ.ਬੀ.ਏ. ਦੇ ਪਤਨ ਦਾ ਲਾਭ ਉਠਾਉਣ ਦੇ ਬਾਵਜੂਦ, ਕੁਲ ਮਿਲਾ ਕੇ ਭਾਜਪਾ ਅਤੇ ਭਾਈਵਾਲ ਪਾਰਟੀਆਂ ਨੂੰ ਦਲਿਤ ਵੋਟ ਸ਼ੇਅਰ 'ਚ 5 ਪ੍ਰਤੀਸ਼ਤ ਦਾ ਮਹੱਤਵਪੂਰਨ ਨੁਕਸਾਨ ਹੋਇਆ। ਯੂ.ਪੀ. 'ਚ ਗ਼ੈਰ-ਜਾਟਵ ਐਸ.ਸੀ., ਬਿਹਾਰ 'ਚ ਦੁਸਾਧ/ਪਾਸਵਾਨ ਅਤੇ ਹੋਰ ਦਲਿਤ ਅਤੇ ਹਰਿਆਣਾ 'ਚ ਜ਼ਿਆਦਾਤਰ ਦਲਿਤ ਐਨ.ਡੀ.ਏ. ਨਾਲੋਂ 'ਇੰਡੀਆ' ਵੱਲ ਚਲੇ ਗਏ ਹਨ। ਭਾਜਪਾ ਨੇ ਮੱਧ ਪ੍ਰਦੇਸ਼ ਅਤੇ ਗੁਜਰਾਤ 'ਚ ਦਲਿਤਾਂ ਦਾ ਸਮਰਥਨ ਬਰਕਰਾਰ ਰੱਖਿਆ ਹੈ ਅਤੇ ਤੇਲੰਗਾਨਾ 'ਚ ਮਾਦਿਗਾ ਭਾਈਚਾਰੇ 'ਚ ਵੀ ਪੈਂਠ ਬਣਾ ਲਈ ਹੈ। ਕਾਂਗਰਸ ਅਤੇ ਉਸ ਦੀਆਂ ਭਾਈਵਾਲ ਪਾਰਟੀਆਂ ਨੇ ਦਲਿਤ ਵੋਟਰਾਂ 'ਚ ਲਗਾਤਾਰ ਵਾਪਸੀ ਕੀਤੀ ਹੈ ਅਤੇ ਹੁਣ ਉਹ ਲਗਭਗ ਐਨ.ਡੀ.ਏ. ਦੇ ਬਰਾਬਰ ਆ ਗਏ ਹਨ।

ਚਾਰਟ-5 : ਐਨ.ਡੀ.ਏ. ਨੇ ਹਿੰਦੂ ਆਦਿਵਾਸੀ ਵੋਟਰਾਂ 'ਚ ਆਪਣੀ ਲੀਡ ਬਣਾਈ

ਚਾਰਟ-5 : ਦਾ ਵੇਰਵਾ : ਇਹ ਰੁਝਾਨ ਕਾਂਗਰਸ ਲਈ ਸਭ ਤੋਂ ਜ਼ਿਆਦਾ ਚਿੰਤਾ ਦਾ ਵਿਸ਼ਾ ਹੋਵੇਗਾ। ਕੁੱਲ ਮਿਲਾ ਕੇ ਉਲਟਫੇਰ ਦੇ ਬਾਵਜੂਦ, ਭਾਜਪਾ ਨੇ ਆਦਿਵਾਸੀਆਂ 'ਚ ਲਗਾਤਾਰ ਆਪਣੀ ਲੀਡ ਦਾ ਸਿਲਸਿਲਾ ਜਾਰੀ ਰੱਖਿਆ ਹੈ। 2009 'ਚ ਉਸਦੇ ਆਦਿਵਾਸੀ ਵੋਟਰਾਂ ਦੀ ਗਿਣਤੀ ਲਗਭਗ ਇਕ ਚੌਥਾਈ ਸੀ, ਜੋ 2024 'ਚ ਵਧ ਕੇ ਲਗਭਗ ਅੱਧੀ ਹੋ ਗਈ ਹੈ। ਆਦਿਵਾਸੀ ਵੋਟਰਾਂ 'ਚ ਕਾਂਗਰਸ ਭਾਜਪਾ ਤੋਂ 20 ਫ਼ੀਸਦੀ ਅੰਕ ਪਿੱਛੇ ਹੈ। ਜਦੋਂ ਕਿ ਭਾਜਪਾ ਦੀ ਲੀਡ ਦਾ ਇੱਕ ਹਿੱਸਾ ਬੀ.ਜੇ.ਡੀ., ਬੀ.ਆਰ.ਐਸ. ਅਤੇ ਟੀ.ਐਮ.ਸੀ. ਦੀ ਕੀਮਤ 'ਤੇ ਆਇਆ ਹੈ, ਕਾਂਗਰਸ ਨੇ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਹਿੰਦੂ ਆਦਿਵਾਸੀਆਂ ਦਾ ਮਹੱਤਵਪੂਰਨ ਵੋਟ ਸ਼ੇਅਰ ਗੁਆ ਦਿੱਤਾ ਹੈ।

ਚਾਰਟ-6: ਭਾਜਪਾ ਨੂੰ ਹਰਾਉਣ ਲਈ ਮੁਸਲਿਮ ਵੋਟਾਂ ਦਾ ਏਕੀਕਰਨ।

ਚਾਰਟ-6: ਵੇਰਵਾ : ਇਨ੍ਹਾਂ ਚੋਣਾਂ ਦੇ ਸੰਦਰਭ 'ਚ ਪ੍ਰਧਾਨ ਮੰਤਰੀ ਦੀ ਅਗਵਾਈ 'ਚ ਮੁਸਲਮਾਨਾਂ 'ਤੇ ਭਾਜਪਾ ਦੇ ਲਗਾਤਾਰ ਹਮਲਿਆਂ ਨੇ ਮੁਸਲਮਾਨਾਂ ਨੂੰ ਭਾਜਪਾ ਨੂੰ ਹਰਾਉਣ ਲਈ ਇਕਜੁੱਟ ਹੋ ਕੇ ਮਤਦਾਨ ਕਰਨ ਲਈ ਮਜਬੂਰ ਕੀਤਾ। ਹਾਲਾਂਕਿ ਮੁਸਲਿਮ ਮਤਦਾਨ ਕੌਮੀ ਔਸਤ (65 ਫ਼ੀਸਦੀ) ਤੋਂ ਥੋੜ੍ਹਾ ਘੱਟ (62 ਫ਼ੀਸਦੀ) ਰਿਹਾ, ਪਰ ਪ੍ਰਮੁੱਖ ਭਾਜਪਾ ਵਿਰੋਧੀ ਪਾਰਟੀਆਂ ਲਈ ਮੁਸਲਿਮ ਵੋਟ 65 ਫ਼ੀਸਦੀ ਦੇ ਉੱਚ ਪੱਧਰ 'ਤੇ ਪਹੁੰਚ ਗਿਆ। ਜੇਕਰ ਤੁਸੀਂ 'ਇੰਡੀਆ' ਗੱਠਜੋੜ 'ਚ ਟੀ.ਐਮ.ਸੀ. ਦੇ ਵੋਟਾਂ ਨੂੰ ਸ਼ਾਮਿਲ ਕਰੀਏ ਤਾਂ ਇਹ ਹੋਰ ਵੀ ਵੱਧ ਹੈ।

ਜਦੋਂ ਕਿ ਇਕ ਹੀ ਗੱਠਜੋੜ ਦੇ ਪਿੱਛੇ ਇਹ ਅਨੁਮਾਨ ਜ਼ਿਆਦਾ ਹੈ, ਯੂ.ਪੀ.ਏ./'ਇੰਡੀਆ' ਗੱਠਜੋੜ ਲਈ ਮੁਸਲਿਮ ਵੋਟਾਂ ਦੀ ਪ੍ਰਵਿਰਤੀ 'ਚ 2019 'ਚ 45 ਫ਼ੀਸਦੀ ਤੋਂ 2024 'ਚ 65 ਫ਼ੀਸਦੀ ਤੱਕ ਭਾਰੀ ਵਾਧਾ ਹੈਰਾਨੀਜਨਕ ਹੈ। ਜੇਕਰ ਗੱਠਜੋੜਾਂ ਲਈ ਵਿਵਸਥਾ ਕੀਤੀ ਜਾਵੇ ਤਾਂ ਇਹ ਵਾਧਾ ਲਗਭਗ 5 ਪ੍ਰਤੀਸ਼ਤ ਹੈ। ਅਜਿਹਾ ਇਸ ਲਈ ਹੈ, ਕਿਉਂਕਿ ਸਪਾ ਅਤੇ ਜੇ.ਕੇ.ਐਨ.ਸੀ. ਵਰਗੀਆਂ ਪਾਰਟੀਆਂ 2019 'ਚ ਯੂ.ਪੀ.ਏ./'ਇੰਡੀਆ' ਗੱਠਜੋੜ ਦਾ ਹਿੱਸਾ ਨਹੀਂ ਸਨ। ਉੱਤਰ ਪ੍ਰਦੇਸ਼ 'ਚ 'ਇੰਡੀਆ' ਗੱਠਜੋੜ ਤਹਿਤ ਸਪਾ ਅਤੇ ਕਾਂਗਰਸ ਦੇ ਇਕੱਠਿਆਂ ਹੋਣ ਨਾਲ ਮੁਸਲਿਮ ਵੋਟਾਂ ਦੀ ਵੰਡ ਰੁਕ ਗਈ ਅਤੇ ਇਸ ਨਾਲ ਇਕਜੁੱਟਤਾ ਆਈ।

ਅਸਾਮ ਦੇ ਮੁਸਲਮਾਨ ਇੱਕ ਭਾਈਚਾਰਕ ਕੇਂਦਰੀ ਪਾਰਟੀ ਏ.ਆਈ.ਡੀ.ਯੂ.ਐੱਫ਼. ਤੋਂ ਦੂਰ ਚਲੇ ਗਏ ਹਨ। ਏ.ਆਈ.ਐਮ.ਆਈ.ਐਮ. ਦਾ ਵੋਟ ਸ਼ੇਅਰ ਲਗਭਗ 2019 ਦੇ ਪੱਧਰ 'ਤੇ ਸਥਿਰ ਹੋ ਗਿਆ ਹੈ। ਪੱਛਮੀ ਬੰਗਾਲ 'ਚ ਨਵੇਂ ਆਲ ਇੰਡੀਆ ਸੈਕੂਲਰ ਫਰੰਟ ਨੇ ਹਲਕੀ ਹਲਚਲ ਪੈਦਾ ਕੀਤੀ ਹੈ, ਪਰ ਟੀ.ਐਮ.ਸੀ. ਨੂੰ ਕੋਈ ਸੀਟ ਨਹੀਂ ਗੁਆਉਣੀ ਪਈ। ਹਾਲਾਂਕਿ, ਗੁਜਰਾਤ 'ਚ ਭਾਜਪਾ ਦੇ ਮੁਸਲਿਮ ਵੋਟਾਂ ਦਾ ਛੋਟਾ ਜਿਹਾ ਹਿੱਸਾ ਘੱਟ ਨਹੀਂ ਹੋਇਆ ਅਤੇ ਕਾਫ਼ੀ ਵੱਧ (ਲਗਭਗ ਇੱਕ ਤਿਹਾਈ) ਬਣਿਆ ਹੋਇਆ ਹੈ। 38 ਫ਼ੀਸਦੀ ਨਾਲ ਕਾਂਗਰਸ ਮੁਸਲਿਮ ਵੋਟਾਂ ਦੀ ਸਭ ਤੋਂ ਵੱਡੀ ਲਾਭਪਾਤਰੀ ਹੈ ਪਰ ਮੁਸਲਮਾਨਾਂ ਦਾ ਸਮਰਥਨ ਉਸ ਕੋਲ ਕੁਲ ਵੋਟ ਸ਼ੇਅਰ ਦਾ ਇਕ-ਚੌਥਾਈ ਤੋਂ ਜ਼ਿਆਦਾ ਨਹੀਂ ਹੈ।

ਚਾਰਟ-7: ਗ਼ਰੀਬਾਂ 'ਚ ਕਾਂਗਰਸ ਨੂੰ ਮਾਮੂਲੀ ਲੀਡ, ਅਮੀਰਾਂ 'ਚ ਭਾਜਪਾ ਮਜ਼ਬੂਤ।

ਚਾਰਟ-7: ਵੇਰਵਾ : ਹਾਲਾਂਕਿ ਸਭ ਤੋਂ ਗ਼ਰੀਬ ਲੋਕਾਂ 'ਚ ਭਾਜਪਾ ਦਾ ਵੋਟ ਸ਼ੇਅਰ ਸਥਿਰ ਰਿਹਾ ਹੈ, ਪਰ ਮਤਦਾਨ 'ਚ ਤੇਜ਼ ਵਰਗ ਵੰਡ ਦਾ ਅਜੇ ਤੱਕ ਕੋਈ ਸਬੂਤ ਨਹੀਂ ਮਿਲਿਆ ਹੈ। ਮੋਦੀ ਤੋਂ ਬਾਅਦ ਭਾਜਪਾ ਨੇ ਗ਼ਰੀਬ ਅਤੇ ਬਹੁਤ ਜ਼ਿਆਦਾ ਗ਼ਰੀਬ ਵੋਟਰਾਂ 'ਚ ਆਪਣੀ ਪਿਛਲੀ ਕਮੀ ਨੂੰ ਪੂਰਾ ਕਰ ਲਿਆ ਹੈ, ਜਦੋਂ ਕਿ ਖ਼ੁਸ਼ਹਾਲ ਵਰਗ ਵਿੱਚ ਉਸ ਦਾ ਪ੍ਰਦਰਸ਼ਨ ਪਹਿਲਾਂ ਦੀ ਤਰ੍ਹਾਂ ਬਿਹਤਰ ਬਣਿਆ ਹੋਇਆ ਹੈ।

ਕਾਂਗਰਸ ਅਤੇ ਉਸ ਦੀਆਂ ਭਾਈਵਾਲ ਪਾਰਟੀਆਂ ਨੂੰ ਸਭ ਤੋਂ ਗ਼ਰੀਬ ਲੋਕਾਂ ਕੋਲੋਂ ਵੋਟਾਂ ਮਿਲੀਆਂ ਹਨ, ਜੋ ਗ਼ਰੀਬ-ਸਮਰਥਕ ਗਾਰੰਟੀਆਂ ਦੇ ਇਰਦ-ਗਿਰਦ ਕਾਂਗਰਸ ਦੀ ਮੁਹਿੰਮ ਦੀ ਅੱਧੀ-ਅਧੂਰੀ ਸਫਲਤਾ ਨੂੰ ਦਰਸਾਉਂਦਾ ਹੈ। ਪਰ ਆਪਣੀ ਨੀਤੀ ਤਹਿਤ ਸਥਿਤੀ ਨੂੰ ਵੋਟ ਆਧਾਰ 'ਚ ਬਦਲਣ ਲਈ ਹਾਲੇ ਉਸ ਨੂੰ ਲੰਬਾ ਰਸਤਾ ਤੈਅ ਕਰਨਾ ਪਵੇਗਾ।

ਚਾਰਟ-8: ਮਹਿਲਾ ਵੋਟਰਾਂ 'ਚ ਭਾਜਪਾ ਹਮੇਸ਼ਾ ਵਾਂਗ ਅਜੇ ਵੀ ਪਿੱਛੇ।

ਚਾਰਟ-8: ਦਾ ਵੇਰਵਾ : ਇਨ੍ਹਾਂ ਚੋਣਾਂ ਦੌਰਾਨ ਔਰਤਾਂ ਤੋਂ ਵਧੇਰੇ ਮਤਦਾਨ ਕਰਵਾਉਣ ਲਈ ਰਾਜਨੀਤਕ ਪਾਰਟੀਆਂ ਵੱਲੋਂ ਔਰਤ ਵੋਟਰਾਂ 'ਤੇ ਜ਼ਿਆਦਾ ਧਿਆਨ ਦੇਣ ਦਾ ਰੁਝਾਨ ਜਾਰੀ ਰਿਹਾ। ਫਿਰ ਵੀ ਪੁਰਸ਼ਾਂ ਅਤੇ ਔਰਤਾਂ ਦੇ ਮਤਦਾਨ ਦੇ ਢੰਗ-ਤਰੀਕਿਆਂ 'ਚ ਕੋਈ ਮਹੱਤਵਪੂਰਨ ਫ਼ਰਕ ਹੋਣ ਦਾ ਕੋਈ ਸਬੂਤ ਨਹੀਂ ਹੈ। ਹਾਲਾਂਕਿ ਭਾਜਪਾ ਆਪਣੀਆਂ ਯੋਜਨਾਵਾਂ ਨੂੰ ਔਰਤ-ਕੇਂਦਰਿਤ ਦੱਸ ਕੇ ਪ੍ਰਚਾਰਦੀ ਰਹਿੰਦੀ ਹੈ, ਪਰ ਔਰਤਾਂ 'ਚ ਅਜੇ ਵੀ ਉਹ ਥੋੜ੍ਹਾ ਪਿੱਛੇ ਹੈ।

ਸੂਬਾ ਪੱਧਰ 'ਤੇ ਲਿੰਗਿਕ ਫ਼ਰਕ ਅਹਿਮੀਅਤ ਰੱਖਦਾ ਹੈ। ਪੱਛਮੀ ਬੰਗਾਲ 'ਚ ਪੁਰਸ਼ਾਂ ਵਿੱਚ ਟੀ.ਐਮ.ਸੀ. ਦਾ ਵੋਟ-ਸ਼ੇਅਰ 2019 ਦੀ ਤੁਲਨਾ 'ਚ ਘਟਿਆ ਹੈ, ਜਦੋਂ ਕਿ 10 ਫ਼ੀਸਦੀ ਜ਼ਿਆਦਾ ਔਰਤਾਂ ਨੇ ਇਸ ਨੂੰ ਕਿਸੇ ਵੀ ਹੋਰ ਪਾਰਟੀ ਨਾਲੋਂ ਜ਼ਿਆਦਾ ਪਸੰਦ ਕੀਤਾ। ਛੱਤੀਸਗੜ੍ਹ 'ਚ ਜਿੱਥੇ ਭਾਜਪਾ ਦੀ ਸਰਕਾਰ ਹੈ, ਉੱਥੇ 3 ਫ਼ੀਸਦੀ ਜ਼ਿਆਦਾ ਔਰਤਾਂ ਨੇ ਭਾਜਪਾ ਨੂੰ ਤਰਜੀਹ ਦਿੱਤੀ ਹੈ, ਜਿਸ ਦਾ ਸਿਹਰਾ ਇਕ ਨਵੀਂ ਨਕਦ-ਤਬਦਲਾ ਯੋਜਨਾ ਨੂੰ ਦਿੱਤਾ ਜਾਂਦਾ ਹੈ।

ਚਾਰਟ-9 : ਨੌਜਵਾਨਾਂ 'ਚ ਭਾਜਪਾ ਪ੍ਰਤੀ ਉਤਸ਼ਾਹ ਘਟਿਆ।

ਚਾਰਟ-9: ਵੇਰਵਾ : ਭਾਰਤ 'ਚ ਯੂਰਪੀਅਨ ਰਾਜਨੀਤੀ 'ਚ ਉਮਰ ਦੇ ਆਧਾਰ 'ਤੇ ਜੋ ਫ਼ਰਕ ਦੇਖਿਆ ਜਾਂਦਾ ਹੈ, ਉਹ ਨਹੀਂ ਹੈ। ਭਾਜਪਾ ਲਈ 35 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀਆਂ ਵੋਟਾਂ 'ਚ 1-2 ਫ਼ੀਸਦੀ ਅੰਕਾਂ ਦੀ ਮਾਮੂਲੀ ਪਰ ਵਰਣਨਯੋਗ ਗਿਰਾਵਟ ਆਈ ਹੈ; ਇਹ ਜ਼ਿਕਰਯੋਗ ਇਸ ਲਈ ਹੈ ਕਿਉਂਕਿ ਇਸ ਬਹੁਗਿਣਤੀ ਸਮੂਹ 'ਚ ਭਾਜਪਾ ਦੀ ਅਪੀਲ 2019 'ਚ ਕਾਫ਼ੀ ਹੱਦ ਤੱਕ ਵਧ ਗਈ ਸੀ ਜੋ ਕਿ 2014 ਦੇ ਵੋਟ ਸ਼ੇਅਰ ਦੀ ਤੁਲਨਾ 'ਚ 5 ਪ੍ਰਤੀਸ਼ਤ ਵੋਟਾਂ ਤੋਂ ਜ਼ਿਆਦਾ ਦਾ ਵਾਧਾ ਸੀ। ਇਹ ਕਾਇਮ ਨਹੀਂ ਰਹਿ ਸਕਿਆ।

ਇਸ ਵਿਚਾਰ ਨੂੰ ਸਮਰਥਨ ਦੇਣ ਲਈ ਬਹੁਤ ਘੱਟ ਸਬੂਤ ਹਨ ਕਿ ਨੌਜਵਾਨ 'ਇੰਡੀਆ' ਗੱਠਜੋੜ ਵੱਲ ਚਲੇ ਗਏ: ਐਨ.ਡੀ.ਏ. ਅਤੇ 'ਇੰਡੀਆ' ਗੱਠਜੋੜ ਵਿਚਾਲੇ ਲਗਭਗ 7 ਪ੍ਰਤੀਸ਼ਤ ਵੋਟਾਂ ਦਾ ਫ਼ਰਕ ਸਾਰੇ ਉਮਰ ਸਮੂਹਾਂ 'ਚ ਲਗਭਗ ਇੱਕ ਸਮਾਨ ਹੈ।

ਚਾਰਟ-10: ਐਨ.ਡੀ.ਏ. ਦਾ ਸ਼ਹਿਰਾਂ 'ਤੇ ਕਬਜ਼ਾ, 'ਇੰਡੀਆ' ਗੱਠਜੋੜ ਨੂੰ ਪਿੰਡਾਂ 'ਚ ਮਿਲੀ ਲੀਡ

ਇਹ ਅੰਕੜੇ ਅਸਲ ਨਤੀਜੇ/ਵੋਟ ਸ਼ੇਅਰ ਨੂੰ ਦਰਸਾ ਰਹੇ ਹਨ। ਜਨਗਣਨਾ ਦੇ ਅੰਕੜਿਆਂ ਦੇ ਆਧਾਰ 'ਤੇ ਵਰਗੀਕਰਨ ਕੀਤਾ ਗਿਆ ਹੈ। ਸ਼ਹਿਰੀ ਚੋਣ ਖੇਤਰ ਉਹ ਹਨ, ਜਿੱਥੇ 75 ਫ਼ੀਸਦੀ ਜਾਂ ਉਸ ਤੋਂ ਵੱਧ ਵੋਟਰ ਸ਼ਹਿਰੀ ਖੇਤਰਾਂ 'ਚ ਰਹਿੰਦੇ ਹਨ ਤੇ 25 ਫ਼ੀਸਦੀ ਤੋਂ ਘੱਟ ਪਿੰਡਾਂ 'ਚ ਹਨ ਅਤੇ ਬਾਕੀ ਪੇਂਡੂ-ਸ਼ਹਿਰੀ ਖੇਤਰਾਂ 'ਚ ਹਨ।

ਚਾਰਟ-10 : ਵੇਰਵੇ : ਭਾਜਪਾ ਨੇ ਸ਼ਹਿਰਾਂ 'ਚ ਆਪਣਾ ਦਬਦਬਾ ਬਣਾਈ ਰੱਖਿਆ ਅਤੇ ਛੋਟੇ ਸ਼ਹਿਰਾਂ ਅਤੇ ਦਿਹਾਤੀ ਖੇਤਰਾਂ 'ਚ ਆਪਣਾ ਸਮਰਥਨ ਥੋੜ੍ਹਾ ਗੁਆ ਦਿੱਤਾ।

ਸ਼ਿਵਸੈਨਾ ਜਿਹੀ 'ਇੰਡੀਆ' ਗੱਠਜੋੜ ਦੀ ਭਾਈਵਾਲ ਪਾਰਟੀ ਦੇ ਮਜ਼ਬੂਤ ਪ੍ਰਦਰਸ਼ਨ ਦੇ ਬਾਵਜੂਦ ਮੁੰਬਈ 'ਚ ਸ਼ਿਵਸੈਨਾ (ਯੂ.ਬੀ.ਟੀ.) ਅਤੇ ਚੇਨਈ 'ਚ ਡੀ.ਐਮ.ਕੇ. ਦੇ ਮੁਕਾਬਲੇ ਸ਼ਹਿਰਾਂ 'ਚ 'ਇੰਡੀਆ' ਗੱਠਜੋੜ ਦੇ ਸਮਰਥਨ 'ਚ ਸਭ ਤੋਂ ਘੱਟ ਵਾਧਾ ਹੋਇਆ ਹੈ। ਉਨ੍ਹਾਂ ਨੂੰ ਸਭ ਤੋਂ ਵੱਧ ਲਾਭ ਦਿਹਾਤੀ ਅਤੇ ਅਰਧ-ਸ਼ਹਿਰੀ ਚੋਣ ਖੇਤਰਾਂ 'ਚ ਹੋਇਆ ਹੈ।

# ਪੂਰਬੀ - ਪੱਛਮੀ ਪੰਜਾਬਾਂ ਦੀ ਸਾਂਝ ਤੇ ਆਸ ਦਾ ਮਸਲਾ

ਡਾ. ਨਰੇਸ਼



ਭਾਰਤੀ ਅਤੇ ਪਾਕਿਸਤਾਨੀ ਲੋਕਾਂ ਦੀ ਸੋਚ ਵਿੱਚ ਬੁਨਿਆਦੀ ਫ਼ਰਕ ਇਹ ਹੈ ਕਿ ਭਾਰਤ ਦੇ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਦੇਸ਼ ਅੰਗਰੇਜ਼ਾਂ ਦੀ ਚਾਲਬਾਜ਼ੀ ਕਾਰਨ ਵੰਡਿਆ ਗਿਆ ਸੀ ਅਤੇ ਇਥੋਂ ਦੇ ਹਿੰਦੂਆਂ-ਸਿੱਖਾਂ-ਮੁਸਲਮਾਨਾਂ ਨੂੰ ਧੱਕੇਜ਼ੋਰੀ ਉਨ੍ਹਾਂ ਦੇ ਘਰਾਂ ਵਿਚੋਂ ਉਜਾੜ ਦਿੱਤਾ ਗਿਆ ਸੀ। ਉਹ ਇਸ ਵੰਡ ਨੂੰ ਗ਼ੈਰ-ਕੁਦਰਤੀ ਸਮਝਦੇ ਹਨ ਅਤੇ ਆਸ ਕਰਦੇ ਹਨ ਕਿ ਕਦੀ ਨਾ ਕਦੀ ਸਵੇਰ ਦਾ ਭੁੱਲਿਆ ਸ਼ਾਮੀਂ ਘਰ ਮੁੜ ਆਵੇਗਾ ਅਤੇ ਦੁਨੀਆ ਦੇ ਨਕਸ਼ੇ ’ਤੇ ਭਾਰਤ ਮੁੜ ਉਸੇ ਸ਼ੇਰ ਵਾਂਗ ਵਿਖਾਈ ਦੇਣ ਲੱਗੇਗਾ ਜਿਹਾ ਉਹ ਵੰਡ ਤੋਂ ਪਹਿਲਾਂ ਵਿਖਾਈ ਦਿੰਦਾ ਸੀ, ਜਦੋਂ ਕਿ ਪਾਕਿਸਤਾਨ ਦੇ ਲੋਕ ਸਮਝਦੇ ਹਨ ਕਿ ਵੰਡ ਉਨ੍ਹਾਂ ਦੇ ਲੰਮੇ ਸੰਘਰਸ਼ ਦਾ ਸਿੱਟਾ ਸੀ ਅਤੇ ਪਾਕਿਸਤਾਨ ਉਨ੍ਹਾਂ ਕੁਰਾਨ ਦੀ ਛਾਂ ਹੇਠ ਨਿਜ਼ਾਮੇ-ਮੁਸਤਫ਼ਾ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰਾਪਤ ਕੀਤਾ ਸੀ। ਆਪੋ-ਆਪਣੀ ਅਜਿਹੀ ਸੋਚ ਕਾਰਨ ਹੀ ਭਾਰਤ ਦੇ ਲੋਕ ਪਾਕਿਸਤਾਨ ਨੂੰ ਰੁੱਸਿਆ ਹੋਇਆ ਛੋਟਾ ਭਰਾ ਸਮਝਦੇ ਹਨ ਅਤੇ ਪਾਕਿਸਤਾਨ ਦੇ ਲੋਕ ਭਾਰਤ ਨੂੰ ਆਪਣਾ ਦੁਸ਼ਮਣ ਸਮਝਦੇ ਹਨ।

ਪਰ ਇਹ ਸੋਚ ਸਿਆਸੀ ਸੋਚ ਹੈ। ਆਮ ਆਦਮੀ ਸਿਆਸੀ ਤੌਰ ’ਤੇ ਜਾਗ੍ਰਿਤ ਹੋ ਸਕਦਾ ਹੈ ਪਰ ਉਸ ਦਾ ਸਿਆਸੀ ਆਦਮੀ ਹੋਣਾ ਜ਼ਰੂਰੀ ਨਹੀਂ ਹੈ। ਪਾਕਿਸਤਾਨ ਦੇ ਲੋਕ ਜਦੋਂ ਵੀ ਇਸ ਸੋਚ ਦੇ ਜੱਫੇ ਵਿਚੋਂ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਭਾਰਤ ਵਿੱਚ ਬੇਵਸ ਹੋ ਕੇ ਛੱਡੇ ਆਪਣੀ ਜੱਦੀ-ਪੁਸ਼ਤੀ ਘਰਾਂ ਦੀ ਯਾਦ ਆਉਂਦੀ ਹੈ ਅਤੇ ਉਹ ਇੱਕ ਵਾਰੀ ਫਿਰ ਆਪਣੇ ਜੱਦੀ ਘਰਾਂ ਅਤੇ ਪਿੰਡਾਂ-ਸ਼ਹਿਰਾਂ ਨੂੰ ਵੇਖਣਾ ਲੋਚਣ ਲਗਦੇ ਹਨ। ਪਾਕਿਸਤਾਨ ਦੀ 75 ਸਾਲਾ ਕੌਮ ਮਹਿਸੂਸ ਕਰਦੀ ਹੈ ਕਿ ਉਨ੍ਹਾਂ ਦੀਆਂ ਜੜ੍ਹਾਂ ਕਿਧਰੇ ਹੋਰ ਥਾਂ ਪਈਆਂ ਹਨ ਅਤੇ ਉਹ ਆਪਣੀਆਂ ਜੜ੍ਹਾਂ ਨਾਲੋਂ ਟੁੱਟੇ ਹੋਏ ਹਨ। ਆਪਣੀਆਂ ਜੜ੍ਹਾਂ ਦੇ ਉਦਰੇਵੇਂ ਵਿੱਚ ਬਹੁਤਿਆਂ ਨੇ ਪਾਕਿਸਤਾਨ ਬਣਨ ਮਗਰੋਂ ਆਪਣੇ ਨਾਂਅ ਨਾਲ ਆਪਣੇ ਉਹ ਜਾਤ-ਗੋਤ ਲਿਖਣੇ ਸ਼ੁਰੂ ਕਰ ਦਿੱਤੇ ਹਨ, ਜਿਹੜੇ ਉਨ੍ਹਾਂ ਦੇ ਪੁਰਖਿਆਂ ਦੇ ਇਸਲਾਮ ਕਬੂਲ ਕਰਨ ਤੋਂ ਪਹਿਲਾਂ ਹੁੰਦੇ ਸਨ। ਰੀਤੀ-ਰਿਵਾਜ਼ ਤਾਂ ਨਿਜ਼ਾਮੇ-ਮੁਸਤਫ਼ਾ ਦੇ ਬਾਵਜੂਦ ਨਹੀਂ ਬਦਲੇ ਜਾ ਸਕੇ ਸਨ, ਕਿਉਂਕਿ ਇਨਸਾਨ ਆਪਣਾ ਧਰਮ ਤਾਂ ਬਦਲ ਸਕਦਾ ਹੈ ਪਰ ਆਪਣਾ ਸੁਭਾਅ ਬਦਲਣਾ ਉਸ ਦੇ ਲਈ ਸੌਖਾ ਨਹੀਂ ਹੁੰਦਾ।ਪੱਛਮੀ ਪੰਜਾਬ ਪਾਕਿਸਤਾਨ ਦਾ ਸਭ ਤੋਂ ਵੱਡਾ, ਸਭ ਤੋਂ ਮਹੱਤਵਪੂਰਨ ਸੂਬਾ ਹੈ। ਪੰਜਾਬ ਦੇ ਲੋਕ ਬੁਨਿਆਦੀ ਤੌਰ ’ਤੇ ਮਿਹਨਤੀ, ਸਿਰੜੀ ਅਤੇ ਖੁਲ੍ਹਦਿਲੇ ਹੁੰਦੇ ਹਨ। ਪਾਕਿਸਤਾਨ ਵਿੱਚ ਸਥਾਨਕ ਸੱਤਾ ਦੀ ਲੜਾਈ ਵਿੱਚ ਵੀ ਪੰਜਾਬ ਨੇ ਹਮੇਸ਼ਾ ਮੋਹਰੀ ਰਹਿਣ ਦਾ ਯਤਨ ਕੀਤਾ ਹੈ ਅਤੇ ਆਮ ਤੌਰ ’ਤੇ ਇਹੋ ਸੂਬਾ ਦੇਸ਼ ਦੀ ਵਾਗਡੋਰ ਸੰਭਾਲਣ ਵਿੱਚ ਕਾਮਯਾਬ ਹੋਇਆ ਹੈ। ਪੰਜਾਬ ਭਾਵੇਂ ਪਾਕਿਸਤਾਨ ਵਾਲਾ ਹੋਵੇ, ਭਾਵੇਂ ਹਿੰਦੁਸਤਾਨ ਵਾਲਾ, ਇਥੋਂ ਦੇ ਵਸਨੀਕਾਂ ਦੀ ਮਾਤ ਭਾਸ਼ਾ, ਪੰਜਾਬੀ ਹੈ। ਜਦੋਂ ਤੱਕ ਪਾਕਿਸਤਾਨ ਦੇ ਪੰਜਾਬੀ ਕਿਸੇ ਹੋਰ ਭਾਸ਼ਾ ਨੂੰ ਆਪਣੀ ਬੋਲਚਾਲ ਦੀ ਭਾਸ਼ਾ ਨਹੀਂ ਬਣਾਉਂਦੇ ਉਦੋਂ ਤੱਕ ਇਹ ਆਸ ਬਣੀ ਰਹੇਗੀ ਕਿ ਦੋਵਾਂ ਪੰਜਾਬਾਂ ਵਿਚਕਾਰਲਾ ਮਾਂ ਦੇ ਦੁੱਧ ਦਾ ਰਿਸ਼ਤਾ ਬਣਿਆ ਰਹੇਗਾ।ਪੰਜਾਬੀ ਬੋਲਦੇ ਲੋਕ, ਭਾਰਤੀ ਹੋਣ ਜਾਂ ਪਾਕਿਸਤਾਨੀ, ਸੂਫ਼ੀਆਂ ਦੇ ਕਲਾਮ ਅਤੇ ਪੰਜਾਬੀ ਕਿੱਸਾ ਕਾਵਿ ਨੂੰ ਇਕੋ ਜਿੰਨਾ ਪਿਆਰ ਕਰਦੇ ਹਨ। ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਅਲੀ ਹੈਦਰ, ਹਾਸ਼ਿਮ ਸ਼ਾਹ, ਗੁਲਾਮ ਫ਼ਰੀਦ ਜਿਹੇ ਸੂਫ਼ੀ ਕਵੀਆਂ ਦਾ ਕਲਾਮ ਦੋਵਾਂ ਪੰਜਾਬਾਂ ਦਾ ਸਾਂਝਾ ਵਿਰਸਾ ਹੈ, ਜਿਸ ’ਤੇ ਦੋਵੇਂ ਇਕੋ ਜਿਹਾ ਮਾਣ ਕਰਦੇ ਹਨ। ਪੰਜਾਬੀ ਕਵੀਆਂ ਦੁਆਰਾ ਰਚੇ ਗਏ ਕਿੱਸੇ ਸੱਸੀ-ਪੁਨੂੰ, ਹੀਰ-ਰਾਂਝਾ, ਸੋਹਣੀ-ਮਹੀਂਵਾਲ, ਪੂਰਨ ਭਗਤ ਅੱਜ ਵੀ ਲੋਕਪ੍ਰਿਯਾ ਹਨ ਅਤੇ ਦੋਵੇਂ ਪੰਜਾਬਾਂ ਵਿੱਚ ਲਹਿਕ-ਲਹਿਕ ਕੇ ਗਾਏ ਜਾਂਦੇ ਹਨ।

ਭਾਸ਼ਾ ਦਾ ਨਿਰਮਾਣ ਭਾਵੇਂ ਮੁਢਲੇ ਤੌਰ ’ਤੇ ਭਾਵਾਂ ਅਤੇ ਵਿਚਾਰਾਂ ਦੇ ਪ੍ਰਗਟਾ ਲਈ ਹੁੰਦਾ ਹੈ ਪਰ ਸਮੇਂ ਦੇ ਨਾਲ-ਨਾਲ ਹਰ ਭਾਸ਼ਾ ਦੀ ਆਪਣੀ ਇੱਕ ਸੱਭਿਅਤਾ ਨਿਰਮਿਤ ਹੋ ਜਾਂਦੀ ਹੈ। ਪੰਜਾਬੀ ਭਾਸ਼ੀਆਂ ਨੇ ਜਿਹੜੀ ਸੱਭਿਅਤਾ ਵੰਡ ਤੋਂ ਸਦੀਆਂ ਪਹਿਲਾਂ ਬਣਾਈ ਸੀ, ਉਹ ਵੰਡ ਦੇ ਸਮੇਂ ਤੱਕ ਏਨੀ ਨਰੋਈ ਹੋ ਗਈ ਸੀ ਕਿ ਉਸ ਨੂੰ ਆਪਣੀ ਪਛਾਣ ਲਈ ਕਿਸੇ ਬਗਾਨੇ ਮੋਢੇ ਦੀ ਲੋੜ ਨਹੀਂ ਸੀ। ਬਾਰਡਰ ਦੇ ਇਸ ਪਾਰ ਜਾਂ ਉਸ ਪਾਰ ਕਿਸੇ ਪੰਜਾਬੀ ਲਈ ਇਸ ਸੱਭਿਅਤਾ ਨਾਲੋਂ ਰਿਸ਼ਤਾ ਤੋੜਨਾ ਸੰਭਵ ਨਹੀਂ ਸੀ। ਇਸੇ ਸੱਭਿਅਤਾ ਨੇ ਭਾਰਤੀ ਪੰਜਾਬ ਵਿੱਚ ਇਹ ਰੂਪ ਧਾਰਨ ਕਰ ਲਿਆ ਹੈ ਕਿ ਇਥੋਂ ਦੇ ਹਿੰਦੂਆਂ-ਸਿੱਖਾਂ ਨੇ ਜਿਥੇ ਕਿਧਰੇ ਵੀ ਪੱਕੀ ਕਬਰ ਵੇਖੀ, ਉਸ ਉਤੇ ਹਰੀ ਚਾਦਰ ਚੜ੍ਹਾ ਕੇ ਦੀਵਾ ਬਾਲਣਾ ਸ਼ੁਰੂ ਕਰ ਦਿੱਤਾ। ਪਾਕਿਸਤਾਨ ਰੇਡੀਓ ਅਤੇ ਟੈਲੀਵਿਜ਼ਨ ’ਤੇ ਨਸ਼ਰ ਹੋਣ ਵਾਲੇ ਪ੍ਰੋਗਰਾਮ ਓਧਰ ਨਾਲੋਂ ਇਧਰ ਵੱਧ ਸੁਣੇ-ਵੇਖੇ ਜਾਣ ਲੱਗੇ। ਇਧਰਲੇ ਪੰਜਾਬ ਦੀਆਂ ਲਗਭਗ ਸਾਰੀਆਂ ਯੂਨੀਵਰਸਿਟੀਆਂ ਵਿੱਚ ਪਾਕਿਸਤਾਨੀ ਪੰਜਾਬੀ ਸਾਹਿਤ ਪੜ੍ਹਾਇਆ ਜਾ ਰਿਹਾ ਹੈ। ਪੰਜਾਬ ਦੇ ਪ੍ਰਕਾਸ਼ਕ ਪਾਕਿਸਤਾਨੀ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਛਾਪ ਰਹੇ ਹਨ, ਉਧਰਲੇ ਲੇਖਕਾਂ ਨੂੰ ਪੁਰਸਕਾਰ-ਸਨਮਾਨ ਦਿੱਤੇ ਜਾ ਰਿਹੇ ਹਨ। ਉਧਰਲੇ ਪੰਜਾਬ ਵਿੱਚ ਵੀ ਇਧਰਲੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਛਾਪੀਆਂ-ਪੜ੍ਹੀਆਂ ਜਾ ਰਹੀਆਂ ਹਨ।

ਇਹ ਸੱਚ ਹੈ ਕਿ ਪਾਕਿਸਤਾਨੀ ਮੀਡੀਆ ਦਹਾਕਿਆਂ ਤੋਂ ਭਾਰਤ ਵਿਰੁੱਧ ਜ਼ਹਿਰ ਉਗਲ ਰਿਹਾ ਹੈ ਪਰ ਕੀ ਪਾਕਿਸਤਾਨ ਦਾ ਆਮ ਪੰਜਾਬੀ ਇਧਰੋਂ ਗਏ ਕਿਸੇ ਪੰਜਾਬੀ ਨੂੰ ਰੱਜ ਕੇ ਪਿਆਰ ਦੇਣੋਂ ਖੁੰਝਿਆ ਹੈ? ਅਜਿਹਾ ਵਰਤਾਰਾ ਕਦੀ ਸਮਾਪਤ ਵੀ ਨਹੀਂ ਹੋਣਾ, ਕਿਉਂਕਿ ਦੋਵੇਂ ਪੰਜਾਬਾਂ ਦੇ ਲੋਕੀਂ ਇਕੋ ਦਾਦੇ ਦੇ ਪੋਤਰੇ ਹਨ, ਉਨ੍ਹਾਂ ਦਾ ਖ਼ੂਨ ਸਾਂਝਾ ਹੈ, ਉਨ੍ਹਾਂ ਦੀ ਜ਼ਬਾਨ ਇੱਕ ਹੈ, ਉਨ੍ਹਾਂ ਦੀ ਵਿਰਾਸਤ ਇਕ ਹੈ। ਇਧਰ ਦੇ ਪੰਜਾਬੀ ਕਿਵੇਂ ਆਪਣਾ ਜ਼ਹਿਨੀ ਅਤੇ ਜਜ਼ਬਾਤੀ ਰਿਸ਼ਤਾ ਤੋੜ ਲੈਣਗੇ, ਕਾਦਿਰ ਯਾਰ, ਮੁਹੰਮਦ ਬਖ਼ਸ਼ ਜਾਂ ਗੁਲਾਮ ਜੀਲਾਨੀ ਨੂੰ ਕਿਵੇਂ ਨਤਮਸਤਕ ਹੋਣਾ ਛੱਡ ਦੇਣਗੇ? ਨਨਕਾਣਾ ਸਾਹਿਬ, ਕਟਾਸ ਰਾਜ ਜਾਂ ਦਾਤਾ ਗੰਜ ਬਖ਼ਸ਼ ਤੋਂ ਕਿਵੇਂ ਪਾਸਾ ਵੱਟ ਲੈਣਗੇ ਅਤੇ ਉਧਰ ਦੇ ਪੰਜਾਬੀ ਕਿਵੇਂ ਮੂੰਹ ਮੋੜ ਲੈਣਗੇ, ਮੁਜਦਿਦ ਅਲਿਫ਼ ਸਾਨੀ, ਇਮਾਮ ਨਾਸਿਰ ਜਾਂ ਸੈਯਦ ਲੁਧਿਆਣਵੀ ਤੋਂ ?ਜੇਕਰ ਕੁਦਰਤ ਦੇ ਵਿਧਾਨ ਵਿੱਚ ਦਰਜ ਹੈ ਕਿ ਨਫ਼ਰਤ ਦੀ ਇਸ ਕੰਧ ਨੇ ਕਿਸੇ ਦਿਨ ਢਹਿ ਢੇਰੀ ਹੋਣਾ ਹੈ, ਧਰਤੀ ’ਤੇ ਵਾਹੀਆਂ ਗ਼ੈਰ-ਕੁਦਰਤੀ ਲਕੀਰਾਂ ਨੇ ਕਿਸੇ ਦਿਨ ਮਿਟਣਾ ਹੈ, ਵਿਦੇਸ਼ੀ ਤਾਕਤਾਂ ਦੀ ਗੁਲਾਮੀ ਕਰ ਰਹੀਆਂ ਦੋਵੇਂ ਕੌਮਾਂ ਨੇ ਆਪੋ-ਆਪਣੀ ਹਉਮੈ ਤੋਂ ਮੁਕਤ ਹੋ ਕੇ ਅਵਾਮ ਦੀ ਭਲਾਈ ਬਾਰੇ ਸੋਚਣਾ ਹੈ ਤਾਂ ਇਕ ਦਿਨ ਇਹ ਦੋਵੇਂ ਕੌਮਾਂ ਆਪਣੀ ਇਤਿਹਾਸਕ ਭੁੱਲ ਸੁਧਾਰਨ ਬਾਰੇ ਜ਼ਰੂਰ ਸੋਚਣਗੀਆਂ। ਜਦੋਂ ਤੱਕ ਅਜਿਹਾ ਨਹੀਂ ਵਾਪਰਦਾ ਦੋਵਾਂ ਪੰਜਾਬਾਂ ਦੇ ਪੰਜਾਬੀ ਆਸ ਦਾ ਮਜ਼ਬੂਤ ਰੱਸਾ ਫੜੀ ਰੱਖਣਗੇ।

# ਪੰਜਾਬ ਵਿੱਚ ਟਰੈਕਟਰ ਮੁਕਾਬਲੇ ਨੌਜਵਾਨਾਂ ਲਈ ਜਾਨ ਲੇਵਾ ਬਣੇ

## ਰਿਪੋਰਟ ਅਨੁਸਾਰ ਹਰ ਸਾਲ ਟਰੈਕਟਰਾਂ ਨਾਲ ਹੁੰਦੀਆਂ ਨੇ 130 ਮੌਤਾਂ











ਪਿਛਲੇ ਸਮੇਂ ਦੌਰਾਨ ਜਿਵੇਂ ਪੰਜਾਬ ਵਿੱਚ ਟਰੈਕਟਰ ਸਟੰਟਾਂ ਦਾ ਟਰੈਂਡ ਵਧਿਆ ਹੈ, ਉਵੇਂ ਹੀ ਕਈ ਸਟੰਟ ਕਰਨ ਵਾਲਿਆਂ ਵੱਲੋਂ ਆਪਣੇ ਯੂ ਟਿਊਬ ਚੈਨਲਾਂ ਅਤੇ ਸੋਸ਼ਲ ਮੀਡੀਆ ਰਾਹੀਂ ਇਸ ਬਾਰੇ ਵੀਡੀਓ ਦਿਖਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੇ ਦਰਸ਼ਕ ਵੀ ਵਧ ਰਹੇ ਹਨ। ਇਹ ਟਰੈਂਡ ਪਿਛਲੇ 6 ਤੋਂ 7 ਸਾਲਾਂ ਤੋਂ ਸ਼ੁਰੂ ਹੋਇਆ ਹੈ। ਇਹ ਸਟੰਟ ਬਹੁਤੀ ਵਾਰ ਕਬੱਡੀ ਕੱਪਾਂ ਜਾਂ ਪੇਂਡੂ ਮੇਲਿਆਂ ਤੋਂ ਬਾਅਦ ਕਰਵਾਏ ਜਾਂਦੇ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਹਰੇਕ ਸਟੰਟਮੈਨ 15 ਮਿੰਟ ਸਟੰਟ ਦਿਖਾਉਣ ਲਈ 15 ਹਜ਼ਾਰ ਤੋਂ 60 ਹਜ਼ਾਰ ਤੱਕ ਰੁਪਏ ਲੈਂਦਾ ਹੈ। ਹਾਲਾਂਕਿ ਸਰਕਾਰ ਨੇ ਟਰੈਕਟਰ ਸਟੰਟ ਉੱਪਰ ਪਾਬੰਦੀ ਵੀ ਲਗਾਈ ਹੋਈ ਹੈ।

ਵੱਖ-ਵੱਖ ਥਾਵਾਂ ’ਤੇ ਟਰੈਕਟਰ ਸਟੰਟ ਕਰਦਿਆਂ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖ਼ੌਫਨਾਕ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਅਨੇਕਾਂ ਨੌਜਵਾਨ ਟਰੈਕਟਰਾਂ ਦੇ ਤਵੀਆਂ ਅਤੇ ਟੋਚਨ ਮੁਕਾਬਲਿਆਂ ਤੋਂ ਇਲਾਵਾ ਅਗਲੇ ਚੱਕੇ ਉਤਾਂਹ ਚੁਕਾ ਕੇ ਵੱਖ-ਵੱਖ ਤਰ੍ਹਾਂ ਦੇ ਸਟੰਟ ਕਰਕੇ ਫੋਕੀ ਸ਼ੋਹਰਤ ਖੱਟਣ ਲਈ ਬੇਸ਼ਕੀਮਤੀ ਜਾਨਾਂ ਤੋਂ ਹੱਥ ਧੋ ਬੈਠਦੇ ਨੇ।

ਸਰਕਾਰੀ ਰਿਪੋਰਟਾਂ ਅਨੁਸਾਰ 1992 ਤੋਂ 2001 ਦਰਮਿਆਨ 2165 ਮੌਤਾਂ ਟਰੈਕਟਰਾਂ ਨਾਲ ਸੰਬੰਧਿਤ ਦੁਰਘਟਨਾਵਾਂ ਦੌਰਾਨ ਹੋਈਆਂ ਸਨ। ਸਰਕਾਰੀ ਅੰਕੜਿਆਂ ਮੁਤਾਬਿਕ ਮੌਜੂਦਾ ਸਮੇਂ ਵਿੱਚ ਟਰੈਕਟਰ ਦੀਆਂ ਆਮ ਦੁਰਘਟਨਾਵਾਂ ਦੀ ਦਰ ਸਾਲਾਨਾ 60 ਮੌਤਾਂ ਅਤੇ ਗਤੀਸ਼ੀਲ ਭਾਗ ਸਾਫ਼ਟ, ਪੁਲੀ, ਬੈਲਟ ਚੇਨ, ਗੀਅਰ ਆਦਿ ਨਾਲ ਉਲਝਣ ਵਿੱਚ ਸਾਲਾਨਾ 10 ਮੌਤਾਂ ਹੋਣ ਦੀ ਜਾਣਕਾਰੀ ਦਰਜ ਹੈ। ਕੌਮੀ ਖੇਤੀ ਟਰੈਕਟਰ ਸੁਰੱਖਿਆ ਏਜੰਸੀ ਦੀ ਰਿਪੋਰਟ ਅਨੁਸਾਰ ਹਰ ਸਾਲ ਟਰੈਕਟਰਾਂ ਨਾਲ 130 ਮੌਤਾਂ ਹੁੰਦੀਆਂ ਹਨ, ਜੋ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਤੋਂ ਅੱਧੀਆਂ ਹਨ।

### ਕੁਝ ਜਾਨਲੇਵਾ ਘਟਨਾਵਾਂ

ਅਜੇ ਕੁਝ ਦਿਨ ਪਹਿਲਾਂ ਦੀ ਇੱਕ ਘਟਨਾ ਫਗਵਾੜਾ ਤਹਿਸੀਲ ਦੇ ਪਿੰਡ ਡੁਮੇਲੀ ਵਿਖੇ ਵਾਪਰੀ ਜਿਥੇ ਪੁਲਿਸ ਵੱਲੋਂ ਮਨਜ਼ੂਰੀ ਨਾ ਦੇਣ ਦੇ ਬਾਵਜੂਦ ਵੀ ਵਟਸਐਪ ਮੈਸੇਜ ਦੇ ਕੇ ਅਤੇ ਗੁਪਤ ਜਾਣਕਾਰੀ ਪਹੁੰਚਾ ਕੇ ਟਰੈਕਟਰ ਸਟੰਟ ਬਾਜ਼ੀ ਦੇ ਮੁਕਾਬਲੇ ਕਰਵਾਏ ਗਏ, ਜਿਸ ’ਚ ਪਹਿਲੇ ਦੂਜੇ ਅਤੇ ਤੀਜੇ ਨੰਬਰ ’ਤੇ ਰਹਿਣ ਵਾਲਿਆਂ ਲਈ 41, 31 ਅਤੇ 11 ਹਜ਼ਾਰ ਦੀ ਇਨਾਮੀ ਰਾਸ਼ੀ ਰੱਖੀ ਗਈ ਸੀ। ਇਸ ਦੌਰਾਨ ਇੱਕ ਸਟੰਟਬਾਜ਼ ਤੋਂ ਟਰੈਕਟਰ ਕੰਟਰੋਲ ਨਾ ਹੋਇਆ ਤੇ ਦਰਸ਼ਕਾਂ ’ਤੇ ਚੜ੍ਹ ਗਿਆ, ਜਿਸ ’ਚ ਛੇ ਤੋਂ ਸੱਤ ਦਰਸ਼ਕ ਸਮੇਤ ਖ਼ੁਦ ਟਰੈਕਟਰ ਚਾਲਕ ਵੀ ਗੰਭੀਰ ਜ਼ਖਮੀ ਹੋ ਗਏ, ਜੋ ਕਿ ਵੱਖ-ਵੱਖ ਹਸਪਤਾਲਾਂ ’ਚ ਜ਼ੇਰੇ ਇਲਾਜ ਹਨ। ਪੁਲਿਸ ਵੱਲੋਂ ਘਟਨਾ ਦੀ ਸੂਚਨਾ ਮਿਲਦਿਆਂ ਹੀ ਸਟੰਟ ਮੁਕਾਬਲਿਆਂ ਦੇ ਪ੍ਰਬੰਧਕ ਅਤੇ ਹਿੱਸਾ ਲੈਣ ਵਾਲਿਆਂ ਨੂੰ ਸਮੇਤ ਟਰੈਕਟਰਾਂ ਦੇ ਕਾਬੂ ਕਰ ਗਿਆ ਅਤੇ ਭੱਜਣ ਵਾਲੇ ਸੰਬੰਧਿਤ ਕੁਝ ਲੋਕਾਂ ’ਤੇ ਐੱਫ.ਆਈ.ਆਰ. ਦਰਜ ਕੀਤੀ ਗਈ। ਪੁਲਿਸ ਅਧਿਕਾਰੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਟਰੈਕਟਰ ਦੀਆਂ ਦੌੜਾਂ ਗੈਰ-ਕਾਨੂੰਨੀ ਕਰਵਾਈਆਂ ਜਾ ਰਹੀਆਂ ਸੀ। ਪੁਲਿਸ ਨੇ ਮੌਕੇ ’ਤੇ 3 ਟਰੈਕਟਰ ਨੂੰ ਕਾਬੂ ਕੀਤੇ ਅਤੇ ਨਾਲ 4 ਨੌਜਵਾਨਾਂ ਨੂੰ ਹਿਰਾਸਤ ’ਚ ਲਿਆ।

*26 ਫਰਵਰੀ 2024 ਨੂੰ ਹਰਿਆਣਾ ਦੇ ਗੂਹਲਾ ਚੀਕਾ ਵਿਖੇ ਸਟੰਟ ਕਰਦਾ ਨੌਜਵਾਨ ਸੀਟ ਅਤੇ ਸਟੇਅਰਿੰਗ ਦਰਮਿਆਨ ਐਸਾ ਫਸਿਆ ਕਿ ਦਮ ਘੁੱਟਣ ਨਾਲ ਉਸ ਦੀ ਪਲਾਂ ’ਚ ਹੀ ਮੌਤ ਹੋ ਗਈ।



* 9 ਜਨਵਰੀ 2023 ਨੂੰ ਆਇਸ਼ਰ ਟਰੈੱਕਟਰ ਨਾਲ ਮੇਰਠ ਵਿਖੇ ਡੈਮੋ ਦੇਣ ਗਏ ਇੱਕ 30-32 ਸਾਲ ਦੇ ਨੌਜਵਾਨ ਵੱਲੋਂ ਸਟੰਟ ਕਰਕੇ ਵਿਖਾਉਣ ਸਮੇਂ ਟਰੈਕਟਰ ਪਲਟ ਗਿਆ, ਜਿਸ ਨਾਲ ਉਸ ਦੀ ਜਾਨ ਚਲੀ ਗਈ।

* 30 ਅਕਤੂਬਰ 2023 ਨੂੰ ਟਰੈਕਟਰ ਦੇ ਅਗਲੇ ਚੱਕੇ ਚੁਕਾ ਕੇ ਡਰਾਈਵਰ ਨੌਜਵਾਨ ਹੇਠਾਂ ਉੱਤਰ ਆਇਆ ਅਤੇ ਜਦੋਂ ਟਰੈਕਟਰ ਨੂੰ ਕੰਟਰੋਲ ਕਰਨ ਲੱਗਾ ਤਾਂ ਪਿਛਲੇ ਟਾਇਰ ਥੱਲੇ ਆ ਕੇ ਦਮ ਤੋੜ ਗਿਆ।

ਪੰਜਾਬ ਦੇ ਕੁਝ ਨੌਜਵਾਨ ਜਾਨਲੇਵਾ ਸਟੰਟ ਕਰਕੇ ਆਪਣੀਆਂ ਜਾਨਾਂ ਗਵਾ ਰਹੇ ਹਨ। ਅਜਿਹੇ ਨੌਜਵਾਨਾਂ ਦੇ ਮਾਪਿਆਂ ਨੂੰ ਚਾਹੀਦਾ ਹੈ ਕੀ ਉਹ ਆਪਣੇ ਬੱਚਿਆਂ ਨੂੰ ਹਰ ਤਰ੍ਹਾਂ ਨਾਲ ਇਨ੍ਹਾਂ ਮਾਰੂ ਤੇ ਖ਼ਤਰਨਾਕ ਕਾਰਨਾਮਿਆਂ ਵਿੱਚ ਹਿੱਸਾ ਲੈਣ ਤੋਂ ਵਰਜਣ। ਸਮਾਜਿਕ ਵਿਗਿਆਨ ਦੇ ਪ੍ਰੋਫ਼ੈਸਰ ਰਹੇ ਮਨਜੀਤ ਸਿੰਘ ਦੱਸਦੇ ਹਨ ਕਿ ਟਰੈਕਟਰ ਸਟੰਟ ਦੌਰਾਨ ਹੁੰਦੇ ਹਾਦਸਿਆਂ ਬਾਰੇ ਕਿਸੇ ਦੀ ਜ਼ਿੰਮੇਵਾਰੀ ਲਗਾਈ ਜਾਣੀ ਜ਼ਰੂਰੀ ਹੈ। ਉਹ ਦੱਸਦੇ ਹਨ ਕਿ ਇਸ ਦਾ ਰੁਝਾਨ ਵਧਣ ਨਾਲ ਪਿੱਛੇ ਕਾਰਨ ਪੰਜਾਬੀਆਂ ਵਿੱਚ ਹੀਰੋਇਜ਼ਮ ਦੀ ਭੁੱਖ ਅਤੇ ਜੋਖ਼ਮ ਭਰੇ ਕੰਮਾਂ ਵਿੱਚ ਦਿਲਚਸਪੀ ਰੱਖਣੀ ਵੀ ਹੈ।

# ਝੋਨੇ ਹੇਠ ਰਕਬਾ ਘਟਾਉਣ ਦੀ ਲੋੜ

## ਮੱਕੀ, ਨਰਮਾ ਤੇ ਬਾਜਰਾ ਹੇਠ ਵਧਾਇਆ ਜਾਵੇ ਰਕਬਾ

ਡਾ. ਰਣਜੀਤ ਸਿੰਘ

ਝੋਨਾ ਪੰਜਾਬ ਵਿੱਚ ਸਾਉਣੀ ਦੀ ਮੁੱਖ ਫ਼ਸਲ ਬਣ ਗਿਆ ਹੈ। ਪਿਛਲੇ ਸਾਲ ਇਸ ਦੀ ਕਾਸ਼ਤ 31.45 ਲੱਖ ਹੈਕਟੇਅਰ ਵਿੱਚ ਹੋਈ ਸੀ। ਇਸ ਰਕਬੇ ਵਿੱਚ ਹਰ ਵਾਰ ਵਾਧਾ ਹੀ ਹੋਇਆ ਹੈ। ਇਸ ਦਾ ਮੁੱਖ ਕਾਰਨ ਝੋਨੇ ਦੀ ਬਰਸਾਤ ਦੀ ਮਾਰ ਝੱਲਣ ਦੀ ਸ਼ਕਤੀ ਹੈ; ਦੂਜਾ ਕਾਰਨ ਪਹਿਲਾਂ ਤੋਂ ਮਿੱਥੇ ਮੁੱਲ ਉੱਤੇ ਯਕੀਨੀ ਖ਼ਰੀਦ ਹੈ ਤੇ ਤੀਜਾ ਕਾਰਨ, ਘੱਟ ਸਮਾਂ ਵਿੱਚ ਸਭ ਤੋਂ ਵੱਧ ਝਾੜ ਦੇਣਾ ਹੈ। ਅਸਲ ਵਿੱਚ ਜੇ ਪੰਜਾਬ ਦੇ ਕਿਸਾਨ ਦੇ ਘਰ ਚੁੱਲ੍ਹਾ ਮਘਦਾ ਹੈ ਤਾਂ ਉਸ ਵਿੱਚ ਝੋਨੇ ਦਾ ਸਭ ਤੋਂ ਵੱਧ ਯੋਗਦਾਨ ਹੈ। ਮੰਨਿਆ ਜਾਂਦਾ ਹੈ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਘਾਟ ਦਾ ਕਾਰਨ ਝੋਨਾ ਹੈ। ਉਂਝ, ਮੁਲਕ ਵਿੱਚ ਜਿੱਥੇ ਝੋਨੇ ਦੀ ਖੇਤੀ ਨਹੀਂ ਹੁੰਦੀ, ਪਾਣੀ ਦੀ ਘਾਟ ਉੱਥੇ ਵੀ ਆ ਰਹੀ ਹੈ। ਜੇ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਲੁਆਈ 20 ਜੂਨ ਤੋਂ ਪਿੱਛੋਂ ਕੀਤੀ ਜਾਵੇ ਤਾਂ ਸਗੋਂ ਝੋਨਾ ਪਾਣੀ ਦੀ ਘਾਟ ਪੂਰੀ ਕਰਨ ਵਿੱਚ ਸਹਾਇਤਾ ਕਰਦਾ ਹੈ। ਪਾਣੀ ਦੀ ਬੱਚਤ ਲਈ ਖੋਜ ਕਰਨ ਦੀ ਲੋੜ ਹੈ ਤਾਂ ਜੋ ਬਿਨਾਂ ਕੱਦੂ ਕੀਤਿਆਂ ਝੋਨੇ ਦੀ ਪਨੀਰੀ ਲਗਾਈ ਜਾ ਸਕੇ। ਇਸ ਨਾਲ ਬਰਸਾਤ ਦਾ ਪਾਣੀ ਧਰਤੀ ਹੇਠ ਭੇਜਣ ਵਿੱਚ ਮਦਦ ਮਿਲੇਗੀ। ਕੁਝ ਕਿਸਾਨਾਂ ਨੇ ਵੱਟਾਂ ਉੱਤੇ ਪਨੀਰੀ ਲਾ ਕੇ ਝੋਨੇ ਦੀ ਸਫਲ ਖੇਤੀ ਕੀਤੀ ਹੈ, ਇਸ ਨਾਲ ਪਾਣੀ ਦੀ ਚੋਖੀ ਬੱਚਤ ਹੋਈ ਹੈ। ਫਿਰ ਵੀ ਝੋਨੇ ਹੇਠੋਂ ਕੁਝ ਰਕਬਾ ਕੱਢਣਾ ਜ਼ਰੂਰੀ ਹੈ ਕਿਉਂਕਿ ਉੱਚੀਆਂ ਤੇ ਰੇਤਲੀਆਂ ਥਾਵਾਂ ’ਤੇ ਦੂਜੀਆਂ ਫ਼ਸਲਾਂ ਦੀ ਬਿਜਾਈ ਨਾਲ ਪਾਣੀ ਦੀ ਵੀ ਬੱਚਤ ਹੋਵੇਗੀ ਅਤੇ ਫ਼ਸਲ ਵੰਨ-ਸਵੰਨਤਾ ਨੂੰ ਵੀ ਹੁਲਾਰਾ ਮਿਲੇਗਾ।

ਜੇ ਸਰਕਾਰ ਸੰਜੀਦਗੀ ਨਾਲ ਯਤਨ ਕਰੇ ਤਾਂ ਅਗਲੇ ਚਾਰ ਸਾਲਾਂ ਵਿੱਚ ਝੋਨੇ ਹੇਠੋਂ ਪੰਜ ਲੱਖ ਹੈਕਟੇਅਰ ਰਕਬਾ ਕੱਢਣ ਦਾ ਟੀਚਾ ਮਿਥਿਆ ਜਾ ਸਕਦਾ ਹੈ। ਸਰਕਾਰ ਦੇ ਸਬੰਧਿਤ ਮਹਿਕਮੇ ਆਪਣੇ ਯਤਨਾਂ ਨਾਲ ਇਹ ਟੀਚਾ ਪੂਰਾ ਕਰ ਸਕਦੇ ਹਨ। ਪਿਛਲੇ ਸਾਲ ਨਰਮੇ ਦੀ ਕੀਮਤ ਠੀਕ ਰਹੀ, ਇਸ ਕਰ ਕੇ ਰਕਬੇ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਨਰਮੇ ਦੀ ਬਿਜਾਈ ਅਪਰੈਲ-ਮਈ ਵਿੱਚ ਹੁੰਦੀ ਹੈ। ਇਸ ਲਈ ਰੌਣੀ ਦੀ ਲੋੜ ਪੈਂਦੀ ਹੈ। ਸਰਕਾਰ ਯਕੀਨੀ ਬਣਾਵੇ ਕਿ ਸੂਬੇ ਦੀ ਨਰਮਾ ਪੱਟੀ ਵਿੱਚ ਇਹ ਦੋ ਮਹੀਨੇ ਨਹਿਰੀ ਪਾਣੀ ਬਾਕਾਇਦਗੀ ਨਾਲ ਛੱਡਿਆ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜੇ ਬੇਮੌਸਮੀ ਬਰਸਾਤ ਨਾਲ ਕਿਸੇ ਇਲਾਕੇ ’ਚ ਵੱਧ ਨੁਕਸਾਨ ਹੁੰਦਾ ਹੈ ਤਾਂ ਸਰਕਾਰ ਨਰਮੇ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਦਾ ਬੀਜ ਕਿਸਾਨ ਨੂੰ ਰਿਆਇਤੀ ਕੀਮਤ ਉੱਤੇ ਦੇਵੇ। ਇਹ ਕਾਰਜ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਰਾਹੀਂ ਕੀਤਾ ਜਾ ਸਕਦਾ ਹੈ। ਪਿਛਲੇ ਸਾਲ ਸੂਬੇ ਵਿੱਚ ਨਰਮੇ ਦੀ ਖੇਤੀ ਕਰੀਬ ਢਾਈ ਲੱਖ ਹੈਕਟੇਅਰ ਵਿੱਚ ਕੀਤੀ ਗਈ ਸੀ। ਇਸ ਨੂੰ ਤਿੰਨ ਲੱਖ ਹੈਕਟੇਅਰ ਤੱਕ ਕੀਤਾ ਜਾ ਸਕਦਾ ਹੈ।



ਪਿਛਲਾ ਵਰ੍ਹਾ ਸਾਰੇ ਸੰਸਾਰ ਵਿੱਚ ਮੋਟੇ ਅਨਾਜਾਂ ਦੇ ਵਰ੍ਹੇ ਦੇ ਰੂਪ ਵਿੱਚ ਮਨਾਇਆ ਗਿਆ। ਇਹ ਉਪਰਾਲਾ ਭਾਰਤ ਸਰਕਾਰ ਨੇ ਕੀਤਾ ਸੀ। ਪੰਜਾਬ ਸਰਕਾਰ ਨੂੰ ਵੀ ਇਸ ਪਾਸੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਬਾਜਰੇ ਦੀ ਖੇਤੀ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ। ਜਦੋਂ ਸਿੰਜਾਈ ਸਹੂਲਤਾਂ ਵਿੱਚ ਵਾਧਾ ਨਹੀਂ ਸੀ ਹੋਇਆ, ਉਦੋਂ ਪੰਜਾਬ ਵਿੱਚ ਬਾਜਰਾ ਹੀ ਸਾਉਣੀ ਦੀ ਮੁੱਖ ਫ਼ਸਲ ਹੁੰਦੀ ਸੀ। ਇਹ ਰੇਤ ਦੇ ਟਿੱਬਿਆਂ ਵਿੱਚ ਬਰਾਨੀ ਹੀ ਹੋ ਜਾਂਦਾ ਸੀ। ਮਾਲਵੇ ਦੇ ਰੇਤਲੇ ਟਿੱਬੇ ਅਤੇ ਦੁਆਬੇ ਦੇ ਰੇਤਲੇ ਇਲਾਕਿਆਂ ਵਿੱਚ ਇਸ ਦੀ ਖੇਤੀ ਹੁੰਦੀ ਸੀ। ਮਾਲਵੇ ਵਿੱਚ ਤਾਂ ਬਾਜਰੇ ਦੀ ਹੀ ਰੋਟੀ ਪੱਕਦੀ ਸੀ; ਕਣਕ ਤਾਂ ਕਿਸੇ-ਕਿਸੇ ਨੂੰ ਨਸੀਬ ਹੁੰਦੀ ਸੀ। ਬਾਜਰੇ ਨੂੰ ਮਾਲਵੇ ਦੀ ਆਰਥਿਕਤਾ ਦਾ ਧੁਰਾ ਮੰਨਿਆ ਜਾਂਦਾ ਸੀ। ਇਸੇ ਕਰ ਕੇ ਬਾਜਰੇ ਵਿੱਚ ਹੀ ਖੋਜ ਕਾਰਜ ਸ਼ੁਰੂ ਹੋਇਆ।

ਸੰਸਾਰ ਵਿੱਚ ਬਾਜਰੇ ਦੀ ਪਹਿਲੀ ਦੋਗਲੀ ਕਿਸਮ ਪੀਐੱਚਬੀ-1 ਡਾ. ਦਿਲਬਾਗ ਸਿੰਘ ਅਟਵਾਲ ਨੇ 1965 ਵਿੱਚ ਵਿਕਸਤ ਕੀਤੀ ਸੀ। ਕੁਝ ਸਮੇਂ ਪਿੱਛੋਂ ਇਹ ਬਿਮਾਰੀ ਦਾ ਸ਼ਿਕਾਰ ਹੋ ਗਈ ਤੇ ਡਾ. ਖੇਮ ਸਿੰਘ ਗਿੱਲ ਨੇ ਦੂਜੀ ਕਿਸਮ ਪੀਐੱਚਬੀ-10 ਤਿਆਰ ਕੀਤੀ। ਇਨ੍ਹਾਂ ਦੋਵਾਂ ਖੇਤੀ ਵਿਗਿਆਨੀਆਂ ਨੂੰ ਭਾਰਤ ਸਰਕਾਰ ਨੇ ਪਦਮ ਭੂਸ਼ਨ ਨਾਲ ਨਵਾਜਿਆ ਸੀ। ਪਿੱਛੋਂ ਇਨ੍ਹਾਂ ਦੋਵਾਂ ਨੇ ਹੀ ਕਣਕ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਸਨ। ਸਾਡੇ ਲੋਕ ਗੀਤਾਂ ਵਿੱਚ ਸਭ ਤੋਂ ਵੱਧ ਬਾਜਰੇ ਦੇ ਹੀ ਚਰਚੇ ਹਨ। ਹੁਣ ਬਾਜਰੇ ਦੀ ਖੇਤੀ ਕੇਵਲ ਚਾਰੇ ਲਈ ਹੀ ਕੀਤੀ ਜਾਂਦੀ ਹੈ। ਜੇ ਪ੍ਰਚਾਰ ਕੀਤਾ ਜਾਵੇ ਤਾਂ ਇਸ ਵਾਰ ਬਾਜਰੇ ਦੀ ਖੇਤੀ ਕਰੀਬ 50 ਹਜ਼ਾਰ ਹੈਕਟੇਅਰ ਵਿੱਚ ਕੀਤੀ ਜਾ ਸਕਦੀ ਹੈ। ਨਵੀਂ ਕਿਸਮ ਪੀਸੀਬੀ-166 ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਤੋਂ ਇੱਕ ਏਕੜ ਵਿੱਚੋਂ 16 ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਖੇਤੀਬਾੜੀ ਵਿਭਾਗ ਇਸ ਕਿਸਮ ਦੇ ਬੀਜ ਦਾ ਪ੍ਰਬੰਧ ਕਰੇ ਅਤੇ ਪੰਜਾਬ ਸਰਕਾਰ ਮਿੱਥੇ ਘੱਟੋ-ਘੱਟ ਮੁੱਲ ਉੱਤੇ ਖ਼ਰੀਦ ਯਕੀਨੀ ਬਣਾਵੇ। ਇੰਨੀ ਘੱਟ ਮਿਕਦਾਰ ਦੀ ਖ਼ਰੀਦ ਪੰਜਾਬ ਸਰਕਾਰ ਆਪਣੀ ਹਿੰਮਤ ਨਾਲ ਵੀ ਕਰ ਸਕਦੀ ਹੈ। ਸਰਕਾਰ ਵੱਲੋਂ ਕਣਕ ਦੇ ਬੀਜ ਉੱਤੇ ਦਿੱਤੀ ਜਾ ਰਹੀ ਰਿਆਇਤ ਬਾਜਰੇ ਦੇ ਬੀਜ ਉੱਤੇ ਦੇਣੀ ਚਾਹੀਦੀ ਹੈ।

ਝੋਨੇ ਤੋਂ ਪਹਿਲਾਂ ਬਾਜਰੇ ਦੇ ਨਾਲ ਹੀ ਸੇਂਜੂ ਖੇਤਾਂ ਵਿੱਚ ਸਾਉਣੀ ਦੇ ਮੌਸਮ ਵਿੱਚ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਸੀ। ਮਾਝੇ ਅਤੇ ਦੁਆਬੇ ਦੇ ਲੋਕ ਸਿਆਲ ਦੇ ਦਿਨਾਂ ਵਿੱਚ ਆਮ ਕਰ ਕੇ ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਹੀ ਖਾਂਦੇ ਸਨ। ਮੱਕੀ ਦੀ ਰੋਟੀ ਦੀ ਚੂਰੀ ਵੀ ਕੁੱਟੀਦੀ ਹੈ। ਪਿਛਲੇ ਸਾਲ ਪੰਜਾਬ ਵਿੱਚ ਮੱਕੀ ਦੀ ਖੇਤੀ ਇੱਕ ਲੱਖ ਪੰਜ ਹਜ਼ਾਰ ਹੈਕਟੇਅਰ ਉੱਤੇ ਕੀਤੀ ਗਈ। ਇੰਝ, ਸੂਬੇ ਵਿੱਚ ਕਣਕ, ਝੋਨੇ ਤੇ ਨਰਮੇ ਪਿੱਛੋਂ ਇਹ ਤੀਜੀ ਫ਼ਸਲ ਬਣ ਗਈ ਹੈ। ਪੰਜਾਬ ਵਿੱਚ ਕਾਸ਼ਤ ਲਈ ਪੀਐੱਮਐੱਚ-14, ਪੀਐੱਮਐੱਚ-13 ਅਤੇ ਏਡੀਵੀ-9293 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਤੋਂ 24 ਕੁਇੰਟਲ ਤੋਂ ਵੱਧ ਪ੍ਰਤੀ ਏਕੜ ਝਾੜ ਮਿਲ ਸਕਦਾ ਹੈ ਅਤੇ ਇਹ ਪੱਕਣ ਲਈ 100 ਦਿਨਾਂ ਲੈਂਦੀਆਂ ਹਨ। ਸ਼ਹਿਰਾਂ ਨੇੜੇ ਹਰੀਆਂ ਛੱਲੀਆਂ ਵੀ ਵੇਚੀਆਂ ਜਾ ਸਕਦੀਆਂ ਹਨ, ਟਾਂਡੇ ਡੰਗਰਾਂ ਲਈ ਵਧੀਆ ਚਾਰਾ ਹਨ, ਇਸ ਕਰ ਕੇ ਸਾਂਭ-ਸੰਭਾਲ ਦੀ ਵੀ ਸਮੱਸਿਆ ਨਹੀਂ। ਜੇ ਕਿਸਾਨਾਂ ਨੂੰ ਇਨ੍ਹਾਂ ਕਿਸਮਾਂ ਦਾ ਸ਼ੁਧ ਬੀਜ ਵਾਜਬ ਭਾਅ ’ਤੇ ਮਿਲ ਸਕੇ ਤਾਂ ਮੱਕੀ ਹੇਠ ਰਕਬਾ ਡੇਢ ਲੱਖ ਹੈਕਟੇਅਰ ਹੋ ਸਕਦਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਮੱਕੀ ਆਧਾਰਿਤ ਕਾਰਖਾਨੇ ਲਗਵਾਏ। ਇਸ ਪਾਸੇ ਪੰਜਾਬ ਐਗਰੋ ਯਤਨ ਕਰ ਸਕਦੀ ਹੈ।

ਪਿਛਲੇ ਸਾਲ ਸਰਕਾਰ ਨੇ ਮੂੰਗੀ ਦੀ ਖ਼ਰੀਦ ਸਮਰਥਨ ਮੁੱਲ ਉੱਤੇ ਕੀਤੀ ਸੀ। ਜੇ ਇਸ ਵਾਰ ਵੀ ਅਜਿਹਾ ਹੋਵੇ ਤਾਂ ਮੂੰਗੀ ਹੇਠ ਰਕਬਾ ਵਧ ਸਕਦਾ ਹੈ। ਪਿਛਲੇ ਸਾਲ ਮੂੰਗੀ ਦੀ ਕਾਸ਼ਤ ਕੇਵਲ ਦੋ ਹਜ਼ਾਰ ਹੈਕਟੇਅਰ ਉੱਤੇ ਹੋਈ ਸੀ। ਇਸ ਵਾਰ ਇਹ ਰਕਬਾ ਤਿੰਨ ਹਜ਼ਾਰ ਹੈਕਟੇਅਰ ਕੀਤਾ ਜਾ ਸਕਦਾ ਹੈ। ਐੱਮਐੱਲ-1808 ਅਤੇ ਐੱਮਐੱਲ-2056 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਤੋਂ ਪੰਜ ਕੁਇੰਟਲ ਪ੍ਰਤੀ ਏਕੜ ਤੱਕ ਝਾੜ ਪ੍ਰਾਪਤ ਹੋ ਸਕਦਾ ਹੈ। ਪੰਜਾਬ ਸੰਸਾਰ ਦੇ ਉਨ੍ਹਾਂ ਕੁਝ ਖਿੱਤਿਆਂ ਵਿੱਚੋਂ ਹੈ ਜਿੱਥੇ ਬਾਸਮਤੀ ਦੀ ਸਫਲ ਕਾਸ਼ਤ ਕੀਤੀ ਜਾ ਸਕਦੀ ਹੈ। ਪੰਜਾਬੀ ਮੁੱਢ ਕਦੀਮ ਤੋਂ ਹੀ ਬਾਸਮਤੀ ਦੀ ਕਾਸ਼ਤ ਕਰ ਰਹੇ ਹਨ। ਇਸ ਸਮੇਂ ਪਾਕਿਸਤਾਨੀ ਪੰਜਾਬ ਦੀ ਬਾਸਮਤੀ ਸੰਸਾਰ ਮੰਡੀ ਵਿੱਚ ਪਹਿਲੇ ਨੰਬਰ ’ਤੇ ਹੈ। ਬਾਸਮਤੀ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਇੰਝ ਪਾਣੀ ਦੀ ਵੀ ਬੱਚਤ ਹੋ ਜਾਵੇਗੀ ਕਿਉਂਕਿ ਬਾਸਮਤੀ ਦੀ ਲੁਆਈ ਜੁਲਾਈ ਵਿੱਚ ਕੀਤੀ ਜਾਂਦੀ ਹੈ। ਪਿਛਲੇ ਸਾਲ ਪੰਜਾਬ ਵਿੱਚ 4,06,000 ਹੈਕਟੇਅਰ ਵਿੱਚ ਇਸ ਦੀ ਕਾਸ਼ਤ ਕੀਤੀ ਗਈ। ਪੰਜਾਬ ਸਰਕਾਰ ਨੇ ਇਸ ਵਾਰ ਸਮਰਥਨ ਮੁੱਲ ਦੇਣ ਦਾ ਫ਼ੈਸਲਾ ਕੀਤਾ ਹੈ। ਘੱਟੋ-ਘੱਟ ਪੰਜ ਲੱਖ ਹੈਕਟੇਅਰ ਧਰਤੀ ਵਿੱਚ ਬਾਸਮਤੀ ਦੀ ਕਾਸ਼ਤ ਹੋ ਸਕਦੀ ਹੈ। ਪੰਜਾਬ ਬਾਸਮਤੀ-7 ਪੱਕਣ ਵਿੱਚ 100 ਦਿਨ ਲੈਂਦੀ ਹੈ ਅਤੇ ਇਸ ਦਾ ਝਾੜ ਸਾਰੀਆਂ ਕਿਸਮਾਂ ਨਾਲੋਂ ਵੱਧ 19 ਕੁਇੰਟਲ ਪ੍ਰਤੀ ਏਕੜ ਹੈ। ਇਸ ਵਿੱਚ ਰਵਾਇਤੀ ਕਿਸਮਾਂ ਵਾਲੀ ਸੁਗੰਧ ਵੀ ਹੈ ਅਤੇ ਬਿਮਾਰੀਆਂ ਦਾ ਟਾਕਰਾ ਵੀ ਕਰ ਸਕਦੀ ਹੈ।

ਪੰਜਾਬ ਵਿੱਚ ਸਬਜ਼ੀਆਂ ਹੇਠ ਬਹੁਤ ਘੱਟ ਰਕਬਾ ਹੈ। ਇਨ੍ਹਾਂ ਦੀ ਕਾਸ਼ਤ ਕੇਵਲ ਤਿੰਨ ਲੱਖ ਹੈਕਟੇਅਰ ਵਿੱਚ ਕੀਤੀ ਜਾਂਦੀ ਹੈ। ਇਸ ਵਿੱਚੋਂ ਵੀ ਅੱਧ ਰਕਬਾ ਕੇਵਲ ਆਲੂਆਂ ਅਤੇ ਮਟਰਾਂ ਹੇਠ ਹੈ। ਸੂਬੇ ਵਿੱਚ ਨਵੀਆਂ ਬਾਗ਼ਬਾਨੀ ਐਸਟੇਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇੰਝ ਸਬਜ਼ੀਆਂ ਹੇਠ 50,000 ਹੈਕਟੇਅਰ ਧਰਤੀ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਪਿਆਜ਼ ਹੇਠ ਬਹੁਤ ਘੱਟ ਰਕਬਾ ਹੈ, ਇਸ ਵਿੱਚ ਵਾਧੇ ਦੀ ਲੋੜ ਹੈ। ਪੀਆਰਓ-7 ਅਤੇ ਪੀਵਾਈਓ-102 ਵਧੀਆ ਕਿਸਮਾਂ ਹਨ ਜਿਨ੍ਹਾਂ ਤੋਂ ਏਕੜ ’ਚੋਂ 160 ਕੁਇੰਟਲ ਤੋਂ ਵੱਧ ਝਾੜ ਮਿਲ ਸਕਦਾ ਹੈ।ਇਉਂ ਇਸ ਸਾਉਣੀ ਦੌਰਾਨ ਦੋ ਲੱਖ ਹੈਕਟੇਅਰ ਧਰਤੀ ਝੋਨੇ ਹੇਠੋਂ ਕੱਢ ਸਕਦੇ ਹਾਂ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੀ ਨਹੀਂ ਹੋਵੇਗੀ ਸਗੋਂ ਰਸਾਇਣਾਂ ਦੀ ਵਰਤੋਂ ਵੀ ਘਟੇਗੀ। ਲੋੜ ਕੇਵਲ ਸੰਜੀਦਗੀ ਨਾਲ ਯਤਨ ਕਰਨ ਦੀ ਹੈ।



# ਸਰਬਾਲੇ ਦੇ ਹੱਥ ਗਾਨੇ ਵੀਰਾ...

ਜਸਵਿੰਦਰ ਸਿੰਘ ਰੁਪਾਲ





ਸਰਬਾਲਾ ਬੇਸ਼ੱਕ ਅੱਜ ਵੀ ਹਰ ਬਰਾਤ ਵਿੱਚ ਲਾੜੇ ਦੇ ਨਾਲ ਦੇਖਣ ਨੂੰ ਮਿਲ ਜਾਂਦਾ ਹੈ ਪਰ ਅੱਜ ਇਹ ਇੱਕ ਰਸਮ ਪੂਰੀ ਕਰਨ ਵਾਲਾ ਪਾਤਰ ਹੀ ਬਣ ਕੇ ਰਹਿ ਗਿਆ ਹੈ। ਕੁਝ ਪਿੱਛੇ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲਾੜੇ ਦੇ ਨਾਲ ਸਰਬਾਲੇ ਦੇ ਸਾਥ ਦਾ ਇੱਕ ਖ਼ਾਸ ਮਕਸਦ ਵੀ ਹੁੰਦਾ ਸੀ ਅਤੇ ਉਸ ਦਾ ਮਹੱਤਵ ਵੀ ਕਾਫ਼ੀ ਸੀ।

ਵਿਆਹ ਦੀ ਪ੍ਰਥਾ ਦੇ ਆਰੰਭ ਵੱਲ ਜਾਈਏ ਤਾਂ ਇਹ ਉਹ ਸਮਾਂ ਸੀ ਜਦੋਂ ਮਨੁੱਖ ਕਬੀਲੇ ਦੇ ਰੂਪ ਵਿੱਚ ਰਹਿੰਦਾ ਸੀ। ਆਪਣੀ ਹੋਂਦ ਅਤੇ ਸਰਦਾਰੀ ਬਣਾਈ ਰੱਖਣ ਲਈ ਇਨ੍ਹਾਂ ਕਬੀਲਿਆਂ ਵਿੱਚ ਜੰਗ ਹੁੰਦੀ ਰਹਿੰਦੀ ਸੀ। ਇੱਕ ਕਬੀਲੇ ਨੇ ਦੂਜੇ ਕਬੀਲੇ ’ਤੇ ਹਮਲਾ ਕਰਨਾ। ਜਿੱਤਣ ਵਾਲੀ ਧਿਰ ਜਿੱਥੇ ਹੋਰ ਆਰਥਿਕ ਅਤੇ ਸਮਾਜਿਕ ਪੱਖ ਤੋਂ ਲਾਭਦਾਇਕ ਵਸਤਾਂ ਹਾਰਨ ਵਾਲੀ ਧਿਰ ਤੋਂ ਲੈਂਦੀ ਸੀ, ਉੱਥੇ ਉਹ ਹਾਰੀ ਹੋਈ ਧਿਰ ਦੀਆਂ ਸੋਹਣੀਆਂ ਔਰਤਾਂ ਨੂੰ ਵੀ ਲੈ ਜਾਂਦੀ ਸੀ। ਇੱਕ ਕਬੀਲੇ ਵੱਲੋਂ ਦੂਜੇ ’ਤੇ ਹਮਲਾ ਕਰਨਾ, ਜਿੱਤਣਾ ਅਤੇ ਆਪਣੀ ਚਾਹਤ ਦੀਆਂ ਵਸਤਾਂ ਨੂੰ ਪ੍ਰਾਪਤ ਕਰਨਾ ਹੀ ਹੌਲੀ ਹੌਲੀ ਬਦਲ ਕੇ ਵਿਆਹ ਦੀ ਸੰਸਥਾ ਦੇ ਰੂਪ ਵਿੱਚ ਤਬਦੀਲ ਹੋ ਗਿਆ। ਜਦੋਂ ਤਾਕਤਵਰ ਕਬੀਲੇ ਦੀ ਸਰਦਾਰੀ ਬਿਨਾਂ ਲੜਾਈ ਕੀਤੇ ਮਨਜ਼ੂਰ ਕੀਤੀ ਜਾਣ ਲੱਗੀ ਅਤੇ ਉਸ ਧਿਰ ਦੇ ਸਰਦਾਰ ਨੂੰ ਆਪਣੀ ਇੱਛਾ ਨਾਲ ਹੀ ਕੀਮਤੀ ਵਸਤਾਂ ਅਤੇ ਤੋਹਫ਼ੇ ਆਦਿ ਦੇਣੇ ਸ਼ੁਰੂ ਕਰ ਦਿੱਤੇ। ਇਸੇ ਨੂੰ ਹੋਰ ਅੱਗੇ ਤੋਰਦਿਆਂ ਹਾਰੀ ਹੋਈ ਧਿਰ ਦੀ ਖ਼ੂਬਸੂਰਤ ਲੜਕੀ ਨੂੰ ਜੇਤੂ ਕਬੀਲੇ ਦੇ ਸਰਦਾਰ ਨਾਲ ਵਿਆਹ ਕਰਨ ਦਾ ਰਿਵਾਜ ਸ਼ੁਰੂ ਹੋਇਆ।

ਇਸੇ ਲਈ ਲਾੜੇ ਦੇ ਨਾਲ ਬਰਾਤ ਜਾਂਦੀ ਹੁੰਦੀ ਸੀ। ਲੰਮਾ ਸਮਾਂ ਜੰਗਲੀ ਅਤੇ ਪਥਰੀਲੇ ਰਸਤਿਆਂ ਵਿੱਚੋਂ ਲੰਘ ਕੇ ਜਾਣਾ ਹੁੰਦਾ ਸੀ। ਜੰਗਲੀ ਜਾਨਵਰਾਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਸੀ ਅਤੇ ਕਿਸੇ ਹੋਰ ਕਬੀਲੇ ਨਾਲ ਵੀ ਟਕਰਾਅ ਹੋ ਸਕਦਾ ਸੀ। ਇਸ ਲਈ ਬਰਾਤ ਵਿੱਚ ਸਿਰਫ਼ ਮਰਦ ਹੀ ਜਾਂਦੇ ਹੁੰਦੇ ਸਨ। ਕਬੀਲੇ ਦਾ ਮੁਖੀ ਜਿਸ ਨੂੰ ਅੱਜ ਲਾੜਾ ਕਿਹਾ ਜਾਂਦਾ ਹੈ, ਮੋਢੀ ਹੁੰਦਾ ਸੀ ਅਤੇ ਉਸ ਕੋਲ ਹਥਿਆਰ ਵੀ ਇਸੇ ਮਕਸਦ ਲਈ ਹੁੰਦੇ ਸਨ। ਅੱਜ ਵੀ ਲਾੜਾ ਰਸਮ ਰੂਪ ਵਿੱਚ ਕਿਰਪਾਨ ਨਾਲ ਰੱਖਦਾ ਹੈ। ਹੁਣ ਹਮਲਾ ਕਰਨ ਸਮੇਂ ਲੜਾਈ ਤਾਂ ਹੋਣੀ ਹੀ ਸੀ, ਕੁਦਰਤੀ ਗੱਲ ਸੀ ਕਿ ਦੂਜੀ ਧਿਰ ਨੇ ਵੀ ਆਪਣੇ ਬਚਾਅ ਲਈ ਹਥਿਆਰਾਂ ਨਾਲ ਵਾਰ ਕਰਨੇ ਹੁੰਦੇ ਸਨ। ਕਦੇ ਅਜਿਹਾ ਮੌਕਾ ਵੀ ਬਣਦਾ ਹੋਏਗਾ ਜਦੋਂ ਪਹਿਲਾ ਕਬੀਲਾ, ਦੂਜੇ ’ਤੇ ਜਿੱਤ ਤਾਂ ਪ੍ਰਾਪਤ ਕਰ ਲੈਂਦਾ ਹੋਏਗਾ, ਪਰ ਦੁਵੱਲੀ ਲੜਾਈ ਵਿੱਚ ਆਪਣਾ ਸਰਦਾਰ (ਲਾੜਾ) ਗੁਆ ਦਿੰਦਾ ਹੋਏਗਾ। ਹੁਣ ਸਰਦਾਰ ਦੇ ਮਾਰੇ ਜਾਣ ਤੋਂ ਬਾਅਦ ਬਾਕੀ ਲੁੱਟ ਦਾ ਸਾਮਾਨ ਤਾਂ ਵੰਡਿਆ ਜਾਂਦਾ ਹੋਏਗਾ, ਪਰ ਹਾਰੀ ਹੋਈ ਧਿਰ ਦੀ ਲਿਆਂਦੀ ਲੜਕੀ ਲਈ ਇੱਕ ਹੋਰ ਲਾੜੇ ਦੀ ਲੋੜ ਪੈ ਜਾਂਦੀ ਸੀ। ਕੁਦਰਤੀ ਹੀ ਉਸੇ ਉਮਰ ਦਾ ਕੋਈ ਗੱਭਰੂ ਜੋ ਆਮ ਕਰਕੇ ਇਸ ਸਰਦਾਰ ਦਾ ਭਰਾ ਹੁੰਦਾ ਸੀ, ਇਹ ਕਾਰਜ ਕਰਦਾ ਸੀ। ਹੌਲੀ ਹੌਲੀ ਇਹ ਪਹਿਲਾਂ ਹੀ ਨਿਸ਼ਚਿਤ ਕੀਤਾ ਜਾਣ ਲੱਗਿਆ ਕਿ ਸਰਦਾਰ ਦੇ ਮਰਨ ਦੀ ਹਾਲਤ ਵਿੱਚ ਉਸ ਦਾ ਛੋਟਾ ਸਕਾ ਜਾਂ ਚਚੇਰੇ ਭਰਾ ਨੂੰ ਇਸ ਲਈ ਸਮਾਜਿਕ ਅਤੇ ਮਾਨਸਿਕ ਰੂਪ ਵਿੱਚ ਤਿਆਰ ਕਰਕੇ ਨਾਲ ਲਿਜਾਣ ਲੱਗੇ ਅਤੇ ਉਹ ਸਰਬਾਲਾ ਅਖਵਾਇਆ।

ਕਬੀਲੇ ਵਾਲੀ ਗੱਲ ਖ਼ਤਮ ਹੋਣ ’ਤੇ ਵੀ ਵਿਆਹ ਨੂੰ ਤਾਂ ਸਮਾਜਿਕ ਪ੍ਰਵਾਨਗੀ ਮਿਲ ਹੀ ਚੁੱਕੀ ਸੀ। ਉਦੋਂ ਹਮਲੇ ਕਰਨ ਵਾਲੀ ਪ੍ਰਥਾ ਖ਼ਤਮ ਹੋ ਗਈ ਸੀ ਪਰ ਉਨ੍ਹਾਂ ਸਮਿਆਂ ਵਿੱਚ ਬਰਾਤ ਗੱਡਿਆਂ, ਘੋੜਿਆਂ ਆਦਿ ’ਤੇ ਜਾਂਦੀ ਸੀ। ਰਸਤੇ ਵਿੱਚ ਜੇ ਕਿਸੇ ਕਾਰਨ ਵਸ ਲਾੜਾ ਚੜ੍ਹਾਈ ਕਰ ਜਾਂਦਾ ਤਾਂ ਫਿਰ ਲੜਕੀ ਨੂੰ ਲਾੜੇ ਦੇ ਨਾਲ ਆਏ ਸਰਬਾਲੇ ਦੇ ਲੜ ਲਾ ਦਿੱਤਾ ਜਾਂਦਾ ਸੀ। ਇਸੇ ਲਈ ਹੀ ਇਹ ਸਰਬਾਲਾ ਆਮ ਕਰਕੇ ਲਾੜੇ ਦਾ ਸਕਾ ਭਰਾ ਜਾਂ ਉਸ ਦੇ ਚਾਚੇ, ਤਾਏ, ਭੂਆ, ਮਾਮੇ ਦਾ ਲੜਕਾ ਹੁੰਦਾ ਸੀ। ਇੱਥੋਂ ਹੀ ਦਿਓਰ-ਭਰਜਾਈ ਦੇ ਮਜ਼ਾਕ ਦਾ ਮੁੱਢ ਬੱਝਦਾ ਹੈ। ਦੇਵਰ ਦਾ ਅਰਥ ਹੈ ਦੂਜਾ ਵਰ। ਸੋ ਇਹ ਸਮੇਂ ਦੀ ਲੋੜ ਅਨੁਸਾਰ ਸਮਾਜ ਵਿੱਚ ਦੋ ਪਰਿਵਾਰਾਂ ਨੂੰ ਜੋੜੀ ਰੱਖਣ ਦੀ ਪੁਰਾਣੇ ਸਿਆਣਿਆਂ ਦੀ ਖੋਜੀ ਹੋਈ ਤਰਕੀਬ ਸੀ। ਜਿਹੜੀ ਅੱਜ ਸਿਰਫ਼ ਇੱਕ ਰਸਮ ਬਣ ਕੇ ਰਹਿ ਗਈ ਹੈ।

ਭਾਵੇਂ ਅਗਲੇ ਦੌਰ ਵਿੱਚ ਇਸ ਦੀ ਇੰਝ ਵੀ ਵਿਆਖਿਆ ਕੀਤੀ ਜਾਂਦੀ ਹੈ ਕਿ ਲਾੜੇ ਤੋਂ ਬਾਅਦ ਸਰਬਾਲਾ ਬਣੇ ਲੜਕੇ ਦੀ ਵਿਆਹ ਦੀ ਵਾਰੀ ਹੈ ਅਤੇ ਵਿਆਹੀ ਜਾਣ ਵਾਲੀ ਲੜਕੀ ਦੀ ਭੈਣ ਨੂੰ ਸਰਬਾਲੇ ਨਾਲ ਵਿਆਹਿਆ ਜਾ ਸਕਦਾ ਹੈ। ਇਹ ਕਬੀਲਾ ਦੌਰ ਤੋਂ ਬਾਅਦ ਸੰਯੁਕਤ ਪਰਿਵਾਰਾਂ ਦੇ ਸਮੇਂ ਦੀ ਧਾਰਨਾ ਹੈ ਜਿੱਥੇ ਵੱਧ ਤੋਂ ਵੱਧ ਵਰਤਣ ਦੀ ਸਾਂਝ ਰੱਖਣ ਨੂੰ ਚੰਗਾ ਸਮਝਿਆ ਜਾਂਦਾ ਸੀ। ਅਜੋਕੇ ਸਮੇਂ ਇਹ ਸਿਰਫ਼ ਰਸਮ ਪੂਰਤੀ ਹੀ ਹੈ। ਜੇ ਲਾੜੇ ਦੇ ਸਿਹਰਾ ਲੱਗਿਆ ਹੈ ਤਾਂ ਸਰਬਾਲੇ ਦੇ ਕਲਗੀ ਲਗਾ ਦਿੱਤੀ ਜਾਂਦੀ ਹੈ। ਜੇ ਲਾੜੇ ਦੇ ਹੱਥ ਵਿੱਚ ਕਿਰਪਾਨ ਫੜੀ ਹੋਈ ਹੈ ਤਾਂ ਸਰਬਾਲੇ ਨੂੰ ਹਾਕੀ ਦੇ ਦਿੱਤੀ ਜਾਂਦੀ ਹੈ। ਲਾੜੇ ਅਤੇ ਸਰਬਾਲੇ ਦੇ ਇੱਕੋ ਜਿਹੇ ਕੱਪੜੇ ਅਤੇ ਦਸਤਾਰ ਵਿਆਹ ਦੀ ਸ਼ਾਨ ਵਧਾ ਦਿੰਦੀ ਹੈ। ਜਦੋਂ ਬਰਾਤ ਰਵਾਨਾ ਹੋਣ ਸਮੇਂ ਲਾੜੇ ਨੂੰ ਸ਼ਗਨ ਪਾਏ ਜਾਂਦੇ ਹਨ ਤਾਂ ਸਰਬਾਲੇ ਨੂੰ ਵੀ ਸ਼ਗਨ ਪਾਏ ਜਾਂਦੇ ਹਨ। ਅੱਜਕੱਲ੍ਹ ਕਦੇ ਕਦੇ ਛੋਟੇ ਛੋਟੇ ਬੱਚੇ ਵੀ ਸਰਬਾਲਾ ਬਣੇ ਨਜ਼ਰ ਆਉਂਦੇ ਹਨ। ਉਸ ਦਾ ਮਕਸਦ ਸ਼ਗਨ ਇੱਕਠਾ ਕਰਨਾ ਹੀ ਲੱਗਦਾ ਹੈ ਕਿਉਂਕਿ ਇਸ ਬੱਚੇ ’ਤੇ ਉੱਪਰਲੇ ਦੋਵੇਂ ਸਿਧਾਂਤ ਫਿੱਟ ਨਹੀਂ ਬੈਠਦੇ। ਹੁਣ ਘੋੜੀ ਦੀ ਥਾਂ ਕਾਰ ਨੇ ਲੈ ਲਈ ਹੈ ਪਰ ਅਜੇ ਸ਼ਹਿਰਾਂ ਵਿੱਚ ਘੋੜੀ ਕਿਰਾਏ ’ਤੇ ਕੀਤੇ ਜਾਣ ਦੀ ਰਸਮ ਕਾਇਮ ਹੈ। ਜੇ ਘੋੜੀ ਕੀਤੀ ਗਈ ਹੋਵੇ ਤਾਂ ਉਸ ’ਤੇ ਬੈਠਣ ਦਾ ਅਧਿਕਾਰੀ ਸਿਰਫ਼ ਲਾੜਾ ਹੀ ਹੁੰਦਾ ਹੈ। ਸਰਬਾਲਾ ਉਸ ਦੇ ਨੇੜੇ ਰਹਿ ਕੇ ਆਪਣੀ ਹੋਂਦ ਜਤਾਉਂਦਾ ਰਹਿੰਦਾ ਹੈ ਪਰ ਵਾਪਸੀ ਵੇਲੇ ਤੱਕ ਸਰਬਾਲਾ ਆਪਣਾ ਰੋਹਬ ਦਾਬ ਅਤੇ ਖ਼ਾਸ ਖਿਤਾਬ ਖੋ ਚੁੱਕਿਆ ਹੁੰਦਾ ਹੈ। ਹੁਣ ਉਹ ਬਾਕੀ ਬਰਾਤ ਦਾ ਇੱਕ ਅੰਗ ਬਣ ਜਾਂਦਾ ਹੈ ਅਤੇ ਉਸ ਦੀ ਥਾਂ ਨਜ਼ਰਾਂ ਲਾੜੇ ਦੇ ਨਾਲ ਆ ਰਹੀ ਲਾੜੀ ’ਤੇ ਕੇਂਦਰਿਤ ਹੋ ਜਾਂਦੀਆਂ ਹਨ।

ਪੰਜਾਬੀ ਲੋਕਧਾਰਾ ਦੀਆਂ ਸਾਡੀਆਂ ਬੋਲੀਆਂ ਨੇ ਸਰਬਾਲੇ ਨੂੰ ਬੜੇ ਵਧੀਆ ਢੰਗ ਨਾਲ ਸੰਭਾਲਿਆ ਹੋਇਆ ਹੈ। ਇਹ ਬੋਲੀਆਂ ਅੱਜ ਵੀ ਬਰਾਤ ਚੜ੍ਹਨ ਸਮੇਂ ਸੁਣੀਆਂ ਜਾ ਸਕਦੀਆਂ ਹਨ। ਇਹ ਬੋਲੀਆਂ ਜ਼ਿਆਦਾ ਕਰਕੇ ਲਾੜੇ ਦੀਆਂ ਭੈਣਾਂ ਵੱਲੋਂ ਗਾਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਲਾੜੇ ਦੀ, ਸਰਬਾਲੇ ਦੀ, ਉਨ੍ਹਾਂ ਦੇ ਸਰੀਰਕ ਰੂਪ ਰੰਗ ਦੀ ਅਤੇ ਹੱਥ ਫੜੀਆਂ ਵਸਤਾਂ ਦੀ ਪ੍ਰਸੰਸਾ ਕੀਤੀ ਗਈ ਹੁੰਦੀ ਹੈ;

* ਸਰਬਾਲੇ ਦੇ ਹੱਥ ਵਿੱਚ ਗੰਨਾ ਵੀਰਾ
ਵੇ ਤੂੰ ਛੈਲ ਸਿਪਾਹੀ ਲੰਮਾ ਵੀਰਾ।
ਸਰਬਾਲੇ ਦੇ ਹੱਥ ਵਿੱਚ ਪੌਂਚੀ ਵੀਰਾ
ਵੇ ਤੂੰ ਛੈਲ ਸਿਪਾਹੀ ਸ਼ੌਂਕੀ ਵੀਰਾ।
ਸਰਬਾਲੇ ਦੇ ਹੱਥ ਵਿੱਚ ਦੋਹਣਾ ਵੀਰਾ
ਵੇ ਤੂੰ ਛੈਲ ਸਿਪਾਹੀ ਸੋਹਣਾ ਵੀਰਾ।

* ਸਰਬਾਲੇ ਦੇ ਹੱਥ ਗਾਨੇ ਵੀਰਾ
ਤੇਰੀ ਜੰਝ ਚੜ੍ਹਨ ਤੇਰੇ ਮਾਮੇ ਵੀਰਾ।
ਸਰਬਾਲੇ ਦੇ ਸਿਰ ਚੀਰੇ ਵੀਰਾ
ਤੇਰੀ ਜੰਝ ਚੜ੍ਹਨ ਤੇਰੇ ਵੀਰੇ ਵੀਰਾ।




# ਸ਼ਹੀਦ ਭਾਈ ਤਾਰੂ ਸਿੰਘ ਜੀ


ਡਾ.ਚਰਨਜੀਤ ਸਿੰਘ ਗੁਮਟਾਲਾ
9417533060

ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ 'ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰਿ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਆਯਾਸ਼ੀ ਵਿੱਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿੱਚ ਢਿੱਲ ਆ ਗਈ। ਇਸ ਨਾਲ ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿੱਚ ਆ ਗਏ ਤੇ ਵਾਹੀ ਵਗੈਰਾ ਕੰਮ ਵਿੱਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿੱਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ।

ਜ਼ਕਰੀਆ ਖਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿੱਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸ਼ਖ਼ਸ਼ੀਅਤਾਂ ਵਿੱਚ ਪੂਹਲਾ ਪਿੰਡ, ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿੱਚ ਹੁੰਦਾ ਸੀ ਤੇ ਹੁਣ ਇਹ ਪਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਹੈ, ਦੇ ਭਾਈ ਤਾਰੂ ਸਿੰਘ ਰਹਿੰਦੇ ਸਨ, ਜੋ ਕਿ ਛੋਟੇ ਜ਼ਿਮੀਦਾਰ ਸਨ। ਉਹ ਬਚਪਨ ਵਿੱਚ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।

ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭਿੰਨ ਭਾਵ ਦੇ ਸਭ ਲਈ ਖੁੱਲ੍ਹੇ ਸਨ। ਪਿੰਡ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿੱਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਇਸ ਪਿੰਡ ਵਿੱਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿੱਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।



1740 ਈ. ਵਿੱਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਕਤਲ ਹੋਇਆ। ਇਸ ਸਮੇਂ ਮੁਖ਼ਬਰਾਂ ਨੇ ਸਿੱਖਾਂ ਨੂੰ ਫੜਾਉਣ ਵਿੱਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ। ਸਰਕਾਰ ਦੇ ਵਫ਼ਾਦਾਰਾਂ ਵਿੱਚ ਜੰਡਿਆਲਾ ਗੁਰੂ ਦਾ ਮੁਖਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਕਿ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਇਸ ਨੇ ਜ਼ਕਰੀਆ ਖਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ। ਇਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ। ਸਿੰਘ ਬਾਹਰ ਇਸ ਦੇ ਖੇਤਾਂ ਵਿੱਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਤਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਂਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜ੍ਹਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ।

ਬਸ ਫੇਰ ਕੀ ਸੀ ਪੁਲਿਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ।

ਭਾਈ ਤਾਰੂ ਸਿੰਘ ਨੂੰ ਜ਼ਲਾਦਾਂ ਪਾਸੋਂ ਪਹਿਲਾਂ ਚਰਖੀ ਚੜ੍ਹਾਇਆ ਗਿਆ। ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ। ਕਚਹਿਰੀ ਦੇ ਦੁਆਲੇ ਡੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿੱਚ ਸੁਟਿਆ ਗਿਆ।

ਸਾਰੇ ਸ਼ਹਿਰ ਵਿੱਚ ਤੇ ਪਿੰਡਾਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿੱਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਵਿੱਚ ਰਹਿੰਦੇ ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇੱਕ ਧਰਮਸ਼ਾਲਾ ਵਿੱਚ ਲੈ ਗਏ। ਜ਼ਕਰੀਆ ਖਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ਼ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾਂ ਸਾਰੇ ਸਿਰ, ਜੋ ਕਿ ਇੱਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਕਾਇਮ ਹੋਣ ਲੱਗੇ।

ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖਾਨ ਨੂੰ ਪੇਸ਼ਾਬ ਦਾ ਬੰਨ ਪੈ ਗਿਆ। ਉਸ ਨੂੰ ਬੜੀ ਤਕਲੀਫ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫਕੀਰ ਬੁਲਾਏ ਗਏ। ਤਵੀਤ ਬਣਾ ਕੇ ਗੱਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵੱਧਦੀ ਜਾਵੇ। ਉਸ ਦੀਆਂ ਹਾਏ ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਇੱਕ ਪ੍ਰਸਿੱਧ ਸਿੱਖ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ਼ ਕਰ ਰਹੇ ਸਨ।

ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖ਼ਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ, ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿੱਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਕਿ ਪਿਸ਼ਾਬ ਦਾ ਬੰਨ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁਤੀਆਂ ਖੜ੍ਹ ਕੇ ਸੂਬੇ ਦੇ ਸਿਰ ਵਿੱਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁਤੀ ਖੜ੍ਹਕੇ ਜ਼ਕਰੀਆ ਖਾਨ ਦੇ ਸਿਰ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ ਟੁੱਟ ਗਿਆ। ਸਭ ਪਾਸੇ ਖ਼ੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ।

ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ ਲੱਗਦਾ ਤਾਂ ਜੁਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿੱਚ। ਏਸ ਤਰਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ। ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਜ਼ਾਰ ਵਿੱਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ ਜੋ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ।

# ਖ਼ਾਲਸਾ ਰਾਜ ਦੀ ਜੰਗ-ਏ-ਆਜ਼ਾਦੀ ਦੇ ਪਹਿਲੇ ਸ਼ਹੀਦ ਭਾਈ ਮਹਾਰਾਜ ਸਿੰਘ ਨੌਰੰਗਾਬਾਦ


ਪ੍ਰੋ. ਨਿਰਮਲ ਸਿੰਘ ਰੰਧਾਵਾ

ਦੇਸ਼ ਪੰਜਾਬ 'ਤੇ ਲਗਪਗ 50 ਸਾਲ ਰਾਜ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839 ਈ:) ਤੋਂ ਬਾਅਦ ਡੋਗਰਿਆਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਸ਼ੇਰ-ਏ-ਪੰਜਾਬ ਦੇ ਸਿੱਖ ਸਰਦਾਰਾਂ ਵਿੱਚ ਭਰਾ ਮਾਰੂ ਜੰਗ ਕਰਵਾ ਕੇ ਪੰਜਾਬ ਦੇ ਰਾਜਭਾਗ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਦੁਖੀ ਹੋਏ ਦੋ ਪੁੱਤਰ ਕੰਵਰ ਕਸ਼ਮੀਰਾ ਸਿੰਘ, ਕੰਵਰ ਪਸ਼ੌਰਾ ਸਿੰਘ ਅਤੇ ਹੋਰ ਮੁਖੀ ਸਰਦਾਰ ਤੇ ਸਰਦਾਰਾਂ ਦੇ ਪੁੱਤਰ ਬਾਬਾ ਬੀਰ ਸਿੰਘ ਨੌਰੰਗਾਬਾਦ ਦੀ ਸ਼ਰਨ 'ਚ ਡੇਰਾ ਮੁੱਠਿਆਂਵਾਲੀ ਨੇੜੇ ਹਰੀਕੇ ਪੱਤਣ ਆ ਗਏ ਸਨ। ਬਾਬਾ ਜੀ ਵੱਲੋਂ ਸ਼ਰਨ ਆਇਆਂ ਨੂੰ ਗੱਦਾਰਾਂ ਦੇ ਹਵਾਲੇ ਨਾ ਕਰਨ 'ਤੇ ਗੱਦਾਰਾਂ ਵੱਲੋਂ ਬਹੁਤ ਵੱਡੀ ਫੌਜ ਤੇ ਤੋਪਾਂ ਨਾਲ ਮੁੱਠਿਆਂਵਾਲੀ ਡੇਰੇ 'ਤੇ ਹਮਲਾ ਕਰ ਦਿੱਤਾ ਗਿਆ ਪਰ ਬਾਬਾ ਜੀ ਨੇ ਆਪਣੀਆਂ ਫੌਜਾਂ ਨੂੰ ਸ਼ਾਂਤਮਈ ਰਹਿਣ ਦਾ ਹੁਕਮ ਕੀਤਾ ਹੋਣ ਕਰਕੇ ਵੱਡੀ ਗਿਣਤੀ 'ਚ ਫੌਜਾਂ ਤੇ ਸੰਗਤ ਨੇ ਸਿਮਰਨ ਕਰਦਿਆਂ ਸ਼ਾਤਮਈ ਸ਼ਹੀਦੀਆਂ ਪਾ ਦਿੱਤੀਆਂ। ਇਸ ਹਮਲੇ ਦੌਰਾਨ ਬਾਬਾ ਜੀ ਦੇ ਪੱਟ 'ਤੇ ਵੀ ਤੋਪ ਦਾ ਗੋਲਾ ਵੱਜਾ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆ ਜਾਣ ਕਰਕੇ ਲੰਗਰ ਦੀ ਸੇਵਾ ਕਮਾ ਰਹੇ ਭਾਈ ਮਹਾਰਾਜ ਸਿੰਘ ਜੀ ਨੂੰ ਕੋਲ ਸੱਦ ਕੇ ਨੌਰੰਗਾਬਾਦ ਡੇਰੇ ਦੀ ਸਾਰੀ ਮਰਿਆਦਾ ਸਮਝਾਉਂਦੇ ਹੋਏ ਸੰਪਰਦਾ ਦੀ ਬਖ਼ਸ਼ਿਸ਼ ਭੇਟ ਕਰ ਕੇ 7 ਮਈ 1844 ਈ: ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ। ਇਸੇ ਦਿਨ ਹੀ ਬਾਬਾ ਬੀਰ ਸਿੰਘ ਨੌਰੰਗਾਬਾਦ ਜੀ ਆਪਣੇ ਸਰੀਰ ਨੂੰ ਤਿਆਗ ਗਏ।

ਜਦੋਂ ਅੰਗਰੇਜ਼ਾਂ ਨੇ ਪੰਜਾਬ ਵਿੱਚ ਸਿੱਧਾ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਤਾਂ ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਬਾਲਕ ਕੰਵਰ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਅਤੇ ਮਹਾਰਾਣੀ ਜਿੰਦਾਂ ਨੂੰ ਕੈਦ 'ਚੋਂ ਛੁਡਵਾਉਣ ਲਈ ਜਲੰਧਰ ਨੇੜੇ ਆਦਮਪੁਰ ਵਿੱਚ ਖੇਤਾਂ ਦੀਆਂ ਝਾੜੀਆਂ 'ਚ ਸਾਥੀਆਂ ਨਾਲ ਹਥਿਆਰ ਲੁੱਟਣ ਦੀ ਵਿਉਂਤ ਬਣਾ ਰਹੇ ਭਾਈ ਮਹਾਰਾਜ ਸਿੰਘ ਤੇ 21 ਹੋਰ ਸਾਥੀਆਂ ਨੂੰ ਗੱਦਾਰਾਂ ਨੇ ਸੂਹ ਦੇ ਕੇ ਗ੍ਰਿਫਤਾਰ ਕਰਵਾ ਦਿੱਤਾ। ਕੁੱਝ ਸਮਾਂ ਬਾਅਦ ਭਾਈ ਮਹਾਰਾਜ ਸਿੰਘ ਨੂੰ ਇੱਕ ਨਿੱਜੀ ਸੇਵਕ ਬਾਬਾ ਖੜਕ ਸਿੰਘ ਨਾਲ ਪਹਿਲਾਂ ਕਲਕੱਤੇ ਜੇਲ੍ਹ 'ਚ ਰੱਖਣ ਤੋਂ ਬਾਅਦ ਦੇਸ਼ ਤੋਂ ਜਲਾਵਤਨ ਕਰ ਕੇ 9 ਜੁਲਾਈ 1850 ਈ: ਨੂੰ 'ਮੁਹੰਮਦ ਸ਼ਾਹ' ਨਾਮੀ ਸਮੁੰਦਰੀ ਜਹਾਜ਼ ਰਾਹੀਂ ਵਿਦੇਸ਼ ਦੀ ਧਰਤੀ ਸਿੰਗਾਪੁਰ ਲਿਜਾਇਆ ਗਿਆ, ਜਿੱਥੇ ਅੰਗਰੇਜ਼ਾਂ ਦਾ ਰਾਜ ਸੀ। ਭਾਈ ਮਹਾਰਾਜ ਸਿੰਘ ਨੂੰ ਅੰਗਰੇਜ਼ੀ ਸਰਕਾਰ ਵੱਲੋਂ ਸਿੰਗਾਪੁਰ ਦੀ ਖ਼ਤਰਨਾਕ ਔਟਰਮ ਜੇਲ੍ਹ ਦੀ ਕਾਲ ਕੋਠੜੀ ਵਿੱਚ ਬੰਦੀ ਬਣਾ ਲਿਆ ਗਿਆ। ਉਨ੍ਹਾਂ ਦੀ ਨਿਗਰਾਨੀ ਅਤੇ ਸੇਵਾ ਵਿੱਚ ਸਰਕਾਰੀ ਅਧਿਕਾਰੀਆਂ ਤੋਂ ਇਲਾਵਾ ਉਨ੍ਹਾਂ ਦੇ ਨਾਲ ਆਏ ਨਿੱਜੀ ਸੇਵਕ ਬਾਬਾ ਖੜਕ ਸਿੰਘ ਨੂੰ ਵੀ ਲਾਇਆ ਗਿਆ। ਬਰਤਾਨਵੀ ਸਰਕਾਰ ਨੇ ਭਾਈ ਮਹਾਰਾਜ ਸਿੰਘ ਨੂੰ ਭਾਰਤ ਦੀ ਆਜ਼ਾਦੀ ਦਾ ਰਾਹ ਛੱਡ ਦੇਣ ਲਈ ਕਈ ਤਰ੍ਹਾਂ ਦੇ ਲਾਲਚ ਦੇ ਕੇ ਮਨਾਉਣ ਦੀ ਕਸ਼ਿਸ਼ ਕੀਤੀ ਪਰ ਗੁਰੂ ਗੋਬਿੰਦ ਸਿੰਘ ਦੇ ਲਾਡਲੇ ਸੰਤ ਸਿਪਾਹੀ ਨੇ ਦੇਸ਼ ਨਾਲ ਗ਼ੱਦਾਰੀ ਕਰਨ ਵਾਲਾ ਰਾਹ ਨਾ ਚੁਣਿਆ ਅਤੇ ਅੰਗਰੇਜ਼ੀ ਸਰਕਾਰ ਨੂੰ ਨਿਡਰਤਾ ਨਾਲ ਬਚਨ ਕੀਤੇ ਕਿ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਦੀ ਧਰਤੀ ਤੋਂ ਬਾਹਰ ਕੱਢਣ ਦੀ ਕਸਮ ਖਾਧੀ ਹੋਈ ਹੈ। ਭਾਈ ਮਹਾਰਾਜ ਸਿੰਘ ਨੂੰ ਜੇਲ੍ਹ ਦੀ ਕਾਲ ਕੋਠੜੀ ਵਿੱਚ ਬਹੁਤ ਤਸੀਹੇ ਦਿੱਤੇ ਗਏ। ਖਾਣੇ ਵਿਚ ਕੱਚ ਪੀਹ ਕੇ ਪਾ ਦੇਣਾ, ਬਿਨਾਂ ਹਵਾ ਅਤੇ ਚਾਨਣ ਵਾਲੇ ਛੋਟੇ ਜਿਹੇ ਕਮਰੇ ਵਿਚੋਂ ਰੱਖਣਾ, ਕਿਸੇ ਨੂੰ ਮਿਲਣ ਨਾ ਦੇਣਾ, ਨਿੱਜੀ ਸੇਵਕ ਬਾਬਾ ਖੜਕ ਸਿੰਘ ਨੂੰ ਵੱਖ ਕਰ ਦੇਣਾ ਆਦਿ ਵਰਗੇ ਤਸੀਹੇ ਵੀ ਆਜ਼ਾਦੀ ਦੇ ਪਰਵਾਨੇ ਨੂੰ ਡੁਲਾ ਨਾ ਸਕੇ। ਜੇਲ੍ਹ ਵਿੱਚ ਹੀ ਉਨ੍ਹਾਂ ਦੀਆਂ ਅੱਖਾਂ ਦੀ ਜੋਤ ਜਾਂਦੀ ਰਹੀ। ਉਹ ਕੈਂਸਰ ਦੀ ਭਿਆਨਕ ਬਿਮਾਰੀ ਲੱਗ ਜਾਣ 'ਤੇ ਵੀ ਚੜ੍ਹਦੀ ਕਲਾ ਵਿੱਚ ਰਹਿ ਕੇ ਗੁਰਬਾਣੀ ਦਾ ਪਾਠ ਅਤੇ ਲਗਾਤਾਰ ਸਿਮਰਨ ਕਰ ਕੇ ਗੁਰੂ ਜੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ। ਲਗਾਤਾਰ 6 ਸਾਲ ਦਾ ਦੁੱਖਾਂ ਭਰਿਆ ਸਮਾਂ ਜੇਲ੍ਹ ਦੀ ਕਾਲ ਕੋਠੜੀ ਵਿੱਚ ਬਤੀਤ ਕਰਦੇ ਹੋਏ ਅੰਤ 5 ਜੁਲਾਈ 1856 ਈ. ਨੂੰ ਉਹ ਹਕੂਮਤ ਦੀਆਂ ਚਾਲਾਂ ਨੂੰ ਠੁਕਰਾ ਕੇ ਜੇਲ੍ਹ ਵਿੱਚ ਸ਼ਹੀਦੀ ਪਾ ਗਏ। ਭਾਈ ਮਹਾਰਾਜ ਸਿੰਘ ਨੂੰ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਪਹਿਲੇ ਜਲਾਵਤਨੀ ਸ਼ਹੀਦ ਹੋਣ ਦਾ ਮਾਣ ਹਾਸਲ ਹੈ। ਸ਼ਹੀਦੀ ਪਾਉਣ ਵਾਲੇ ਦਿਨ ਤੱਕ ਉਨ੍ਹਾਂ ਦੀ ਉਮਰ 76 ਸਾਲ 5 ਮਹੀਨੇ 22 ਦਿਨ ਸੀ।



ਭਾਈ ਮਹਾਰਾਜ ਸਿੰਘ ਦੀ ਸ਼ਹੀਦੀ ਨੂੰ ਯਾਦ ਰੱਖਣ ਲਈ ਸਿੰਗਾਪੁਰ ਦੇ ਸਿੱਖਾਂ ਨੇ ਸਿਲਟ ਰੋਡ 'ਤੇ ਉਨ੍ਹਾਂ ਦੀ ਯਾਦ ਵਿੱਚ ਅਲੀਸ਼ਾਨ ਗੁਰਦੁਆਰਾ ਬਣਾਇਆ ਹੋਇਆ ਹੈ। ਜ਼ਿਕਰਯੋਗ ਹੈ ਕਿ ਭਾਈ ਮਹਾਰਾਜ ਸਿੰਘ ਦਾ ਜਨਮ 13 ਜਨਵਰੀ 1780 ਈ: ਨੂੰ ਲੁਧਿਆਣਾ (ਪੰਜਾਬ) ਜ਼ਿਲ੍ਹੇ ਦੇ ਪਿੰਡ ਉੱਚੀ ਰੱਬੋਂ(ਮਲੌਦ) ਵਿੱਚ ਮਾਤਾ ਦਇਆ ਕੌਰ ਤੇ ਪਿਤਾ ਸਰਦਾਰ ਕੇਸਰ ਸਿੰਘ ਦੇ ਘਰ ਹੋਇਆ ਸੀ। ਬਾਬਾ ਬੀਰ ਸਿੰਘ ਨੌਰੰਗਾਬਾਦ (ਤਰਨ ਤਾਰਨ) ਦੀ ਸੰਗਤ 'ਚ ਆ ਕੇ ਉਹ ਲੰਗਰ ਵਰਤਾਉਂਦਿਆਂ ਹਰ ਸੰਗਤ ਨੂੰ 'ਲਓ ਪ੍ਰਸ਼ਾਦਾ ਮਹਾਰਾਜ ਜੀ', 'ਲਓ ਜਲ ਮਹਾਰਾਜ ਜੀ' ਕਹਿੰਦੇ ਸਨ। ਇਸੇ ਕਰਕੇ ਉਨ੍ਹਾਂ ਦਾ ਨਾਮ 'ਭਾਈ ਮਹਾਰਾਜ' ਪੱਕ ਗਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਪੰਜਾਬੀ ਸੂਬਾ ਮੋਰਚਾ 1955

ਆਜ਼ਾਦ ਹਿੰਦੁਸਤਾਨ ਦੀ ਰਾਜਨੀਤੀ ਵਿੱਚ 'ਪੰਜਾਬੀ ਸੂਬਾ' ਦੀ ਮੰਗ ਦਾ ਰਾਹ ਬੜਾ ਸੰਘਰਸ਼ਸ਼ੀਲ ਹੈ। 'ਸਾਕਾ ਗੁਰੂ ਕਾ ਬਾਗ' ਸਿੱਖਾਂ ਦਾ ਇੱਕ ਲੰਬਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੁਸਤਾਨ ਨਾਲ ਜੁੜਨ ਦਾ ਫੈਸਲਾ ਆਪ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਆਣ ਵਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ ਪੈਪਸੂ ਵਿੱਚ ਪੰਜਾਬੀਆਂ ਦੀ ਵੱਡੀ ਵਸੋਂ ਸੀ। ਖੇਤੀ ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿੱਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿੱਚ ਵਿਤਕਰਾ ਕੀਤਾ। ਸਿੱਖਾਂ ਨੂੰ ਹਿੰਦੁਸਤਾਨ ਨਾਲ ਜੁੜਨ 'ਤੇ ਪਛਤਾਵਾ ਹੋਣ ਲੱਗਾ। ਉਹਨਾਂ ਪੰਜਾਬੀ ਸੂਬੇ ਦੀ ਮੰਗ ਉਠਾਈ।

1948 ਵਿੱਚ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਲਈ ਕਮਿਸ਼ਨ ਬਣਾਇਆ। ਜਿਸ ਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਸੀ। ਉੱਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿੱਚ ਆਏ ਸੰਨ 1953 ਵਿੱਚ ਰਾਜ ਪੁਨਰਗਠਨ ਕਮਿਸ਼ਨ ਬਣਿਆ। ਕਾਂਗਰਸ ਵੱਲੋਂ ਬੋਲੀ ਦੇ ਆਧਾਰ 'ਤੇ ਸੂਬਿਆਂ ਦੀ ਨਵੀਂ ਹੱਦਬੰਦੀ ਦਾ ਅਸੂਲ ਮੰਨਿਆ ਜਾ ਚੁੱਕਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵਿਚਾਰਿਆ ਕਿ ਜੇਕਰ ਪੰਜਾਬ, ਪੈਪਸੂ ਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਵੱਖ ਕਰਕੇ ਪੰਜਾਬੀ ਸੂਬਾ ਬਣਾ ਦਿੱਤਾ ਜਾਵੇ ਤਾਂ ਸਿੱਖਾਂ ਦੀ ਹਾਲਤ ਕੁਝ ਸੁਧਰ ਸਕਦੀ ਹੈ। ਇਸ ਤਰ੍ਹਾਂ ਪੰਜਾਬੀ ਸੂਬੇ ਦੀ ਮੰਗ ਪੇਸ਼ ਹੋਈ ਤੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਗੂੰਜਣ ਲੱਗ ਪਏ।

ਦੇਸ਼ ਦੀ ਵੰਡ ਪਿੱਛੋਂ ਪੰਜਾਬ ਵਿੱਚ ਜੋ ਪਹਿਲੀਆਂ ਆਮ ਚੋਣਾਂ ਹੋਈਆਂ, ਉਸੇ ਸਮੇਂ ਗੁਰਦੁਆਰਾ ਚੋਣਾਂ ਵੀ ਆ ਗਈਆਂ। ਕਾਂਗਰਸੀ ਸਿੱਖਾਂ ਨੇ ਖ਼ਾਲਸਾ ਦਲ ਦੇ ਨਾਮ ਦੀ ਇੱਕ ਨਵੀਂ ਜਥੇਬੰਦੀ ਇਹ ਚੋਣਾਂ ਲੜਨ ਲਈ ਬਣਾ ਲਈ। ਚੋਣਾਂ ਵਿੱਚ 132 ਸੀਟਾਂ ਵਿਚੋਂ ਕਾਂਗਰਸੀ ਸਿੱਖ ਇੱਕ ਵੀ ਸੀਟ ਨਾ ਜਿੱਤ ਸਕੇ। ਸਰਦਾਰ ਈਸ਼ਰ ਸਿੰਘ ਮਝੈਲ ਵੀ ਚੋਣ ਹਾਰ ਗਏ। ਸੌ ਫੀਸਦੀ ਅਕਾਲੀ ਉਮੀਦਵਾਰ ਸਫ਼ਲ ਹੋਏ। ਨਾਲ ਹੀ ਦੇਸ਼ ਭਗਤ ਬੋਰਡ ਦੇ ਕੁਝ ਮੈਂਬਰ ਸਫ਼ਲ ਹੋਏ, ਜਿਨ੍ਹਾਂ ਨੂੰ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਸੀ। ਪੰਜਾਬੀ ਸੂਬਾ ਦੀ ਮੰਗ 'ਤੇ ਰੋਕਾਂ ਪਾਈਆਂ ਜਾ ਲੱਗੀਆਂ ਕਿ ਇਸ ਨਾਲ ਹਿੰਦੂਆਂ ਦਾ ਨੁਕਸਾਨ ਹੋਵੇਗਾ। ਹੱਦਬੰਦੀ ਆਯੋਗ ਮਾਰਚ ਅਪ੍ਰੈਲ 1955 ਨੂੰ ਪੰਜਾਬ ਆ ਰਿਹਾ ਸੀ। ਇਸ ਲਈ ਪੰਜਾਬੀ ਸੂਬਾ ਪ੍ਰਚਾਰ 'ਤੇ ਰੋਕ ਲਾਉਣ ਲਈ ਨਾਹਰਿਆਂ 'ਤੇ ਰੋਕ ਲਗਾ ਦਿੱਤੀ। ਲੁਧਿਆਣਾ 31 ਦਸੰਬਰ 1954 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮਾਗਮ ਜਲੂਸ ਵਿੱਚ ਡਾਕਟਰ ਕਾਲੀਚਰਨ ਤੋਂ ਹਮਲਾ ਕਰਵਾ ਦਿੱਤਾ। ਜਿਸ ਨੇ ਮੰਨਿਆ ਕਿ ਅਸੀਂ ਪੰਜਾਬੀ ਸੂਬਾ ਦੀ ਫਿਰਕੂ ਮੰਗ ਨੂੰ ਰੋਕਣ ਲਈ ਮਹਾਂ ਪੰਜਾਬ ਦੀ ਲਹਿਰ ਚਲਾਈ ਹੈ ਪਰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਖ਼ਾਮੋਸ਼ ਸੀ ਕਿਉਂਕਿ ਇਹ ਸਭ ਕੁਝ ਉਸ ਦੀ ਸ਼ਹਿ ਤੇ ਹੋਇਆ ਸੀ। ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਾਂ ਵਿੱਚ ਵਿਘਨ ਪਾਉਣਾ ਚਾਹੁੰਦੇ ਸਨ।

ਗੁਰਦੁਆਰਾ ਚੋਣਾਂ ਦੇ ਨਤੀਜਿਆਂ ਦੇ ਨਾਉਂ ਜਾਰੀ ਹੋਏ ਅਤੇ ਪਹਿਲੀ ਇਕੱਤਰਤਾ 4 ਜਨਵਰੀ 1955 ਨੂੰ ਰੱਖੀ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਮੁਖੀ ਚੁਣਿਆ ਗਿਆ। ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੇ ਨਾਮਜ਼ਦਗੀਆਂ ਦਾ ਕੰਮ ਸਿਰੇ ਨਾ ਚੜ੍ਹਨ ਦਿੱਤਾ। ਚੰਡੀਗੜ੍ਹ ਤੋਂ ਐਲਾਨ ਹੋਇਆ ਕਿ ਇਕੱਤਰਤਾ ਦੀ ਕਾਰਵਾਈ ਰੱਦ ਕੀਤੀ ਜਾਂਦੀ ਹੈ। ਅਗਲੀ ਇਕੱਤਰਤਾ ਦੀ ਤਰੀਕ 27 ਜਨਵਰੀ 1955 ਰੱਖ ਦਿੱਤੀ। ਸਰਦਾਰ ਈਸ਼ਰ ਸਿੰਘ ਮਝੈਲ ਉਸ ਸਮੇਂ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਸੀ। ਸਰਕਾਰ ਨੇ ਨਵੀਂ ਚੁਣੀ ਕਮੇਟੀ ਦੇ ਕੰਮਾਂ ਵਿੱਚ ਮੁਸ਼ਕਿਲਾਂ ਪਾਉਣ ਲਈ ਉਸ ਦੀ ਸਹਾਇਤਾ ਕੀਤੀ।

7 ਜਨਵਰੀ ਨੂੰ ਗੁਰਦੁਆਰਾ ਨਿਆਂ ਆਯੋਗ ਦੇ ਮੁਖੀ ਸਰਦਾਰ ਬੂਟਾ ਸਿੰਘ ਜੀ ਨੂੰ ਬਰਖ਼ਾਸਤ ਕਰ ਦਿੱਤਾ। ਵਕੀਲ ਸਰਦੂਲ ਸਿੰਘ ਨੂੰ ਆਯੋਗ ਦਾ ਜੱਜ ਬਣਾ ਦਿੱਤਾ। ਨਵੀਂ ਚੁਣੀ ਕਮੇਟੀ ਵਿੱਚ ਗੁੱਸੇ ਦੀ ਲਹਿਰ ਪੈਦਾ ਹੋ ਗਈ, ਕਿ ਇਹ ਲੋਕਤੰਤਰ ਦੇ ਖ਼ਿਲਾਫ਼ ਹੈ। ਗੁਰਦੁਆਰਾ ਕਾਨੂੰਨ ਅਨੁਸਾਰ ਸਥਾਨਕ ਕਮੇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਰੀਆਂ ਕਮੇਟੀ ਵਿੱਚ ਆਪਣਾ ਇੱਕ ਇੱਕ ਪ੍ਰਤੀਨਿਧ ਮੈਂਬਰ ਨਾਮਜ਼ਦ ਕਰਦੀ ਹੈ ਪਰ ਸਰਕਾਰ ਨੇ 10-11 ਜਨਵਰੀ 1955 ਨੂੰ ਸਰਕਾਰ ਪੱਖੀ ਖ਼ਾਲਸਾ ਦਲ ਦੇ ਮੈਂਬਰਾਂ ਨੂੰ ਸਥਾਨਕ ਕਮੇਟੀਆਂ ਵਿੱਚ ਨਾਮਜ਼ਦ ਕਰ ਦਿੱਤਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਅਯੋਗ ਨਾਮਜ਼ਦਗੀਆਂ ਨਾ ਕੀਤੀਆਂ ਜਾਣ।

ਅਕਾਲੀ ਆਗੂਆਂ ਨੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨਾਲ ਗੱਲ ਕਰਨੀ ਚਾਹੀ, ਪ੍ਰਧਾਨ ਮੰਤਰੀ ਨੇ ਪੰਜਾਬ ਸਰਕਾਰ ਨਾਲ ਗੱਲ ਕਰਨ ਲਈ ਕਹਿ ਦਿੱਤਾ। ਮਾਸਟਰ ਤਾਰਾ ਸਿੰਘ, ਅਕਾਲੀ ਦਲ ਦੇ ਜਨਰਲ ਸਕੱਤਰ ਜੋਗਿੰਦਰ ਸਿੰਘ ਰੇਖੀ, ਸ਼੍ਰੋਮਣੀ ਕਮੇਟੀ ਦੇ ਦੋਹਾਂ ਸਕੱਤਰ ਰਵੇਲ ਸਿੰਘ ਤੇ ਹਰਨਾਮ ਸਿੰਘ ਸਮੇਤ 21 ਜਨਵਰੀ 1955 ਨੂੰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ। ਇਸ ਸਮੇਂ ਹਰਬੰਸ ਸਿੰਘ ਗੁਜਰਾਲ ਐਡਵੋਕੇਟ ਵੀ ਨਾਲ ਸਨ। ਮਾਸਟਰ ਜੀ ਨੇ ਗੁਰਦੁਆਰਾ ਪ੍ਰਬੰਧ ਵਿੱਚ ਸਰਕਾਰ ਦੇ ਦਖ਼ਲ ਦਾ ਇਲਜ਼ਾਮ ਲਗਾਇਆ। ਮੁੱਖ ਮੰਤਰੀ ਨੇ ਵਿਸ਼ੇ ਦੀ ਗੱਲਬਾਤ ਤੋਂ ਪਾਸੇ ਹੋ ਕੇ ਬਿਆਨ ਦਿੱਤਾ ਕਿ ਮਾਸਟਰ ਜੀ ਪੰਜਾਬੀ ਸੂਬਾ ਹੀ ਨਹੀਂ ਸਗੋਂ ਸਿੱਖ ਰਾਜ ਮੰਗਦੇ ਹਨ। ਉਸ ਵੇਲੇ ਪੰਜਾਬ ਵਿਰੋਧੀ ਧਿਰ ਦਾ ਪੱਖ ਮੁੱਖ ਮੰਤਰੀ ਪੂਰ ਰਹੇ ਸਨ।

ਸਿੱਖ ਕੌਮ ਨੇ ਜਾਣ ਲਿਆ ਕਿ ਇਨਸਾਫ ਲਈ ਕੁਰਬਾਨੀਆਂ ਦੀ ਲੋੜ ਹੈ ਪਰ ਫਿਰ ਵੀ ਸਬਰ ਤੋਂ ਕੰਮ ਲਿਆ। ਸਰਕਾਰ ਦਾ ਵਤੀਰਾ ਸਿੱਖ ਵਿਰੋਧੀ ਰਿਹਾ। ਵਿਸਾਖੀ ਤੇ ਅੰਮ੍ਰਿਤਸਰ ਸੀਸ ਭੇਂਟ ਮਹੱਲੇ ਦੇ ਹੋਣ ਵਾਲੇ ਜਲੂਸ ਵਿੱਚ ਪੰਜਾਬੀ ਸੂਬਾ ਦੇ ਨਾਰ੍ਹਿਆਂ ਤੇ 14 ਅਪ੍ਰੈਲ 1955 ਨੂੰ ਪਾਬੰਦੀ ਲਗਾ ਦਿੱਤੀ। ਮਾਸਟਰ ਜੀ ਅਤੇ ਹੁਕਮ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਨਾਰ੍ਹੇ ਨਾ ਲਗਾਉਣ। ਜਲੂਸ ਘੰਟਾ ਘਰ ਚੌਂਕ ਤੱਕ ਪੁੱਜਾ। ਲੁਧਿਆਣਾ ਤੋਂ ਡਾਕਟਰ ਕਾਲੀਚਰਨ ਦੇ ਗੁੰਡੇ ਚੌਂਕ ਵਿੱਚ ਖੜੇ ਸਨ। ਦਸੰਬਰ 1954 ਨੂੰ ਲੁਧਿਆਣਾ ਦੇ ਫਸਾਦ ਵਾਂਗ ਅੰਮ੍ਰਿਤਸਰ ਵਿੱਚ ਵੀ ਜਲੂਸ 'ਤੇ ਇੱਟਾਂ ਪੈਣ ਲੱਗੀਆਂ। ਜਲੂਸ ਵਿੱਚ ਸ਼ਾਂਤੀਪੂਰਨ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਰੇ ਲੱਗਣ ਲੱਗੇ। ਜਲੂਸ ਅੱਗੇ ਵਧਿਆ ਪਰ ਪ੍ਰਸ਼ਾਸਨ ਅਤੇ ਪੁਲਿਸ ਦਾ ਇੱਕਤਰਫ਼ਾ ਇਤਰਾਜਯੋਗ ਵਤੀਰਾ ਸੀ। ਜਲੂਸ ਤੋਂ ਬਾਅਦ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬੋਲਦਿਆਂ ਮਾਸਟਰ ਜੀ ਨੇ ਕਿਹਾ ਕਿ ਹੁਣ ਜਲੂਸ ਉੱਤੇ ਹਮਲੇ ਨਹੀਂ ਸਹਾਰੇ ਜਾਣਗੇ। ਸਿੱਖ ਕੌਮ ਨੇ ਸੱਚਰ ਮੁਰਦਾਬਾਦ ਦੇ ਨਾਰ੍ਹੇ ਲਾਏ। ਗੜਬੜ ਮਚਾਉਣ ਵਾਲੇ ਕੁਝ ਫੜੇ ਗਏ। ਪੁਰਅਮਨ ਸਿੱਖ ਨੌਜਵਾਨ ਵੀ ਗ੍ਰਿਫ਼ਤਾਰ ਕੀਤੇ। ਗੁਰੂ ਦਾ ਬਾਗ ਤੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ 24 ਅਪ੍ਰੈਲ 1955 ਤਕ ਪੰਜਾਬੀ ਸੂਬਾ ਦੇ ਨਾਰ੍ਹਿਆਂ ਤੋਂ ਪਾਬੰਦੀ ਹਟਾਈ ਜਾਵੇ ਪਰ ਸੱਚਰ ਸਰਕਾਰ ਨੇ ਨਾ ਸੁਣੀ। ਪਾਬੰਦੀ ਹਟਾਉਣ ਲਈ ਦੀ ਮੰਗ ਭਾਰਤ ਸਰਕਾਰ ਕੋਲ ਰੱਖੀ ਕਿ 9 ਮਈ 1955 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਨਹੀਂ ਤਾਂ ਮੋਰਚਾ ਲੱਗੇਗਾ। ਮੋਰਚੇ ਨੂੰ ਚਲਾਉਣ ਦੇ ਅਧਿਕਾਰ ਮਾਸਟਰ ਜੀ ਨੂੰ ਦਿੱਤੇ ਗਏ। ਮਈ 1 1955 ਨੂੰ ਦੀਵਾਨ ਚਮਨ ਲਾਲ ਵੱਲੋਂ ਸੱਦੀ ਇਕੱਤਰਤਾ ਵਿੱਚ ਅਕਾਲੀਆਂ ਵੱਲੋਂ ਗੋਪਾਲ ਸਿੰਘ ਖ਼ਾਲਸ, ਰਾਮ ਦਿਆਲ ਸਿੰਘ ਤੇ ਅਜਮੇਰ ਸਿੰਘ ਸ਼ਾਮਲ ਹੋਏ। ਮਹਾਂ ਪੰਜਾਬ ਵੱਲੋਂ ਡਾਕਟਰ ਕਾਲੀਚਰਨ ਤੇ ਸਾਥੀ ਸਨ। ਫ਼ੈਸਲਾ ਹੋਇਆ ਕਿ ਪੰਜਾਬੀ ਸੂਬਾ ਦੇ ਨਾਰ੍ਹਿਆਂ ਤੇ ਜਵਾਬੀ ਨਾਰੇ ਨਹੀਂ ਲਗਾਏ ਜਾਣਗੇ।

ਮਈ 3, 1955 ਨੂੰ ਸਚਰ ਮੁੱਖ ਮੰਤਰੀ ਨੇ ਅਜਮੇਰ ਸਿੰਘ ਤੇ ਸਾਥੀਆਂ ਨਾਲ ਮੁਲਾਕਾਤ ਵਿੱਚ ਕਿਹਾ ਕਿ ਨਾਰ੍ਹਿਆਂ ਤੋਂ ਪਾਬੰਦੀ ਹਟਾ ਲਈ ਜਾਵੇਗੀ। ਪਰ ਦਿੱਲੀ ਦੇ ਚੱਕਰ ਲਾ ਕੇ ਆਉਂਦਿਆਂ 7 ਮਈ 1955 ਨੂੰ ਐਲਾਨ ਕੀਤਾ ਕਿ ਇਸ ਮੋਰਚੇ ਨੂੰ ਕੁਚਲ ਦਿੱਤਾ ਜਾਵੇਗਾ। ਮਈ9, 1955 ਲੁਧਿਆਣਾ ਵਿਖੇ ਲਾਲਾ ਕੇਦਾਰ ਨਾਥ ਸਹਿਗਲ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿੱਚ ਮੋਰਚੇ ਦੀ ਹਮਾਇਤ ਦਾ ਐਲਾਨ ਹੋਇਆ। ਮੋਰਚੇ ਤੇ ਅਮਲ ਸ਼ੁਰੂ ਹੋਇਆ। ਮਾਸਟਰ ਜੀ ਨੇ ਸੰਗਤਾਂ ਨੂੰ ਕਿਹਾ ਕਿ ਇਹ ਸਿੱਖ ਕੌਮ ਦੀ ਅਣਖ ਦਾ ਸਵਾਲ ਹੈ। ਮੋਰਚਾ ਲਾ ਦਿਓ। ਸੰਗਤਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ। ਮਾਸਟਰ ਜੀ ਨੇ 4-4 ਦੇ ਜਥਿਆਂ ਨੂੰ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਰੇ ਨਾਲ ਗ੍ਰਿਫ਼ਤਾਰੀਆਂ ਦੇਣ ਲਈ ਕਿਹਾ। ਮਈ 10,1955 ਨੂੰ ਮਾਸਟਰ ਜੀ ਦੀ ਗ੍ਰਿਫ਼ਤਾਰੀ ਮੰਜੀ ਸਾਹਿਬ ਤੋਂ ਹੋਈ। ਉਸ ਦਿਨ 10 ਹੋਰ ਸਿੰਘਾਂ ਨੇ ਵੀ ਗ੍ਰਿਫ਼ਤਾਰੀ ਦਿੱਤੀ। ਪੁਲਿਸ ਨੇ ਧੜਾਧੜ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਮਾਸਟਰ ਜੀ ਨੂੰ ਪਹਿਲਾਂ ਅੰਮ੍ਰਿਤਸਰ ਤੇ ਫੇਰ ਰੋਹਤਕ ਜੇਲ੍ਹ ਭੇਜ ਦਿੱਤਾ।

ਮੋਰਚੇ ਦੇ ਦੂਜੇ ਮੁਖੀ ਪ੍ਰਿੰਸੀਪਲ ਇਕਬਾਲ ਸਿੰਘ ਨੇ ਇੱਕ ਮਹੀਨਾ ਮੋਰਚਾ ਚਲਾਇਆ। ਉਹਨਾਂ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਦਿਨ 25 ਮਈ 1955 ਨੂੰ ਪੰਜਾਬੀ ਸੂਬਾ ਦਿਨ ਮਨਾਉਣ ਲਈ ਚੁਣਿਆ। ਸਰਕਾਰ ਨੇ ਪ੍ਰੋਗਰਾਮ ਫ਼ੇਲ੍ਹ ਕਰਨ ਲਈ ਗ੍ਰਿਫ਼ਤਾਰੀਆਂ ਦਾ ਦੌਰ ਅੰਮ੍ਰਿਤਸਰ ਤੋਂ ਸ਼ੁਰੂ ਕਰਕੇ ਪੂਰੇ ਪੰਜਾਬ ਵਿੱਚ ਗ੍ਰਿਫ਼ਤਾਰੀਆਂ ਦੀ ਮੁਹਿੰਮ ਸ਼ੁਰੂ ਹੋ ਗਈ। ਸਰਕਾਰ ਨੇ ਅਕਾਲੀ ਦਲ ਦਾ ਇੱਕ ਵੀ ਮੈਂਬਰ ਅਤੇ ਆਗੂ ਜੇਲ੍ਹ ਤੋਂ ਬਾਹਰ ਨਹੀਂ ਰਹਿਣ ਦਿੱਤਾ। ਮੋਰਚਾ ਬੇਪਨਾਹ ਜੋਸ਼ ਨਾਲ ਅੱਗੇ ਵਧਣ ਲੱਗਾ। ਜੁਲਾਈ 25 ਨੂੰ ਪੰਜਾਬ ਅਸੈਂਬਲੀ ਦੇ ਸਪੀਕਰ ਗੁਰਦਿਆਲ ਸਿੰਘ ਢਿੱਲੋਂ ਅਤੇ ਪੰਜਾਬ ਕੌਂਸਲ ਦੇ ਸਭਾਪਤੀ ਕਪੂਰ ਸਿੰਘ ਨੇ ਅਖ਼ਬਾਰਾਂ ਰਾਹੀਂ ਸਰਕਾਰੀ ਤਜਵੀਜ਼ ਦਿੱਤੀ ਕਿ ਸਰਕਾਰ ਨਾਲ ਗੱਲਬਾਤ ਕਰ ਲੈਣੀ ਚਾਹੀਦੀ ਹੈ। ਪ੍ਰਿੰਸੀਪਲ ਇਕਬਾਲ ਸਿੰਘ ਜੀ ਵੱਲੋਂ ਇਹ ਤਜਵੀਜ਼ ਠੁਕਰਾਅ ਦਿੱਤੀ ਗਈ।

ਸੰਗਤਾਂ ਵਿੱਚ ਹੋਰ ਉਤਸ਼ਾਹ ਜਾਗ ਪਿਆ। ਪੈਪਸੂ, ਪੰਜਾਬ, ਉਤਰ ਪ੍ਰਦੇਸ਼, ਬੰਬਈ,ਕਾਨਪੁਰ ਤੇ ਕਲਕੱਤੇ ਤੱਕ ਤੋਂ ਜਥਿਆਂ ਨੇ ਅੰਮ੍ਰਿਤਸਰ ਵਲ ਵਹੀਰਾਂ ਘੱਤ ਦਿੱਤੀਆਂ। ਮੋਰਚੇ ਦੇ ਪਹਿਲੇ ਇੱਕ ਮਹੀਨੇ ਵਿੱਚ ਹੀ 5000 ਗ੍ਰਿਫ਼ਤਾਰੀਆਂ ਹੋਈਆਂ। ਮੋਰਚੇ ਵਿੱਚ ਆਉਂਦੀ ਤੇਜੀ ਵੇਖ ਕੇ ਕਾਂਗਰਸੀ ਅਤੇ ਆਰੀਆ ਸਮਾਜ ਅਖ਼ਬਾਰਾਂ ਨੇ ਕਾਂਗਰਸੀ ਸਿੱਖਾਂ ਨੂੰ ਮੋਰਚੇ ਦੇ ਮੁਕਾਬਲੇ ਵਿੱਚ ਆਉਣ ਦਾ ਪ੍ਰਚਾਰ ਕੀਤਾ ਕਿ ਉਨ੍ਹਾਂ ਨੂੰ ਵਜ਼ੀਰੀਆਂ ਦਿਵਾਈਆਂ ਹਨ। ਜੂਨ 1955 ਵਿੱਚ ਦਰਸ਼ਨ ਸਿੰਘ ਫੇਰੂਮਾਨ ਨੇ ਅਖ਼ਬਾਰਾਂ ਵਿੱਚ ਬਿਆਨ ਦਿੱਤਾ ਕਿ ਗੁਰਦੁਆਰੇ ਵਿੱਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਜੀ ਸਾਹਿਬ ਦੇ ਦੀਵਾਨ ਵਿੱਚ ਜੋ ਰਾਜਸੀ ਤਕਰੀਰਾਂ ਹੁੰਦੀਆਂ ਹਨ, ਨੂੰ ਰੋਕਣ ਲਈ ਉਹ 25 ਜੂਨ 1950 ਨੂੰ 25 ਕਾਂਗਰਸੀ ਸਿੰਘਾਂ ਦਾ ਜਥਾ ਲੈ ਕੇ ਜਾਣਗੇ। ਕਾਂਗਰਸੀ ਸਿੱਖਾਂ ਨੇ ਇਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ।

ਸਰਦਾਰ ਪ੍ਰਤਾਪ ਸਿੰਘ ਕੈਰੋਂ, ਈਸ਼ਰ ਸਿੰਘ ਮਝੈਲ ਨੇ ਅਕਾਲੀ ਆਗੂਆਂ ਨੂੰ ਧਮਕਾਉਣ ਦਾ ਯਤਨ ਕੀਤਾ ਕਿ ਕਾਂਗਰਸੀ ਸਿੱਖਾਂ ਦਾ ਜਥਾ ਮੰਜੀ ਸਾਹਿਬ ਦੀਵਾਨ ਵਿੱਚ ਜਮ ਕੇ ਫਸਾਦ ਕਰੇਗਾ। ਫਿਰ ਪੁਲਿਸ ਦੀ ਸਖ਼ਤੀ ਨਾਲ ਮੋਰਚਾ ਕੁਚਲ ਦਿੱਤਾ ਜਾਵੇਗਾ। ਜਥੇਦਾਰ ਭਾਨ ਸਿੰਘ ਨੇ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸਰੂਪ ਸਿੰਘ ਵਿਧਾਇਕ ਨੇ ਕਿਹਾ ਕਿ ਮੁਕਾਬਲੇ ਦੀ ਕਮਾਨ ਮੈਂ ਸੰਭਾਲਾਂਗਾ, ਵੇਖਦੇ ਹਾਂ ਦੀਵਾਨ ਵੱਲ ਕੌਣ ਆਉਂਦਾ ਹੈ। ਅਮਰ ਸਿੰਘ ਦੁਸਾਂਝ ਨੇ ਮੰਜੀ ਸਾਹਿਬ ਦੇ ਦੀਵਾਨ ਵਿੱਚ ਤਕਰੀਰ ਕਰਦੇ ਐਲਾਨ ਕੀਤਾ ਕਿ ਮੰਜੀ ਸਾਹਿਬ ਦੀਵਾਨ ਵੱਲ ਜੇਕਰ ਫੇਰੂਮਾਨ ਨੇ ਉਂਗਲ ਕੀਤੀ ਤਾਂ ਉਂਗਲ ਕੱਟ ਦਿੱਤੀ ਜਾਵੇਗੀ। ਜੇਕਰ ਅੱਖ ਚੁੱਕੀ ਤਾਂ ਉਹ ਕੱਢ ਦੇ ਸੁੱਟ ਦਿੱਤੀ ਜਾਵੇਗੀ। ਸੰਗਤਾਂ ਵਿੱਚ ਅਥਾਹ ਜੋਸ਼ ਭਰ ਗਿਆ। ਬਾਵਾ ਹਰਿਕ੍ਰਿਸ਼ਨ ਸਿੰਘ ਜੀ ਨੇ ਮਾਮਲਾ ਸੁਲਝਾਉਣ ਲਈ ਐਲਾਨ ਕੀਤਾ ਕਿ ਅੱਗੇ ਤੋਂ ਮੰਜੀ ਸਾਹਿਬ ਦੇ ਦੀਵਾਨ ਵਿੱਚ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਨਹੀਂ ਕੀਤੀ ਜਾਵੇਗੀ। ਕਾਂਗਰਸੀ ਸਿੱਖ ਆਗੂਆਂ ਨੇ ਕਿਹਾ ਕਿ ਉਹ ਹੁਣ ਜਵਾਬੀ ਮੋਰਚੇ ਲਈ ਜਥਾ ਨਹੀਂ ਲੈ ਕੇ ਜਾਣਗੇ।

ਮੰਜੀ ਸਾਹਿਬ ਦੇ ਦੀਵਾਨ ਤੋਂ ਤਕਰੀਰਾਂ ਹੁੰਦੀਆਂ ਰਹੀਆਂ। ਮੋਰਚਾ ਜੋਸ਼ ਨਾਲ ਅੱਗੇ ਵਧਦਾ ਗਿਆ। ਜੂਨ 15 1955 ਤੱਕ ਗ੍ਰਿਫ਼ਤਾਰੀਆਂ ਦੀ ਗਿਣਤੀ 5000 ਤੋਂ ਉਪਰ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਧਰਮਸ਼ਾਲਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਅਕਾਲੀਆਂ ਨੇ ਐਲਾਨ ਕੀਤਾ ਕਿ ਮੋਰਚਾ ਉਦੋਂ ਤੱਕ ਚੱਲੇਗਾ, ਜਦੋਂ ਤੱਕ ਨਾਰ੍ਹਿਆਂ ਤੋਂ ਪਾਬੰਦੀ ਨਹੀਂ ਹਟਾ ਲਈ ਜਾਂਦੀ। ਸਿੰਘਾਂ ਨੇ ਕਈ ਖਾਸ ਦਿਨਾਂ ਤੇ ਵੀ ਗ੍ਰਿਫ਼ਤਾਰੀਆਂ ਦਿੱਤੀਆਂ। ਜਿਵੇਂ ਮਾਸਟਰ ਤਾਰਾ ਸਿੰਘ ਜੀ ਦੇ 71ਵੇਂ ਜਨਮ ਦਿਨ 271 ਗ੍ਰਿਫ਼ਤਾਰੀਆਂ ਦਿੱਤੀਆਂ, ਜੂਨ 29 1955 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ 117ਵੀਂ ਬਰਸੀ 'ਤੇ ਗ੍ਰਿਫ਼ਤਾਰੀਆਂ ਦਿੱਤੀਆਂ। ਜੂਨ 29 ਅਜ਼ਾਦ ਪੰਜਾਬ ਦਿਨ, ਜੂਨ 30 1955 ਨੂੰ ਘਲੂਘਾਰਾ ਦਿਵਸ ਨੂੰ ਗ੍ਰਿਫ਼ਤਾਰੀਆਂ ਦਿੱਤੀਆਂ।

ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਅਤੇ ਉਪ ਇੰਸਪੈਕਟਰ ਜਨਰਲ ਪੁਲਿਸ ਨੇ ਪ੍ਰਸ਼ਾਸਨ ਨਾਲ ਮਿਲ ਕੇ ਮੋਰਚੇ ਨੂੰ ਸਖ਼ਤੀ ਨਾਲ ਦਬਾ ਦੇਣ ਦਾ ਫੈਸਲਾ ਕਰ ਲਿਆ। ਮੁੱਖ ਮੰਤਰੀ ਨੇ ਕਾਂਗਰਸੀ ਸਿੱਖਾਂ ਨੂੰ ਕਿਹਾ ਕਿ ਉਹ ਪਿੰਡਾਂ ਵਿੱਚ ਜਾ ਕ ਪੰਜਾਬੀ ਸੂਬਾ ਮੋਰਚਾ ਵਿਰੁੱਧ ਪ੍ਰਚਾਰ ਕਰਨ ਪਰ ਮੋਰਚਾ ਹੋਰ ਵੀ ਤੇਜੀ ਨਾਲ ਅੱਗੇ ਵਧਦਾ ਗਿਆ। ਪੈਪਸੂ ਅਕਾਲੀ ਦਲ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਪੱਤਰਕਾਰ ਵੀ ਗ੍ਰਿਫ਼ਤਾਰੀ ਦੇਣ ਅੰਮ੍ਰਿਤਸਰ ਪਹੁੰਚ ਗਏ। ਉਹਨਾਂ 2 ਜੁਲਾਈ 1955 ਨੂੰ ਮੰਜੀ ਸਾਹਿਬ ਦੀਵਾਨ ਤੋਂ ਐਲਾਨ ਕੀਤਾ ਕਿ ਸਿੱਖ ਕੌਮ ਮੋਰਚਾ ਫ਼ਤਿਹ ਕਰਨ ਤੋਂ ਬਿਨਾ ਪਿੱਛੇ ਨਹੀਂ ਹਟੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸਾਰੀ ਸਿੱਖ ਕੌਮ ਖੜੀ ਹੋ ਗਈ ਸੀ। ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਤਾਪ ਸਿੰਘ ਕੈਰੋਂ ਨੇ ਨਹਿਰੂ ਨੂੰ ਕਿਹਾ ਕਿ ਅਕਾਲੀ 1500 ਕੁ ਹੋਣਗੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਉ। ਮੋਰਚਾ ਖਤਮ ਹੋ ਜਾਵੇਗਾ। ਜਦੋਂ ਮੋਰਚੇ ਦੇ ਦੋ ਮਹੀਨੇ ਬੀਤੇ ਤਾਂ 8 ਹਜ਼ਾਰ ਜੇਲ੍ਹ ਜਾ ਚੁੱਕੇ ਸਨ।

ਜੂਨ ਦੇ ਅਖੀਰਲੇ ਹਫਤੇ, ਜਲੰਧਰ ਡਵੀਜ਼ਨ ਦੇ ਉਪ ਇੰਸਪੈਕਟਰ ਜਨਰਲ ਪੁਲਿਸ ਅਸਵਨੀ ਕੁਮਾਰ ਨੇ ਮੋਰਚੇ ਨੂੰ ਕੁਚਲਣ ਦੀ ਵਿਉਂਤ ਬਣਾਈ। ਉਸ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਮੈਨੂੰ 5 ਦਿਨਾਂ ਲਈ ਕਾਰਵਾਈ ਕਰਨ ਦੀ ਆਜ਼ਾਦੀ ਦੇਵੋ ਮੈਂ ਮੋਰਚਾ ਕੁਚਲ ਦੇਵਾਂਗਾ। ਇਸ ਤਰਾਂ ਉਸ ਨੇ 4 ਜੁਲਾਈ -9 ਜੁਲਾਈ 1955 ਤਕ ਛੋਟ ਮੰਗੀ ਸੀ। ਪੁਲਿਸ ਨੇ ਪ੍ਰੇਮ ਹੋਟਲ ਦੇ ਅਖੀਰ ਵਿੱਚ ਜੰਗਲਾ ਲਵਾ ਲਿਆ। ਜਿਸ ਦੀ ਨਿਗਰਾਨੀ ਅਕਾਲੀ ਦੇ ਸੇਵਾਦਾਰ ਕਰਦੇ ਸਨ। ਪੁਲਿਸ ਉਸ ਤੋਂ ਪਿੱਛੇ ਖੜੀ ਹੁੰਦੀ ਸੀ। ਜਦ ਸਤਿਆਗ੍ਰਹਿ ਨਾਰੇ ਮਾਰਦੇ ਜੰਗਲੇ ਤੋਂ ਅੱਗੇ ਵਧਦੇ ਤਾਂ ਪੁਲਿਸ ਗ੍ਰਿਫ਼ਤਾਰ ਕਰਦੀ ਸੀ। ਜੂਨ 1955 ਦੇ ਅਖੀਰ ਵਿੱਚ ਪੁਲਿਸ ਨੇ ਜੰਗਲਾ ਚੁਕਵਾ ਦਿੱਤਾ। ਪੁਲਿਸ ਗੁਰੂ ਰਾਮਦਾਸ ਸਰਾਂ ਤੋਂ ਅਕਾਲੀ ਦਫ਼ਤਰ ਤਕ ਗਸ਼ਤ ਕਰਨ ਲੱਗੀ। ਪੁਲਿਸ ਨੇ ਗੁਰਦੁਆਰਾ ਮੰਜੀ ਸਾਹਿਬ ਜਾ ਕੇ ਸੰਗਤਾਂ ਨੂੰ ਜਲੀਲ ਕਰਕੇ ਉਥੋਂ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੀਆਂ ਜਾਇਜ਼ ਲਾਇਸੈਂਸੀ ਬੰਦੂਕਾਂ ਜ਼ਬਤ ਕਰ ਲਈਆਂ। ਅਕਾਲੀ ਸੇਵਾਦਾਰਾਂ ਦੀਆਂ ਬੰਦੂਕਾਂ ਵੀ ਜ਼ਬਤ ਕਰ ਲਈਆਂ। ਅਕਾਲੀ ਸੇਵਾਦਾਰਾਂ ਦੀਆਂ ਬੰਦੂਕਾਂ ਵੀ ਜ਼ਬਤ ਕਰ ਲਈਆਂ।

ਪੁਲਿਸ ਦੀ ਅਸਲ ਕਾਰਵਾਈ 3-4 ਜੁਲਾਈ 1955 ਦੀ ਅੱਧੀ ਰਾਤ ਤੋਂ ਸ਼ੁਰੂ ਹੋ ਗਈ। ਬਿਨਾਂ ਵਰੰਟਾਂ ਦੇ ਗ੍ਰਿਫ਼ਤਾਰੀਆਂ ਹੋਈਆਂ। ਸਵੇਰੇ 3-4 ਵਜੇ ਹਜ਼ਾਰਾਂ ਪੁਲਿਸ ਵਾਲੇ ਲੈ ਕੇ ਅਸਵਨੀ ਕੁਮਾਰ ਨੇ ਆਪ ਧਾਵਾ ਬੋਲਿਆ। ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਦੇ ਸਾਰੇ ਨਾਕੇ ਰੋਕ ਲਏ ਗਏ। ਪੁਲਿਸ ਦਾ ਸਖ਼ਤ ਪਹਿਰਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਫ਼ਤਰਾਂ ਤੇ ਹਮਲਾ ਕੀਤਾ ਗਿਆ। ਦਿੱਲੀ, ਕਾਨਪੁਰ, ਇੰਦੌਰ, ਰਾਜਸਥਾਨ ਦੇ ਸਤਿਆਗ੍ਰਹੀ ਗ੍ਰਿਫ਼ਤਾਰ ਕਰ ਲਏ ਅਤੇ ਹੋਰ ਮੁਸਾਫ਼ਰ ਵੀ ਟਰੱਕਾਂ ਵਿੱਚ ਬਿਠਾ ਕੇ ਜੇਲ੍ਹ ਵਿੱਚ ਲੈ ਗਏ।

ਮੰਜੀ ਸਾਹਿਬ ਦੀਵਾਨ 'ਤੇ ਧਾਰਾ 144 ਲਗਾ ਕੇ ਦੀਵਾਨ ਰੋਕਣ ਦਾ ਐਲਾਨ ਕਰ ਦਿੱਤਾ। ਪੁਲਿਸ ਨੇ ਗਸ਼ਤ ਤੇਜ ਕਰ ਦਿੱਤੀ। ਪੁਲਿਸ ਵਾਲੇ ਬਾਵਾ ਹਰਿਕ੍ਰਿਸ਼ਨ ਨਾਲ ਉਲਝ ਪਏ ਕਿ ਬਾਵਾ ਜੀ ਜੰਗਲੇ ਉੱਤੇ ਚੜ ਕੇ ਜੈਕਾਰੇ ਲਾਉਣ ਲੱਗ ਪਏ। ਹੁਕਮ ਸਿੰਘ ਨੇ ਕਿਹਾ ਕਿ ਫ਼ੌਜ ਨੂੰ ਵਾਪਸ ਭੇਜੋ। ਫ਼ੌਜ ਵਾਪਸ ਚਲੀ ਗਈ। ਪੁਲਿਸ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਹੁਕਮ ਸਿੰਘ ਨੇ ਐਲਾਨ ਕੀਤਾ ਕਿ ਸਿੰਘੋ ਹੁਣ ਸਾਨੂੰ ਗੋਲੀਆਂ ਖਾਣੀਆਂ ਪੈਣੀਆਂ ਹਨ। ਜੋ ਗੋਲੀ ਖਾਣ ਲਈ ਤਿਆਰ ਹਨ, ਇੱਥੇ ਰਹਿਣ ਬਾਕੀ ਚਲੇ ਜਾਣ। ਸਭ ਗੋਲੀਆਂ ਅੱਗੇ ਡਟ ਗਏ।

ਸੰਗਤਾਂ ਨੇ ਮੰਜੀ ਸਾਹਿਬ ਦਾ ਰਾਹ ਸ਼ਾਂਤੀ ਪੂਰਵਕ ਰੋਕ ਲਿਆ। ਪੁਲਿਸ ਨੇ ਅੱਥਰੂ ਗੈਸ ਅਤੇ ਡਾਂਗਾਂ ਦੀ ਵਰਤੋ ਕੀਤੀ। ਸੰਗਤਾਂ ਵਿੱਚ ਭਗਦੜ ਮੱਚ ਗਈ। ਸਿੰਘ ਡਟੇ ਗਏ। ਪੁਲਿਸ ਤਸ਼ੱਦਦ ਕਰਦੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ 'ਤੇ ਪੁੱਜ ਗਈ। ਬਹੁਤ ਸਾਰੀ ਸੰਗਤ ਪੁਲਿਸ ਕਾਰਵਾਈ ਵਿੱਚ ਜ਼ਖ਼ਮੀ ਹੋ ਗਈ। ਅਸ਼ਵਨੀ ਕੁਮਾਰ ਨੇ ਸੰਗਤਾਂ ਤੇ ਇਲਜ਼ਾਮ ਲਗਾਇਆ ਕਿ ਪ੍ਰਕਰਮਾ ਵਿਚੋਂ ਇੱਟਾਂ ਪੱਥਰ ਮਾਰੇ ਜਾ ਰਹੇ ਹਨ ਅਤੇ 7 ਗੋਲੀਆਂ ਵੀ ਚੱਲੀਆਂ ਹਨ ਪਰ ਪੁਲਿਸ ਵਾਲੇ ਜ਼ਖ਼ਮੀ ਨੀਂ ਹੋਏ। ਆਗੂਆਂ ਨੇ ਕਿਹਾ ਕਿ ਪੱਥਰ ਤਾਂ ਭੜਕੀ ਭੀੜ ਵਲੋਂ ਮਾਰੇ ਜਾ ਸਕਦੇ ਹਨ ਪਰ ਗੋਲੀਆਂ ਚੱਲਣ ਦੀ ਗੱਲ ਝੂਠ ਹੈ। ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਚੇਤ ਸਿੰਘ ਦੇ ਮਕਾਨ ਤੇ ਅੱਥਰੂ ਗੈਸ ਛੱਡੀ ਗਈ ਅਤੇ ਉਹਨਾਂ ਦਾ ਪ੍ਰਵਾਰ ਉਥੋਂ ਕੱਢ ਦਿੱਤਾ ਗਿਆ। ਪੁਲਿਸ ਅਫਸਰਾਂ ਦੀ ਅਗਵਾਈ ਹੇਠ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਇੱਟਾਂ ਪੱਥਰ ਅਤੇ ਗੈਸ ਦੇ ਗੋਲੇ ਛੱਡੇ। ਪ੍ਰਕਰਮਾ ਵਿੱਚ ਇੱਕ ਦੀਵਾਰ ਡਿੱਗ ਪਈ। ਜਿਸ ਹੇਠ ਬਹੁਤ ਸਾਰੀ ਸੰਗਤ ਜ਼ਖ਼ਮੀ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਜਾਇਬ ਸਿੰਘ ਨੇ ਦੱਸਿਆ ਕਿ ਦੋ ਸਿੱਖ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਹਨ ਪਰ ਪੁਲਿਸ ਨੇ ਤਸਦੀਕ ਨਹੀਂ ਕੀਤੀ।

ਗੈਸ ਦਰਬਾਰ ਸਾਹਿਬ ਦੀ ਮੰਜ਼ਲ ਵੱਲ ਪੁੱਜ ਗਈ। ਕੀਰਤਨ ਅਤੇ ਅਖੰਡ ਪਾਠ ਕਰਨ ਵਾਲੇ ਸੇਵਾਦਾਰਾਂ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਗੋਲੀਆਂ ਦੀ ਮਾਰ ਅਕਾਲ ਤਖ਼ਤ ਸਾਹਿਬ ਤੱਕ ਹੋਈ। ਸਾਰੀ ਕਾਰਵਾਈ ਦੀਆਂ ਤਸਵੀਰਾਂ ਲਈਆਂ ਗਈਆਂ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ ਪਰ ਸਤਿਆਗ੍ਰਹਿ ਨਹੀਂ ਰੁਕਿਆ। ਅਖ਼ਬਾਰਾਂ ਵਿੱਚ ਤਸਵੀਰਾਂ ਸਮੇਤ ਵੇਰਵਾ ਛਪਿਆ। ਮੰਜੀ ਸਾਹਿਬ 'ਤੇ ਪੁਲਿਸ ਦਾ ਕਬਜ਼ਾ ਸੀ। ਪ੍ਰਕਰਮਾ ਵਿੱਚ ਜਾਣ ਦਾ ਦਰਵਾਜ਼ਾ ਬੰਦ ਸੀ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਸਨ। ਡਾਂਗਾਂ ਖੜਕ ਰਹੀਆਂ ਸਨ।

(ਬਾਕੀ ਸਫ਼ਾ 30 'ਤੇ)




# ਕੁਦਰਤੀ ਵਾਤਾਵਰਣ ਨੂੰ ਸੰਭਾਲਣ ਦੀ ਲੋੜ

## ਤਣਾਅ ਸਮੇਂ ਜੰਗਲਾਂ, ਦਰਿਆਵਾਂ ਅਤੇ ਕੁਦਰਤ ਵੱਲ ਦੌੜਦੇ ਮਨੁੱਖ



ਬਾਬਾ ਮਾਇਆ ਰਾਮ

ਦਰਿਆਵਾਂ ਅਤੇ ਪਹਾੜਾਂ ਨੇ ਹਮੇਸ਼ਾ ਹੀ ਮਨੁੱਖ ਨੂੰ ਆਕਰਸ਼ਿਤ ਕੀਤਾ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਬੋਰ ਜਾਂ ਤਣਾਅ ਵਿੱਚ ਹੁੰਦਾ ਹੈ ਤਾਂ ਉਹ ਜੰਗਲਾਂ ਅਤੇ ਦਰਿਆਵਾਂ ਵੱਲ ਜਾਂਦਾ ਹੈ। ਕੁਦਰਤ ਵੱਲ ਦੌੜਦਾ ਹੈ। ਉੱਥੇ ਉਸਨੂੰ ਬਹੁਤ ਸ਼ਾਂਤੀ ਅਤੇ ਤਾਕਤ ਮਿਲਦੀ ਹੈ ਅਤੇ ਆਤਮ-ਵਿਸ਼ਵਾਸ ਹੋ ਜਾਂਦਾ ਹੈ। ਨਦੀਆਂ ਦੇ ਕੰਢਿਆਂ 'ਤੇ ਬਚਪਨ ਵੀ ਖ਼ੁਸ਼ਹਾਲ ਹੁੰਦਾ ਹੈ। ਬੱਚੇ ਨਦੀ ਦੇ ਪਾਣੀ ਅਤੇ ਰੇਤ ਵਿੱਚ ਖੇਡਦੇ, ਨਹਾਉਂਦੇ ਅਤੇ ਮਸਤੀ ਕਰਦੇ ਹਨ। ਜੇਕਰ ਦਰਿਆ ਸੁੱਕ ਜਾਂਦਾ ਹੈ ਤਾਂ ਉਸ ਦੇ ਨਾਲ ਬਚਪਨ ਵੀ ਤਬਾਹ ਹੋ ਜਾਂਦਾ ਹੈ।

ਪਾਣੀ ਹੁਣ ਮੌਸਮੀ ਨਹੀਂ ਸਗੋਂ ਸਥਾਈ ਸਮੱਸਿਆ ਬਣ ਗਿਆ ਹੈ। ਸਾਡੇ ਬਹੁਤੇ ਪਿੰਡ, ਕਸਬੇ ਅਤੇ ਸ਼ਹਿਰ ਪਿਆਸੇ ਹੋ ਗਏ ਹਨ। ਉਨ੍ਹਾਂ ਨੇ ਪਾਣੀ ਲਈ ਬਾਹਰੀ ਸਰੋਤਾਂ 'ਤੇ ਨਿਰਭਰ ਹੋਣਾ ਸ਼ੁਰੂ ਕਰ ਦਿੱਤਾ ਹੈ ਪਰ ਅਤੀਤ ਵਿੱਚ ਅਜਿਹੀ ਸਥਿਤੀ ਨਹੀਂ ਸੀ।

ਕੁਝ ਸਮਾਂ ਪਹਿਲਾਂ ਤੱਕ ਅਸੀਂ ਪਾਣੀ ਦੇ ਮਾਮਲੇ ਵਿੱਚ ਖ਼ੁਸ਼ਹਾਲ ਮੰਨੇ ਜਾਂਦੇ ਸੀ। ਸਾਡੇ ਕੋਲ ਖੂਹ, ਛੱਪੜ, ਚਸ਼ਮੇ ਅਤੇ ਝੀਲਾਂ ਸਨ। ਸਦੀਵੀ ਨਦੀਆਂ ਸਨ। ਚੰਗੇ ਹਰੇ-ਭਰੇ ਜੰਗਲ ਸਨ, ਪਰ ਹੁਣ ਖੂਹ ਨਹੀਂ ਰਹੇ, ਛੱਪੜ ਘਟ ਗਏ ਹਨ ਅਤੇ ਨਦੀਆਂ ਨਹੀਂ ਬਚੀਆਂ ਹਨ। ਇੱਥੋਂ ਤੱਕ ਕਿ ਨਿੱਕੀਆਂ ਨਿੱਕੀਆਂ ਨਦੀਆਂ ਵੀ ਮੌਸਮੀ ਬਣ ਗਈਆਂ ਹਨ।

ਮੱਧ ਪ੍ਰਦੇਸ਼ ਦੇ ਸਤਪੁਰਾ ਖੇਤਰ ਦੀਆਂ ਬਹੁਤੀਆਂ ਸਦੀਵੀ ਨਦੀਆਂ ਸੁੱਕ ਗਈਆਂ ਹਨ। ਇੱਥੋਂ ਦੀਆਂ ਨਦੀਆਂ ਦੱਖਣ ਵਿੱਚ ਸਤਪੁਰਾ ਪਹਾੜਾਂ ਵਿੱਚੋਂ ਨਿਕਲਦੀਆਂ ਹਨ ਅਤੇ ਉੱਤਰ ਵਿੱਚ ਨਰਮਦਾ ਵਿੱਚ ਮਿਲਦੀਆਂ ਹਨ। ਪਰ ਇਨ੍ਹਾਂ ਦੇ ਸੁੱਕਣ ਕਾਰਨ ਨਰਮਦਾ ਵੀ ਕਮਜ਼ੋਰ ਹੋ ਗਈ ਹੈ। ਇਸ ਇਲਾਕੇ ਵਿੱਚ ਜੰਗਲ ਦੀ ਬਹੁਤਾਤ ਸੀ। ਇਹ ਹਰੇ-ਭਰੇ ਜੰਗਲ ਦਰਿਆਵਾਂ ਦੇ ਸੋਮੇ ਸਨ। ਇਸ ਲਈ ਇਨ੍ਹਾਂ ਨਦੀਆਂ ਨੂੰ ਵਣਪੁਤਰੀ ਅਤੇ ਵਣਜਾ ਵੀ ਕਿਹਾ ਜਾਂਦਾ ਹੈ। ਜਦੋਂ ਕਿ ਉੱਤਰੀ ਭਾਰਤ ਦੀਆਂ ਨਦੀਆਂ ਨੂੰ ਹਿਮਜਾ ਕਿਹਾ ਜਾਂਦਾ ਹੈ ਅਰਥਾਤ ਬਰਫ਼ ਤੋਂ ਵਗਦੀਆਂ ਨਦੀਆਂ। ਇਹ ਦਰਿਆ ਅਤੇ ਝਰਨੇ ਹਰ ਰੋਜ਼ ਵਹਿੰਦੇ ਸਨ।

ਦਰਿਆਵਾਂ ਦੇ ਕੰਢੇ ਸੱਭਿਅਤਾਵਾਂ ਵਧੀਆਂ ਹਨ। ਕਲਾ ਅਤੇ ਸੱਭਿਆਚਾਰ ਦਾ ਵਿਕਾਸ ਹੋਇਆ ਹੈ। ਇਨ੍ਹਾਂ ਕਿਨਾਰਿਆਂ ਦੇ ਨਾਲ-ਨਾਲ ਉਪਜਾਊ ਮਿੱਟੀ ਹੁੰਦੀ ਸੀ, ਜੋ ਲੋਕਾਂ ਦੀਆਂ ਖ਼ੁਰਾਕੀ ਲੋੜਾਂ ਪੂਰੀਆਂ ਕਰਦੀ ਸੀ। ਭੋਜਨ ਅਤੇ ਪਾਣੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ, ਜੋ ਉਨ੍ਹਾਂ ਨੇ ਪੂਰੀਆਂ ਕੀਤੀਆਂ ਹਨ।

ਨਦੀਆਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਨ੍ਹਾਂ ਦੀਆਂ ਕਹਾਣੀਆਂ ਧਾਰਮਿਕ ਗ੍ਰੰਥਾਂ ਅਤੇ ਪੁਰਾਣਾਂ ਵਿੱਚ ਵੀ ਮਿਲਦੀਆਂ ਹਨ। ਇੱਥੇ ਭਰਪੂਰ ਲੋਕ ਸਾਹਿਤ ਹੈ। ਸੱਭਿਆਚਾਰਕ ਤੌਰ 'ਤੇ ਉਨ੍ਹਾਂ ਦਾ ਜੀਵਨ ਵਿੱਚ ਅਹਿਮ ਸਥਾਨ ਹੈ। ਸ਼ਰਧਾਲੂ ਨਰਮਦਾ ਦੀ ਪੈਦਲ ਪਰਿਕਰਮਾ ਕਰਦੇ ਹਨ। ਇਸ ਦੇ ਕੰਢੇ ਲੱਗਣ ਵਾਲੇ ਮੇਲੇ ਮਸ਼ਹੂਰ ਹਨ। ਮੇਲੇ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੁੰਦੇ ਹਨ।

ਕਿਸੇ ਸਮੇਂ ਦਰਿਆ ਦੀ ਰੇਤ ਵਿੱਚ ਡੰਗਰਵਾੜੀ (ਤਰਬੂਜ-ਖਰਬੂਜੇ ਦੀ ਖੇਤੀ) ਕੀਤੀ ਜਾਂਦੀ ਸੀ। ਕਿਸਾਨ ਕੇਵਟ-ਕਹਾਰ ਬਰਾਦਰੀ ਦੇ ਲੋਕ ਦਰਿਆ ਵਿੱਚ ਡੇਰੇ ਲਾਉਂਦੇ ਸਨ। ਉਹ ਇੱਥੇ ਖੇਤੀ ਕਰਦੇ, ਰਹਿੰਦੇ ਅਤੇ ਨਦੀ ਦੀ ਉਸਤਤ ਕਰਦੇ ਗੀਤ ਗਾਉਂਦੇ ਸਨ। ਇਹੀ ਉਨ੍ਹਾਂ ਦੀ ਰੋਜ਼ੀ-ਰੋਟੀ ਸੀ ਪਰ ਹੁਣ ਸਥਿਤੀ ਬਦਲ ਗਈ ਹੈ। ਸੈਂਕੜੇ ਸਾਲਾਂ ਤੋਂ, ਸਦੀਵੀ ਦਰਿਆ, ਝੀਲਾਂ, ਝਰਨੇ, ਖੂਹ ਅਤੇ ਪੌੜੀਆਂ ਸੁੱਕ ਗਈਆਂ ਹਨ ਜਾਂ ਸੁੱਕਣ ਦੀ ਕਗਾਰ 'ਤੇ ਹਨ। ਇਸ ਕਾਰਨ ਸਿਰਫ਼ ਮਨੁੱਖਾਂ ਲਈ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਦੇ ਨਾਲ-ਨਾਲ ਸਮੁੱਚੇ ਜੀਵਤ ਸੰਸਾਰ ਲਈ ਪਾਣੀ ਦੀ ਸਮੱਸਿਆ ਪੈਦਾ ਹੋ ਗਈ ਹੈ।

ਪਾਣੀ ਦੇ ਸੰਕਟ ਦੇ ਡੂੰਘੇ ਹੋਣ ਅਤੇ ਦਰਿਆਵਾਂ ਦੇ ਸੁੱਕਣ ਦਾ ਇੱਕ ਕਾਰਨ ਜੰਗਲਾਂ ਦੀ ਤਬਾਹੀ ਵੀ ਹੈ। ਜਿਸ ਤਰ੍ਹਾਂ ਗੰਜੇ ਦੇ ਸਿਰ 'ਤੇ ਪਾਣੀ ਪਾ ਦਿੱਤਾ ਜਾਵੇ ਤਾਂ ਉਹ ਵਹਿ ਜਾਵੇਗਾ, ਇਸੇ ਤਰ੍ਹਾਂ ਜੇਕਰ ਜੰਗਲ ਨਾ ਹੋਣ ਤਾਂ ਪਾਣੀ ਵਹਿ ਜਾਵੇਗਾ। ਇਸ ਨੂੰ ਰੋਕਣ ਲਈ ਜੰਗਲ ਬਹੁਤ ਜ਼ਰੂਰੀ ਹਨ। ਪਹਿਲੀ ਗੱਲ ਤਾਂ ਜੰਗਲਾਂ ਕਾਰਨ ਜ਼ਿਆਦਾ ਬਰਸਾਤ ਹੁੰਦੀ ਹੈ ਪਰ ਜੰਗਲਾਂ ਦੀ ਅਣਹੋਂਦ ਕਾਰਨ ਘੱਟ ਜਾਂ ਅਨਿਯਮਿਤ ਬਰਸਾਤ ਹੋਣ ਦੀਆਂ ਰਿਪੋਰਟਾਂ ਹਨ।

ਜੰਗਲਾਂ ਦੇ ਅੰਦਰ ਝਾੜੀਆਂ, ਪੌਦਿਆਂ ਅਤੇ ਵੇਲਾਂ ਦੀਆਂ ਜੜ੍ਹਾਂ ਹੋਣ ਕਾਰਨ ਮਿੱਟੀ ਨਮੀਦਾਰ ਅਤੇ ਹਵਾਦਾਰ ਰਹੀ। ਇਸ ਲਈ ਪਾਣੀ ਧਰਤੀ ਵਿੱਚ ਸਮਾ ਗਿਆ। ਇਸ ਵਿੱਚ ਜੰਗਲੀ ਜਾਨਵਰ, ਕੀੜੇ, ਡੱਡੂ ਅਤੇ ਸੱਪ ਘੁਰਨੇ ਬਣਾਉਂਦੇ ਸਨ, ਜੋ ਧਰਤੀ ਹੇਠਲੇ ਪਾਣੀ ਨੂੰ ਲੀਕ ਕਰਨ ਵਿੱਚ ਮਦਦ ਕਰਦੇ ਸਨ। ਰੁੱਖਾਂ ਦੇ ਪੱਤਿਆਂ ਅਤੇ ਟਾਹਣੀਆਂ ਰਾਹੀਂ ਪਾਣੀ ਧਰਤੀ ਨੂੰ ਭਰ ਦਿੰਦਾ ਹੈ ਅਤੇ ਇਸ ਨਾਲ ਮਿੱਟੀ ਦੀ ਕਟੌਤੀ ਨਹੀਂ ਹੁੰਦੀ ਸੀ। ਕੁਦਰਤ ਕੋਲ ਪਾਣੀ, ਜੰਗਲਾਂ ਅਤੇ ਜੈਵਿਕ ਵਿਭਿੰਨਤਾ ਨੂੰ ਬਚਾਉਣ ਦਾ ਇੱਕ ਤਰੀਕਾ ਸੀ, ਜੋ ਵਿਗੜ ਗਿਆ ਹੈ।



ਜੰਗਲਾਂ ਵਿੱਚ ਕਮੀ ਕਾਰਨ ਤਾਪਮਾਨ ਵਿੱਚ ਕਾਫੀ ਵਾਧਾ ਹੋਇਆ ਹੈ। ਰੁੱਖ ਵੀ ਪਾਣੀ ਦਾ ਹੀ ਰੂਪ ਹਨ। ਜੰਗਲ ਨਾ ਸਿਰਫ਼ ਪਾਣੀ ਦੇ ਸਰੋਤ ਹਨ ਸਗੋਂ ਤਾਪਮਾਨ ਨੂੰ ਵੀ ਕੰਟਰੋਲ ਕਰਦੇ ਹਨ ਅਤੇ ਰੁੱਖਾਂ ਦੇ ਪੱਤੇ ਅਤੇ ਛੋਟੀਆਂ ਟਾਹਣੀਆਂ ਸੜ ਕੇ ਜੈਵਿਕ ਖਾਦ ਬਣਾਉਂਦੀਆਂ ਹਨ, ਜੋ ਖੇਤ ਨੂੰ ਉਪਜਾਊ ਬਣਾਉਂਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਚੰਗਾ ਝਾੜ ਮਿਲਦਾ ਹੈ।

ਅੱਜ ਦਰਿਆਵਾਂ ਨੂੰ ਬੰਨ੍ਹਿਆ ਜਾ ਰਿਹਾ ਹੈ। ਇਨ੍ਹਾਂ ਵਿੱਚ ਕੂੜਾ ਛੱਡਿਆ ਜਾ ਰਿਹਾ ਹੈ। ਰੇਤ ਦੀ ਖੁਦਾਈ ਕੀਤੀ ਗਈ ਹੈ ਜੋ ਪਾਣੀ ਨੂੰ ਸੋਖਣ ਵਾਲੇ ਵਾਂਗ ਆਪਣੇ ਆਪ ਨੂੰ ਜਜ਼ਬ ਕਰ ਲੈਂਦੀ ਹੈ। ਇਸ ਕਾਰਨ ਨਦੀਆਂ ਦਾ ਵਹਾਅ ਰੋਕਿਆ ਜਾ ਰਿਹਾ ਹੈ। ਪਾਣੀ ਦੀ ਜੈਵ ਵਿਭਿੰਨਤਾ ਅਲੋਪ ਹੋ ਰਹੀ ਹੈ। ਪਹਾੜ ਪੁੱਟੇ ਜਾ ਰਹੇ ਹਨ, ਜਿਸ ਕਾਰਨ ਕਈ ਨਦੀਆਂ ਅਤੇ ਪਾਣੀ ਦੇ ਸੋਮੇ ਸੁੱਕ ਰਹੇ ਹਨ। ਇਸ ਸਭ ਲਈ ਲੋਕਾਂ ਨੂੰ ਵੱਡੇ ਪੱਧਰ 'ਤੇ ਤਬਾਹ ਕੀਤਾ ਜਾ ਰਿਹਾ ਹੈ।

ਸ਼ਹਿਰੀਕਰਨ ਵਧ ਰਿਹਾ ਹੈ ਪਰ ਸ਼ਹਿਰਾਂ ਵਿੱਚ ਪਾਣੀ ਦਾ ਕੋਈ ਸਰੋਤ ਨਹੀਂ ਹੈ। ਬਾਹਰੋਂ ਪਾਣੀ ਲਿਆ ਕੇ ਇਮਾਰਤਾਂ ਬਣਾਈਆਂ ਜਾਂਦੀਆਂ ਹਨ ਤੇ ਹੁਣ ਤਾਂ ਪੀਣ ਵਾਲਾ ਪਾਣੀ ਵੀ ਬਾਹਰੋਂ ਆਉਂਦਾ ਹੈ। ਪਾਣੀ ਦੀ ਬੇਤਹਾਸ਼ਾ ਦੁਰਵਰਤੋਂ ਹੋ ਰਹੀ ਹੈ।

ਕੰਕਰੀਟ ਦੇ ਘਰਾਂ ਅਤੇ ਸੜਕਾਂ ਦੀ ਮੌਜੂਦਗੀ ਕਾਰਨ, ਪਾਣੀ ਜ਼ਮੀਨ ਵਿੱਚ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਰਸਾਇਣਕ ਖੇਤੀ ਕਾਰਨ ਜ਼ਮੀਨ ਵੀ ਸਖ਼ਤ ਹੋ ਗਈ ਹੈ, ਜਿਸ ਕਾਰਨ ਧਰਤੀ ਆਪਣਾ ਢਿੱਡ ਭਰਨ ਦੇ ਸਮਰੱਥ ਨਹੀਂ ਹੈ।

ਦਰਿਆਵਾਂ ਦੇ ਕੰਢਿਆਂ 'ਤੇ ਵੱਡੀ ਗਿਣਤੀ ਵਿੱਚ ਟਿਊਬਵੈੱਲਾਂ ਦੀ ਖੁਦਾਈ ਕੀਤੀ ਜਾ ਰਹੀ ਹੈ। ਡੀਜ਼ਲ ਪੰਪਾਂ ਨਾਲ ਸਿੱਧਾ ਖੇਤਾਂ ਵਿੱਚ ਪਾਣੀ ਚੁੱਕ ਕੇ ਸਿੰਚਾਈ ਕੀਤੀ ਜਾ ਰਹੀ ਹੈ। ਪਾਣੀ ਦਾ ਵਹਾਅ ਰੁਕ ਜਾਂਦਾ ਹੈ। ਇਸ ਲਈ ਨਦੀ ਹੌਲੀ-ਹੌਲੀ ਖ਼ਤਮ ਹੋ ਜਾਂਦੀ ਹੈ। ਜ਼ਿਆਦਾ ਪਾਣੀ ਪੀਣ ਵਾਲੀਆਂ ਫ਼ਸਲਾਂ ਬੀਜੀਆਂ ਜਾ ਰਹੀਆਂ ਹਨ। ਪਾਣੀ ਦੀ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਹੈ।

ਜਲਵਾਯੂ ਤਬਦੀਲੀ ਨੂੰ ਵੱਡੀ ਚਿੰਤਾ ਦਾ ਕਾਰਨ ਮੰਨਿਆ ਜਾ ਰਿਹਾ ਹੈ। ਅੱਜ-ਕੱਲ੍ਹ ਬਰਸਾਤ ਜਾਂ ਤਾਂ ਨਹੀਂ ਹੁੰਦੀ, ਜਾਂ ਘੱਟ, ਅਨਿਯਮਿਤ ਜਾਂ ਜ਼ਿਆਦਾ ਹੁੰਦੀ ਹੈ। ਭਾਵ ਮੌਸਮ ਬਾਰੇ ਅਨਿਸ਼ਚਿਤਤਾ ਬਣੀ ਰਹਿੰਦੀ ਹੈ। ਕੁਝ ਸਾਲਾਂ ਤੋਂ ਮੀਂਹ ਘੱਟ ਰਿਹਾ ਹੈ, ਇਸ ਦਾ ਕਾਰਨ ਵੀ ਮੌਸਮ ਹੈ

ਕੁੱਲ ਮਿਲਾ ਕੇ ਸਾਨੂੰ ਪਾਣੀ ਦੇ ਰਵਾਇਤੀ ਸਰੋਤਾਂ ਨੂੰ ਬਹਾਲ ਕਰਨਾ ਹੋਵੇਗਾ। ਰੁੱਖਾਂ ਦੀ ਖੇਤੀ ਜਾਂ ਘੱਟ-ਘੱਟ ਫਲਾਂ ਵਾਲੇ ਦਰੱਖਤ ਛਾਂ 'ਤੇ ਲਗਾਉਣੇ ਪੈਣਗੇ, ਤਾਂ ਜੋ ਖੇਤਾਂ ਵਿੱਚ ਨਮੀ ਹੋਵੇ। ਕੁਪੋਸ਼ਣ ਨੂੰ ਘਟਾਉਣ ਲਈ ਦਰਿਆਵਾਂ ਦੇ ਕੰਢਿਆਂ 'ਤੇ ਜੰਗਲਾਤ, ਛੋਟੇ ਸਟਾਪ ਡੈਮ ਅਤੇ ਪਹਾੜੀਆਂ 'ਤੇ ਹਰਿਆਲੀ ਨੂੰ ਬਹਾਲ ਕਰਨਾ ਹੋਵੇਗਾ। ਮਿੱਟੀ, ਪਾਣੀ ਅਤੇ ਵਾਤਾਵਰਣ ਨੂੰ ਬਚਾਉਣਾ ਹੋਵੇਗਾ।

ਇਸ ਤੋਂ ਇਲਾਵਾ ਸਾਨੂੰ ਰਵਾਇਤੀ ਖੇਤੀ ਅਤੇ ਸਿੰਚਾਈ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਜ਼ਮੀਨ, ਪਾਣੀ ਦੇ ਸੋਮਿਆਂ, ਲੋੜਾਂ ਅਤੇ ਸਰੋਤਾਂ ਵਿਚਕਾਰ ਤਾਲਮੇਲ ਕਾਇਮ ਰੱਖਦੇ ਹੋਏ ਸਿੰਚਾਈ ਦੇ ਕਈ ਸਾਧਨ ਵਿਕਸਿਤ ਕੀਤੇ ਗਏ। ਪਾਣੀ ਦੀਆਂ ਪਰੰਪਰਾਵਾਂ ਦਾ ਤਾਣਾ-ਬਾਣਾ ਬਣ ਗਿਆ। ਜਿਸ ਤਹਿਤ ਛੱਪੜਾਂ, ਖੂਹਾਂ, ਨਦੀਆਂ ਅਤੇ ਨਾਲਿਆਂ ਦਾ ਵਹਾਅ ਮੋੜ ਕੇ ਖੇਤਾਂ ਵਿੱਚ ਪਾਣੀ ਪਹੁੰਚਾਇਆ ਗਿਆ। ਸਤਪੁਰਾ ਖੇਤਰ ਵਿੱਚ ਹੀ ਪਹਾੜੀ

(ਬਾਕੀ ਸਫ਼ਾ 31 'ਤੇ)

# ਤਬਾਹ ਹੋ ਰਹੀ ਹੈ ਜੰਗਲੀ ਦੌਲਤ

ਨਵੰਬਰ 2023 ਤੋਂ ਹੁਣ ਤੱਕ, ਉੱਤਰਾਖੰਡ ਦੇ ਸਾਰੇ ਖੇਤਰਾਂ ਵਿੱਚ ਅੱਗ ਲੱਗਣ ਦੀਆਂ ਲਗਭਗ ਇੱਕ ਹਜ਼ਾਰ ਦੋ ਸੌ ਬਿਆਲੀ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਜਿਸ ਕਾਰਨ 1,696 ਹੈਕਟੇਅਰ ਖੇਤਰ ਦੀ ਜੰਗਲੀ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਹੈ। ਹੁਣ ਤੱਕ ਘੱਟੋ-ਘੱਟ ਦਸ ਲੋਕਾਂ ਦੀ ਮੌਤ ਹੋ ਚੁੱਕੀ ਹੈ। ਜੈਵ ਵਿਭਿੰਨਤਾ ਦੇ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਜੈਵ ਵਿਭਿੰਨਤਾ ਅਤੇ ਆਬਾਦੀ ਦੇ ਨੁਕਸਾਨ ਨੂੰ ਅਜੇ ਰੋਕਿਆ ਜਾਣਾ ਬਾਕੀ ਹੈ, ਜਿਸ ਨੂੰ ਤੁਰੰਤ ਕਾਬੂ ਕਰਨ ਦੀ ਲੋੜ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸੂਬੇ ਦੇ ਕੁਮਾਊਂ ਡਿਵੀਜ਼ਨ ਵਿੱਚ ਸਭ ਤੋਂ ਵੱਧ 598 ਅਤੇ ਗੜ੍ਹਵਾਲ ਡਿਵੀਜ਼ਨ ਵਿੱਚ 532 ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ। ਪਿਛਲੇ ਅੱਠ ਮਹੀਨਿਆਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਕਾਰਨ ਨਾ ਸਿਰਫ਼ ਜੰਗਲੀ ਦੌਲਤ ਤਬਾਹ ਹੋਈ ਹੈ, ਸਗੋਂ ਵੱਡੇ ਖੇਤਰ ਵਿੱਚ ਗਰਮੀ ਵੀ ਵਧੀ ਹੈ। ਇਸ ਦਾ ਪ੍ਰਭਾਵ ਰਾਣੀਖੇਤ ਅਤੇ ਅਲਮੋੜਾ ਦੇ ਜੰਗਲਾਂ ਵਿੱਚ ਬੇਕਾਬੂ ਅੱਗ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਅੱਗ ਕਾਰਨ ਨਾ ਸਿਰਫ਼ ਜੰਗਲ ਸੜ ਰਹੇ ਹਨ, ਸਗੋਂ ਲੋਕਾਂ ਦੇ ਘਰਾਂ, ਦੁਕਾਨਾਂ ਅਤੇ ਦਫ਼ਤਰਾਂ ਦਾ ਵੀ ਨੁਕਸਾਨ ਹੋ ਰਿਹਾ ਹੈ। ਇਕੱਲੇ ਦਿੱਲੀ ਵਿੱਚ 26 ਮਈ 2024 ਤੱਕ 8912 ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ 55 ਲੋਕਾਂ ਦੀ ਜਾਨ ਜਾ ਚੁੱਕੀ ਹੈ। ਅਰਬਾਂ ਰੁਪਏ ਦਾ ਨੁਕਸਾਨ ਹੋਇਆ ਹੈ। , ਹਰ ਸਾਲ ਦੇਸ਼ ਅਤੇ ਦੁਨੀਆਂ ਵਿੱਚ ਅੱਗ ਲੱਗਣ ਦੀਆਂ ਲੱਖਾਂ ਘਟਨਾਵਾਂ ਵਾਪਰਦੀਆਂ ਹਨ, ਜਿਸ ਕਾਰਨ ਕਰੋੜਾਂ ਦੀ ਜਾਇਦਾਦ ਤਬਾਹ ਹੋ ਜਾਂਦੀ ਹੈ, ਪਸ਼ੂ ਮਾਰੇ ਜਾਂਦੇ ਹਨ ਅਤੇ ਬਹੁਤ ਸਾਰੇ ਲੋਕ ਇਸ ਦਾ ਸ਼ਿਕਾਰ ਹੋ ਜਾਂਦੇ ਹਨ। ਅੱਗ 'ਤੇ ਕਾਬੂ ਪਾਉਣ ਅਤੇ ਮੁਸਤੈਦੀ ਦੇ ਸਰਕਾਰਾਂ ਦੇ ਸਾਰੇ ਦਾਅਵੇ ਬੇਕਾਰ ਹੀ ਰਹੇ। ਹੁਣ ਤੱਕ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅੱਗ ਲੱਗਣ ਦੀਆਂ 22 ਹਜ਼ਾਰ ਤੋਂ ਵੱਧ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਸ ਕਾਰਨ ਕਰੋੜਾਂ-ਅਰਬਾਂ ਦੀ ਜਾਇਦਾਦ ਤਬਾਹ ਹੋ ਚੁੱਕੀ ਹੈ। ਪਸ਼ੂਆਂ ਅਤੇ ਲੋਕਾਂ ਦੀ ਜਾਇਦਾਦ ਦਾ ਨੁਕਸਾਨ ਵੱਖਰਾ ਮਾਮਲਾ ਹੈ।

ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਜੰਗਲਾਂ 'ਚ ਅੱਗ ਲੱਗਣ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਖਾਸ ਤੌਰ 'ਤੇ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਰਗੇ ਪਹਾੜੀ ਰਾਜ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ। ਭਾਵੇਂ ਮੱਧ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ, ਅਸਾਮ, ਮਹਾਰਾਸ਼ਟਰ ਅਤੇ ਹੋਰ ਰਾਜਾਂ ਵਿੱਚ ਅੱਗ ਨਾਲ ਜੰਗਲ ਤਬਾਹ ਹੋ ਚੁੱਕੇ ਹਨ, ਪਰ ਇੰਨੀ ਵੱਡੀ ਪੱਧਰ 'ਤੇ ਤਬਾਹੀ ਦੋ ਪਹਾੜੀ ਰਾਜਾਂ ਵਿੱਚ ਦੇਖਣ ਨੂੰ ਮਿਲਦੀ ਹੈ, ਕਿਸੇ ਹੋਰ ਰਾਜ ਵਿੱਚ ਨਹੀਂ ਦਿਖਾਈ ਦਿੰਦੀ। ਪਿਛਲੇ 30 ਸਾਲਾਂ ਵਿੱਚ ਅੱਗ ਲੱਗਣ ਦੀਆਂ ਲੱਖਾਂ ਛੋਟੀਆਂ-ਵੱਡੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਲੱਖਾਂ ਹੈਕਟੇਅਰ ਜੰਗਲ ਪ੍ਰਭਾਵਿਤ ਹੋਏ ਹਨ। ਜੈਵ ਵਿਭਿੰਨਤਾ ਨੂੰ ਤਬਾਹ ਕਰ ਦਿੱਤਾ ਗਿਆ ਹੈ ਅਤੇ ਜਾਨਵਰ ਮਾਰੇ ਗਏ ਹਨ। ਨੈਸ਼ਨਲ ਇੰਸਟੀਚਿਊਟ ਆਫ਼ ਡਿਜ਼ਾਸਟਰ ਮੈਨੇਜਮੈਂਟ ਦੇ ਅਨੁਸਾਰ, ਭਾਰਤ ਦੇ 50 ਪ੍ਰਤੀਸ਼ਤ ਜੰਗਲਾਂ ਨੂੰ ਅੱਗ ਦਾ ਖ਼ਤਰਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਹਿਮਾਚਲ, ਜੰਮੂ, ਉੱਤਰਾਖੰਡ, ਮਹਾਰਾਸ਼ਟਰ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਅਸਾਮ ਵਿੱਚ ਹਨ। ਸੁੱਕੇ ਪੱਤਿਆਂ ਅਤੇ ਸੰਘਣੀ ਝਾੜੀਆਂ ਨੂੰ ਸਾੜਨ ਲਈ ਕਈ ਵਾਰ ਅੱਗ ਲਗਾਈ ਜਾਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਸਥਾਨਕ ਨਿਵਾਸੀਆਂ ਦੁਆਰਾ ਛੋਟੇ ਖੇਤਰਾਂ ਵਿੱਚ ਸੁੱਕੇ ਪੱਤਿਆਂ ਅਤੇ ਛੋਟੀਆਂ ਸੁੱਕੀਆਂ ਟਾਹਣੀਆਂ ਨੂੰ ਸਾੜਨ ਨਾਲ ਵੱਡੀ ਵਿਨਾਸ਼ਕਾਰੀ ਅੱਗ ਦੀਆਂ ਘਟਨਾਵਾਂ ਨਹੀਂ ਹੁੰਦੀਆਂ ਹਨ, ਇਸ ਲਈ ਜੰਗਲੀ ਖੇਤਰ ਦੇ ਵਾਤਾਵਰਣ ਅਤੇ ਬਨਸਪਤੀ ਅਤੇ ਜੀਵ-ਜੰਤੂਆਂ ਦੇ ਨੁਕਸਾਨ ਦਾ ਕੋਈ ਖ਼ਤਰਾ ਨਹੀਂ ਹੈ। ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਅਜਿਹੇ ਲੋਕਾਂ ਨੂੰ ਵੱਡੇ ਪੱਧਰ 'ਤੇ ਸਿਖਲਾਈ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਛੋਟੇ ਖੇਤਰਾਂ ਵਿੱਚ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਾਲੇ ਨਦੀਨਾਂ ਨੂੰ ਸਾੜਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਪਰ ਇਹ ਕੰਮ ਬੜੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ। ਕਈ ਵਾਰ ਛੋਟੀ ਜਿਹੀ ਅੱਗ ਵੱਡੀ ਅੱਗ ਵਿੱਚ ਬਦਲ ਜਾਂਦੀ ਹੈ ਅਤੇ ਤਬਾਹੀ ਦਾ ਕਾਰਨ ਬਣ ਜਾਂਦੀ ਹੈ। ਅਸਲ ਵਿੱਚ, ਪਹਾੜੀ ਜੀਵਨ ਮੈਦਾਨੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨਾਲੋਂ ਕਈ ਮਾਇਨਿਆਂ ਵਿੱਚ ਵੱਖਰਾ ਹੈ। ਪਹਾੜੀ ਖੇਤਰਾਂ ਦੇ ਵਸਨੀਕਾਂ ਨੂੰ ਜੰਗਲਾਂ ਨੇ ਰੋਜ਼ੀ-ਰੋਟੀ ਪ੍ਰਦਾਨ ਕੀਤੀ ਹੈ। ਜੰਗਲਾਂ ਵਿੱਚੋਂ ਫਲ, ਫੁੱਲ, ਮੇਵੇ, ਦਵਾਈਆਂ, ਬਾਲਣ ਅਤੇ ਘਰ ਬਣਾਉਣ ਲਈ ਲੱਕੜ ਵੀ ਆਸਾਨੀ ਨਾਲ ਉਪਲਬਧ ਸੀ।



(ਬਾਕੀ ਸਫ਼ਾ 31 'ਤੇ)


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
AMBEST
FUEL CARDS
NO CREDIT - NO PROBLEM
BEST CUSTOMER SERVICE
QUIKQ
WEX
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਲੀਵ ਆਊਟ

ਅੰਮ੍ਰਿਤਪਾਲ ਕਲੇਰ ਚੀਦਾ



ਬਘੇਲ ਸਿੰਹੁ ਦੇ ਸੱਥਰ 'ਤੇ ਬੈਠੀਆਂ ਬੁੜ੍ਹੀਆਂ ਮੂੰਹੋਂ-ਮੂੰਹ ਬੋਲ ਰਹੀਆਂ ਸਨ।

"ਅਖੇ ਭੈਣੇ ਚੰਗਾ ਭਲਾ ਤਾਂ ਗਿਆ ਸੀ ਚੰਦਰਾ।" ਸੀਤੋ ਚੁੰਨੀ ਦਾ ਪੱਲਾ ਮੂੰਹ ਵਿੱਚ ਪਾਈ ਬੈਠੀ ਬੋਲ ਰਹੀ ਸੀ।

"ਨੀ ਬਾਹਲ਼ਾ ਈ ਚਾਓ ਸੀ ਉਹਨੂੰ ਕੈਨੇਡਾ ਜਾਣ ਦਾ, ਧਰਤੀ 'ਤੇ ਪੱਬ ਨ੍ਹੀਂ ਸੀ ਲੱਗਦਾ। ਜਾਣ ਤੋਂ ਚਹੁੰ ਕੁ ਦਿਨ ਪਹਿਲਾਂ ਸਾਡੇ ਸੋਨੀ ਨਾਲ ਸ਼ਹਿਰੋਂ ਜਾ ਕੇ ਦੋ ਤਿੰਨ ਪਜਾਮੇ ਜੇ ਖਰੀਦ ਕੇ ਲਿਆਇਆ, ਬਾਹਲ਼ਾ ਈ ਹੱਸੀ ਜਾਵੇ, ਮੈਨੂੰ ਹੱਸ ਹੱਸ ਕੇ ਆਖੇ, 'ਅਖੇ ਦਲੀਪੋ, ਮੈਂ ਤਾਂ ਉੱਥੇ ਪਜਾਮੇ ਪਾ ਕੇ ਬਰਫ਼ ਹੂੰਝਿਆ ਕਰੂੰ। ਬਾਹਲੀਆਂ ਚਹੇਡਾਂ ਕਰਦਾ ਸੀ ਮੈਨੂੰ।"

ਦਲੀਪ ਕੌਰ ਨੇ ਪਾਣੀ ਦੀ ਘੁੱਟ ਲੰਘਾਉਂਦਿਆਂ ਕਿਹਾ। ਉਹ ਉਨ੍ਹਾਂ ਦੀ ਗੁਆਂਢਣ ਸੀ ਅਤੇ ਰਿਸ਼ਤੇ ਵਿੱਚ ਬਘੇਲ ਸਿੰਹੁ ਦੀ ਭਰਜਾਈ ਲੱਗਦੀ ਸੀ।

ਗਰਮੀ ਦੀ ਦਸਤਕ ਨਾਲ ਕਣਕਾਂ ਨੇ ਰੰਗ ਵਟਾ ਲਏ ਸਨ। ਚੇਤ ਮਹੀਨੇ ਦਾ ਪਿਛਲਾ ਪੱਖ ਚੱਲ ਰਿਹਾ ਸੀ। ਕੂੰਜਾਂ ਦੀਆਂ ਡਾਰਾਂ ਨੇ ਆਪਣੇ ਖੇੜਿਆਂ ਵੱਲ ਨੂੰ ਵਹੀਰਾਂ ਘੱਤ ਲਈਆਂ ਸਨ। ਕਣਕਾਂ ਦੀ ਜੋਬਨ ਰੁੱਤੇ ਸੁਨਹਿਰੀ ਭਾਹ ਮਾਰਦੇ ਖੇਤ, ਕਿਸਾਨਾਂ ਤੇ ਕਾਮਿਆਂ ਨੂੰ ਨਸ਼ਿਆਉਂਦੇ ਸਨ। ਬਘੇਲ ਸਿੰਹੁ ਕੈਨੇਡਾ ਤੋਂ ਮਹੀਨੇ ਮਗਰੋਂ ਹੀ ਪੰਜਾਬ ਆ ਗਿਆ ਸੀ। ਉਸ ਦਾ ਪੀਲ਼ਾ ਪਿਆ ਚਿਹਰਾ, ਸਦੀਆਂ ਦੀ ਜੰਮੀ ਧੂੜ ਵਾਂਗ ਲੱਗ ਰਿਹਾ ਸੀ। ਉਸ ਦੇ ਚਿਹਰੇ ਦੀ ਪਿਲੱਤਣ ਨੂੰ ਪੰਜਾਹ ਵਿੱਘੇ ਲਹਿਲਹਾਉਂਦੀ ਕਣਕ ਨੇ ਵੀ ਖੇੜਾ ਨਾ ਦਿੱਤਾ।

ਬਘੇਲ ਸਿੰਹੁ, ਚਕਰ ਦਸੌਂਧਾ ਪਿੰਡ ਦੇ ਕਹਿੰਦੇ ਕਹਾਉਂਦੇ ਜ਼ਿਮੀਦਾਰਾਂ ਵਿੱਚੋਂ ਇੱਕ ਸੀ। ਇਕੱਲੇ ਨੂੰ ਪੰਜਾਹ ਕਿੱਲੇ ਜ਼ਮੀਨ ਦੇ ਆਉਂਦੇ ਸਨ। ਆਪਣੇ ਮਾਂ ਬਾਪ ਦੇ ਇਕੱਲਾ ਹੀ ਪੁੱਤਰ ਸੀ। ਇੱਕ ਵੱਡੀ ਭੈਣ ਸੀ, ਜੋ ਪੰਜ ਛੇ ਸਾਲਾਂ ਦੀ ਹੋ ਕੇ ਮੁੱਕ ਗਈ ਸੀ।

ਬਘੇਲ ਸਿੰਹੁ ਦਾ ਪਿੰਡ ਦੇ ਵਿਚਾਲੇ ਦੋ ਵੱਡੀਆਂ ਗਲ਼ੀਆਂ ਵਿਚਕਾਰ ਹਵੇਲੀਨੁਮਾ ਘਰ ਸੀ। ਲੋਹੇ ਦੇ ਵੱਡੇ ਕਿੱਲਾਂ ਵਾਲਾ ਵੱਡਾ ਦਰਵਾਜ਼ਾ। ਦਰਵਾਜ਼ੇ ਦੇ ਨਾਲ ਲੱਗਦਾ ਵੱਡਾ ਸਾਰਾ ਸਲੇਟਾਂ ਦਾ ਸ਼ੈੱਡ ਸੀ, ਜੋ ਅੱਧਾ ਪਸ਼ੂ ਢਾਂਡਾ ਬੰਨ੍ਹਣ ਲਈ ਅਤੇ ਅੱਧਾ ਖੇਤੀ ਦੇ ਸੰਦ ਰੱਖਣ ਲਈ ਸੀ। ਨਾਲ ਹੀ ਅੱਧਾ ਵਰਾਂਡਾ ਵਿਚਾਲ਼ੇ ਪੰਜ ਇੰਚੀ ਕੰਧ ਕੱਢ ਕੇ ਤੂੜੀ ਨਾਲ ਭਰਿਆ ਹੁੰਦਾ। ਤੂੜੀ ਉੱਤੇ ਸਲੰਘ, ਤੰਗਲੀ, ਪੰਜਾਲੀਆਂ, ਕਸੀਏ, ਕਸੌਲੀ, ਮਾਲ ਡੰਗਰ ਨੂੰ ਤੂੜੀ ਪਾਉਣ ਵਾਲੇ (ਤੂਤ ਦੀਆਂ ਛਟੀਆਂ ਦੇ ਘਰੇ ਬਣਾਏ) ਟੋਕਰੇ, ਟੋਕਰੀਆਂ, ਬੋਰੀਆਂ ਦੀਆਂ ਪੱਲੀਆਂ ਸਿਉਂਤੀਆਂ ਹੋਈਆਂ ਅਤੇ ਵਾਣ ਦੇ ਰੱਸੇ ਪਏ ਹੁੰਦੇ। ਤੂੜੀ ਦੇ ਨਾਲ ਹੀ ਇੱਕ ਪਾਸੇ ਪਸ਼ੂਆਂ ਦੀ ਲੇਟੀ ਹਾਰੇ ਵਿੱਚ ਗੋਹੇ ਪਾ ਕੇ ਰਿੱਝਣੀ ਧਰੀ ਹੁੰਦੀ, ਵੜੇਵਿਆਂ ਅਤੇ ਸਰ੍ਹੋਂ ਦੀ ਖਲ਼ ਵਾਲੀਆਂ ਬੋਰੀਆਂ ਹਾਰੇ ਦੇ ਨਾਲ ਹੀ ਪਈਆਂ ਹੁੰਦੀਆਂ। ਅੱਧੇ ਸ਼ੈੱਡ ਵਿੱਚ ਖੇਤੀ ਦੇ ਸੰਦ ਟਰੈਕਟਰ, ਟਰਾਲੀ, ਹਲ਼, ਕਣਕ ਬੀਜਣ ਵਾਲੀ ਮਸ਼ੀਨ, ਸੁਹਾਗਾ, ਹਲ਼, ਤਵੀਆਂ, ਰੋਟਾਵੇਟਰ, ਟਰਾਲਾ, ਜੀਪ ਆਦਿ ਖੜ੍ਹੇ ਹੁੰਦੇ। ਵੱਡੇ ਦਲਾਨ ਵਿੱਚ ਕੰਧ ਨਾਲ ਪਸ਼ੂਆਂ ਦੀਆਂ ਖੁਰਲੀਆਂ ਬਣਾਈਆਂ ਹੋਈਆਂ ਸਨ। ਅੱਗੇ ਜਾ ਕੇ ਵਰਾਂਡੇ ਸਨ, ਜੋ ਕਾਲ਼ੇ ਸ਼ੀਸ਼ੇ ਦੇ ਦਰਵਾਜ਼ਿਆਂ ਨਾਲ ਕਵਰ ਕੀਤੇ ਹੋਏ ਸਨ। ਵਰਾਂਡਿਆਂ ਤੋਂ ਤੀਹ ਕੁ ਫੁੱਟ ਅੱਗੇ ਕਰਕੇ ਦੋਵਾਂ ਪਾਸਿਆਂ ਤੋਂ ਪੰਜ ਪੰਜ ਫੁੱਟ ਕੰਧ ਕੱਢੀ ਹੋਈ ਸੀ ਅਤੇ ਵਿਚਕਾਰ ਲੋਹੇ ਦਾ ਗੇਟ ਲੱਗਿਆ ਹੋਇਆ ਸੀ। ਚੁੱਲ੍ਹਾ ਚੌਂਕਾ ਕੰਧ ਤੋਂ ਅੱਗੇ ਕਰਕੇ ਵਰਾਂਡਿਆਂ ਦੇ ਨਾਲ ਸੀ। ਚੁੱਲ੍ਹੇ ਕੋਲ ਕਿਸੇ ਸੀਰੀ ਪਾਲ਼ੀ ਨੂੰ ਜਾਣ ਦੀ ਆਗਿਆ ਨਹੀਂ ਸੀ। ਸੀਰੀਆਂ ਨੂੰ ਕੰਮ 'ਤੇ ਰੱਖਣ ਸਮੇਂ ਉਸ ਦੀ ਇਹ ਸਖ਼ਤ ਤਾੜਨਾ ਹੁੰਦੀ ਸੀ ਕਿ ਤੁਸੀਂ ਵਰਾਂਡੇ ਤੱਕ ਨਹੀਂ ਜਾਓਗੇ। ਕੰਮ ਧੰਦੇ ਬਾਬਤ ਪੁੱਛਣ ਲਈ ਉਹ ਬਘੇਲ ਸਿੰਹੁ ਦੀ ਘਰਵਾਲੀ ਨੂੰ "ਸਰਦਾਰਨੀਏ" ਕਹਿ ਕੇ ਪੁੱਛਦੇ।

ਇੱਕ ਵਾਰ ਕੀ ਹੋਇਆ ਕਿ ਪੋਹ ਦਾ ਮਹੀਨਾ ਸੀ, ਠੰਢ ਵੀ ਲੋਹੜਿਆਂ ਦੀ। ਵਿਹੜੇ ਵਾਲ਼ਿਆਂ ਦਾ ਬਸਾਖਾ ਵਰਾਂਡੇ ਵਿੱਚੋਂ ਦੀ ਹੁੰਦਾ ਹੋਇਆ ਚੁੱਲ੍ਹੇ ਵੱਲ ਨੂੰ ਹੋ ਗਿਆ ਕਿ ਠਰੇ ਹੱਥਾਂ ਨੂੰ ਅੱਗ ਉੱਤੇ ਸੇਕ ਲਵਾਂ। ਬਘੇਲ ਸਿੰਹੁ ਨੂੰ ਅੰਦਰ ਖੜ੍ਹੇ ਨੂੰ ਪਤਾ ਲੱਗ ਗਿਆ ਅਤੇ ਅੰਦਰੋਂ ਹੀ ਲਲਕਾਰਾ ਮਾਰਿਆ,

"ਅੱਗੇ ਕਿੱਧਰ ਮੂੰਹ ਚੱਕੀ ਆਉਨਾ ਉਏ?"

ਬਸਾਖੇ ਦਾ ਹੀਆ ਨਾ ਪਿਆ ਕਿ ਉਹਨੂੰ ਅੱਗੋਂ ਕਹੇ, 'ਸਰਦਾਰਾ, ਚੁੱਲ੍ਹੇ 'ਤੇ ਹੱਥ ਸੇਕਣੇ ਸੀ', ਤੇ ਉਹ ਉੱਥੋਂ ਹੀ ਨੀਵੀਂ ਜਿਹੀ ਪਾ ਕੇ ਪਿਛਾਂਹ ਨੂੰ ਮੁੜ ਗਿਆ।

ਬਘੇਲ ਸਿੰਹੁ ਦੇ ਨਾਲ ਹਰ ਸਾਲ ਘੱਟੋ ਘੱਟ ਤਿੰਨ ਸੀਰੀ ਸੀਰ ਨਾਲ ਰਲਦੇ ਸਨ। ਜਵਾਨੀ ਵਿੱਚ ਉਸ ਨੂੰ ਘੋੜੇ ਘੋੜੀਆਂ ਰੱਖਣ ਦਾ ਵੀ ਬਹੁਤ ਸ਼ੌਕ ਸੀ। ਉਸ ਦੇ ਅਸਤਬਲ ਵਿੱਚ ਚੰਗੀ ਨਸਲ ਦੇ ਘੋੜੇ ਸਨ। ਕਾਲ਼ਾ ਸ਼ਾਹ ਉਸ ਦਾ ਪਸੰਦੀਦਾ ਘੋੜਾ ਸੀ। ਜਦੋਂ ਉਸ ਨੇ ਮੇਲੇ ਜਾਣਾ ਹੁੰਦਾ ਤਾਂ ਉਹ ਸ਼ਾਹ ਉੱਤੇ ਹੀ ਕਾਠੀ ਪਾਉਂਦਾ। ਉਨ੍ਹਾਂ ਦੇ ਪਿੰਡ ਚਕਰ ਦਸੌਂਧਾ ਤੋਂ ਤਿੰਨ ਕੁ ਮੀਲ ਉੱਤੇ 'ਜ਼ਨਤ ਸ਼ਰੀਫਾਂ' ਦਾ ਮੇਲਾ ਭਰਦਾ ਸੀ। ਮੇਲੇ ਵਿੱਚ ਬੜੀਟਿੱਬੇ ਵਾਲੇ ਨਕਲੀਏ ਆਉਂਦੇ, ਉਸ ਨੂੰ ਉਹ ਬਹੁਤ ਪਸੰਦ ਸਨ। ਉਹ ਸੌ ਸੌ ਰੁਪਏ ਦੀ ਵੇਲ ਕਰਾਉਂਦਾ। ਜਦੋਂ ਨਚਾਰ ਕਲਾਕਾਰ ਨੱਚਦਾ ਨੱਚਦਾ

"ਬਘੇਲ ਸਿੰਹੁ ਦੀ ਸੌ ਰੁਪਏ ਦੀ ਵੇਲ," ਗਾਉਂਦਾ ਤਾਂ ਉਹ ਮੁੱਛਾਂ ਨੂੰ ਵੱਟ ਦੇ ਕੇ ਹੋਰ ਚੌੜਾ ਹੋ ਜਾਂਦਾ। ਉਸ ਨੂੰ ਇਸ ਮੇਲੇ ਦਾ ਅਵੱਲਾ ਹੀ ਚਾਅ ਚੜ੍ਹਿਆ ਹੁੰਦਾ। ਜ਼ਨਤ ਸ਼ਰੀਫਾਂ ਦਾ ਮੇਲਾ ਤਿੰਨ ਦਿਨ ਭਰਦਾ। ਉੱਥੇ ਦੋ ਸ਼ਰੀਫਾਂ ਅਤੇ ਇੱਕ ਪੀਰ ਦੀ ਮਜ਼ਾਰ ਸੀ। ਪਹਿਲੇ ਦਿਨ ਨਵੇਂ ਵਿਆਹੇ ਗੰਢ ਜੋੜੇ ਟਿੱਲੇ ਉੱਤੇ ਸ਼ਰੀਫਾਂ ਦੀ ਮਿੱਟੀ ਕੱਢਦੇ, ਦੂਜੇ ਦਿਨ ਮਜ਼ਾਰ ਉੱਤੇ ਆਟੇ ਦੇ ਬਣੇ ਘਿਓ ਦੇ ਦੀਵੇ ਬਾਲ਼ਦੇ ਅਤੇ ਮੇਲੇ ਦੇ ਅਖ਼ੀਰਲੇ ਦਿਨ ਪੀਰ ਦੀ ਮਜ਼ਾਰ ਉੱਤੇ ਕੱਵਾਲੀਆਂ ਦੀ ਰਾਤ ਹੁੰਦੀ। ਮਲੇਰਕੋਟਲੇ ਤੋਂ ਕਰਾਮਾਤ ਅਲੀ ਅਤੇ ਹੋਰ ਖ਼ਾਸ ਕੱਵਾਲ ਬੁਲਾਏ ਜਾਂਦੇ। ਬਘੇਲ ਸਿੰਹੁ ਮੇਲੇ ਦੇ ਤਿੰਨੇ ਦਿਨ ਕੁੜਤਾ ਚਾਦਰਾ, ਤਿੱਲੇ ਤੇ ਨੋਕਾਂ ਵਾਲਾ ਜੋੜਾ, ਮਾਵੇ ਵਾਲੀ ਪੱਗ ਬੰਨ੍ਹ ਕੇ ਟੌਰਾ ਛੱਡਿਆ ਹੁੰਦਾ, ਲੱਕ ਦੁਆਲੇ ਰੌਂਦਾ ਵਾਲੀ ਪੇਟੀ ਬੰਨ੍ਹੀ ਹੁੰਦੀ ਤੇ ਹੱਥ ਵਿੱਚ ਦੁਨਾਲੀ ਬੰਦੂਕ, ਗਲ ਵਿੱਚ ਸੋਨੇ ਦਾ ਕੈਂਠਾ, ਹੱਥ ਵਿੱਚ ਕੜਾ ਪਾ ਘੋੜੇ 'ਤੇ ਸਵਾਰ ਹੋ ਕੇ ਮੇਲੇ ਜਾਂਦਾ। ਉਹ ਜਿੱਥੋਂ ਦੀ ਵੀ ਲੰਘਦਾ ਲੋਕ ਖੜ੍ਹ ਖੜ੍ਹ ਕੇ ਦੇਖਦੇ। ਕੰਮੀ ਲੋਕ ਉਸ ਨੂੰ ਨੀਵੀਂ ਪਾ ਹੱਥ ਚੁੱਕ ਕੇ ਦੁਆ ਸਲਾਮ ਕਰਦੇ। ਰੰਗੜਊ ਐਨਾ ਕਿ ਮੋਢਿਆਂ ਉੱਤੋਂ ਦੀ ਥੁੱਕਦਾ।

ਇੱਕ ਵਾਰੀ ਮੇਲੇ ਵਿੱਚ ਗੁਆਂਢ ਪਿੰਡ ਦੀ ਛੰਨੋ ਨੇ ਬਘੇਲ ਸਿੰਹੁ ਨੂੰ ਦੇਖ ਕੇ ਤੇਜੋ ਨੂੰ ਹੁੱਜ ਮਾਰ ਕੇ ਕਿਹਾ ਸੀ, "ਨੀ ਆਹ ਤਾਂ, ਬਾਹਲ਼ਾ ਹੀ ਮਿਜਾਜ਼ੀ ਜਾ ਲੱਗਦਾ।"

"ਚੱਲ ਬੈਠ ਘੋੜੇ 'ਤੇ, ਦੋ ਗੇੜੇ ਕਢਾ ਦਿਆਂ ਮੇਲੇ 'ਚ।" ਬਘੇਲ ਸਿੰਹੁ ਨੂੰ ਸੁਣ ਗਿਆ ਸੀ ਅਤੇ ਉਸ ਨੇ ਮੁੱਛਾਂ ਨੂੰ ਤਾਅ ਦੇ ਕੇ ਪਿੱਛੇ ਮੁੜ ਕੇ ਛੰਨੋ ਨੂੰ ਮਸ਼ਕਰੀ ਕੀਤੀ ਸੀ।

"ਜਾਹ,ਵੇ ਜਾਹ, ਮਸਤਿਆ ਜਟਵਾਧ," ਕਹਿ ਕੇ ਛੰਨੋ ਮੇਲੇ ਦੀ ਭੀੜ ਵਿੱਚ ਗੁਆਚ ਗਈ ਸੀ।

ਬਘੇਲ ਸਿੰਹੁ ਦੇ ਤਿੰਨ ਕੁੜੀਆਂ ਹੀ ਸਨ। ਵੱਡੀ ਕੁੜੀ ਜਸ ਲੁਧਿਆਣੇ ਵਿਆਹੀ ਹੋਈ ਸੀ। ਵਿਚਕਾਰਲੀ ਕੁੜੀ ਅਮਨ ਬਠਿੰਡੇ ਵਿਆਹੀ ਸੀ ਅਤੇ ਸਭ ਤੋਂ ਛੋਟੀ ਰੁਪਿੰਦਰ ਨੂੰ ਆਈਲੈਟਸ (ਆਇਲਜ਼) ਕਰਾ ਕੇ ਕੈਨੇਡਾ ਭੇਜ ਦਿੱਤਾ ਸੀ। ਤਿੰਨਾਂ ਕੁੜੀਆਂ ਨੂੰ ਬਘੇਲ ਸਿੰਹੁ ਨੇ ਬੜੇ ਪਰਦੇ ਵਿੱਚ ਪਾਲ਼ਿਆ ਅਤੇ ਪੜ੍ਹਾਇਆ ਸੀ। ਕੁੜੀਆਂ ਦੀ ਮਜਾਲ ਕੀ ਸੀ ਕਿ ਘਰੋਂ ਬਾਹਰ ਪੈਰ ਵੀ ਧਰ ਜਾਂਦੀਆਂ। ਘਰ ਦੀ ਦੇਹਲ਼ੀ ਤੋਂ ਬਾਹਰ ਤਾਂ ਪੈਰ ਕਦੇ ਉਨ੍ਹਾਂ ਦੀ ਮਾਂ ਬੰਸੋ ਨੇ ਨਹੀਂ ਸੀ ਧਰਿਆ। ਨਾਂ ਤਾਂ ਉਸ ਦਾ ਹਰਬੰਸ ਕੌਰ ਸੀ, ਪਰ ਸਾਰੇ ਉਸ ਨੂੰ ਬੰਸੋ ਹੀ ਕਹਿੰਦੇ ਸਨ। ਇੱਕ ਵਾਰ ਹਰਬੰਸ ਕੌਰ ਉਨ੍ਹਾਂ ਦੀ ਸੀਰਨ ਮਨਜੀਤ ਕੌਰ ਨਾਲ ਲੀੜੇ ਕੱਪੜੇ ਲੈਣ ਮੰਡੀ ਚਲੀ ਗਈ ਬੱਸ ਉੱਤੇ। ਉਸ ਦਿਨ ਬਘੇਲ ਸਿੰਹੁ ਕਿਤੇ ਦੂਰੋਂ ਘੋੜਾ ਖ਼ਰੀਦਣ ਗਿਆ ਸੀ। ਉਨ੍ਹਾਂ ਨੂੰ ਆਉਂਦੀਆਂ ਨੂੰ ਥੋੜ੍ਹੀ ਦੇਰੀ ਹੋ ਗਈ। ਉਹ ਉਨ੍ਹਾਂ ਦੇ ਘਰੇ ਆਉਣ ਤੋਂ ਪਹਿਲਾਂ ਹੀ ਘਰੇ ਆਇਆ ਬੈਠਾ ਸੀ। ਹਰਬੰਸ ਕੌਰ ਦੀ ਆਉਂਦਿਆਂ ਹੀ ਗੁੱਤ ਫੜ ਲਈ ਅਤੇ ਕਿਹਾ, "ਕਿੱਥੇ ਧੱਕੇ ਖਾ ਕੇ ਆਈ ਐਂ?" ਦੋ ਥੱਪੜ ਨਾਲ ਦੀ ਨਾਲ ਗਿੱਚੀ ਵਿੱਚ ਧਰ ਦਿੱਤੇ।

"ਸਰਦਾਰ ਜੀ, ਮਾਫ਼ ਕਰ ਦਿਓ।" ਹਰਬੰਸ ਕੌਰ ਨੇ ਦੋਵੇਂ ਹੱਥ ਬੰਨ੍ਹ ਕੇ ਇੰਨਾ ਹੀ ਕਿਹਾ ਅਤੇ ਤਿੰਨੇ ਕੁੜੀਆਂ ਜੋ ਵਿਹੜੇ ਵਿੱਚ ਖੇਡ ਰਹੀਆਂ ਸਨ ਇਕਦਮ ਸਹਿਮ ਕੇ ਪੜ੍ਹਨ ਬੈਠ ਗਈਆਂ ਸਨ। ਕੁੜੀਆਂ ਸਾਹਮਣੇ ਕਈ ਵਾਰੀ ਨਿੱਕੀ ਨਿੱਕੀ ਗੱਲ ਉੱਤੇ ਬਘੇਲ ਸਿੰਹੁ ਨੇ ਹਰਬੰਸ ਕੌਰ ਨੂੰ ਬੁਰਾ ਭਲਾ ਵੀ ਕਿਹਾ ਸੀ ਅਤੇ ਗਾਲ੍ਹਾਂ ਵੀ ਕੱਢੀਆਂ ਸਨ। ਦੋਵੇਂ ਵੱਡੀਆਂ ਕੁੜੀਆਂ ਜਸ ਤੇ ਅਮਨ ਤਾਂ ਕਦੇ ਵੀ ਬੋਲੀਆਂ ਨਹੀਂ ਸਨ, ਪਰ ਛੋਟੀ ਰੁਪਿੰਦਰ ਨੇ ਆਪਣੀ ਮਾਂ ਨੂੰ ਕਈ ਵਾਰੀ ਕਿਹਾ ਸੀ, "ਮੰਮਾ, ਡੈਡੀ ਤੁਹਾਡੇ ਨਾਲ ਬੈਡ ਬੀਹੇਵ ਕਿਉਂ ਕਰਦੇ ਨੇ? ਮੰਮਾ ਜੀ, ਆਈ ਡਾਂਟ ਲਾਈਕ ਦਿਸ।"

"ਕੋਈ ਨਾ ਪੁੱਤ, ਬੰਦੇ ਹੁੰਦੇ ਹੀ ਐਦਾਂ ਦੇ ਨੇ।" ਹਰਬੰਸ ਕੌਰ ਇਹ ਕਹਿ ਕੇ ਕੁੜੀ ਨੂੰ ਟਾਲ ਛੱਡਦੀ, ਪਰ ਲਾਟਾਂ ਉਸ ਦੇ ਅੰਦਰ ਵੀ ਮੱਚਦੀਆਂ। ਲੋਕ ਲੱਜੋਂ ਦਿਲ ਵਿੱਚ ਮੱਚਦੀ ਅੱਗ ਨੂੰ ਉਹ ਕਿਵੇਂ ਨਾ ਕਿਵੇਂ ਸ਼ਾਂਤ ਕਰ ਲੈਂਦੀ।

ਰੁਪਿੰਦਰ ਨੂੰ ਕੈਨੇਡਾ ਗਈ ਨੂੰ ਡੇਢ ਕੁ ਸਾਲ ਹੋ ਗਿਆ ਸੀ। ਉਸ ਨੇ ਆਪਣੇ ਡੈਡੀ ਬਘੇਲ ਸਿੰਘ ਦੇ ਕੈਨੇਡਾ ਆਉਣ ਦੇ ਪੇਪਰ ਆਪਣੇ ਜਨਮ ਦਿਨ ਉੱਤੇ ਲਾ ਦਿੱਤੇ। ਮਹੀਨੇ ਕੁ ਵਿੱਚ ਉਸ ਨੂੰ ਕੈਨੇਡਾ ਜਾਣ ਲਈ ਵੀਜ਼ਾ ਮਿਲ ਗਿਆ। ਦਸ ਦਿਨਾਂ ਵਿੱਚ ਹੀ ਉਸ ਨੇ ਕੈਨੇਡਾ ਜਾਣ ਦੀ ਟਿਕਟ ਲੈ ਲਈ। ਉਸ ਨੂੰ ਕੈਨੇਡਾ ਜਾਣ ਦਾ ਲੋਹੜਿਆਂ ਦਾ ਚਾਅ ਸੀ। ਉਸ ਦੇ ਮਨ ਦੇ ਖ਼ਿਆਲਾਂ ਵਿੱਚ ਕੈਨੇਡਾ ਸਵਰਗ ਸੀ, ਜਿੱਥੇ ਸਿਰਫ਼ ਡਾਲਰ ਹੀ ਡਾਲਰ ਸਨ। ਉਸ ਦੇ ਮਨ ਦੇ ਖ਼ਿਆਲ, ਸੁਨਹਿਰੀ ਸੁਪਨਿਆਂ ਵਾਲੀ ਦੁਨੀਆਂ ਵਿੱਚ ਗੁਆਚ ਜਾਂਦੇ। ਵੱਡੇ ਵੱਡੇ ਪੈਲ਼ੀ ਦੇ ਫਾਰਮਾਂ ਵਿੱਚ ਉਹ ਆਪਣੇ ਆਪ ਨੂੰ ਕਦੇ ਮਜ਼ਦੂਰਾਂ ਤੋਂ ਕੰਮ ਕਰਾਉਂਦਾ ਫਿਰਦਾ ਦਿਖਾਈ ਦਿੰਦਾ। ਕਦੇ ਬੇਰੀ ਤੋੜਦੇ ਮਜ਼ਦੂਰ, ਕਦੇ ਉਸ ਨੂੰ ਆਪਣੀ ਸਲਤਨਤ ਵਿੱਚ ਸਾਰੇ ਆਪਣੇ ਅੱਗੇ ਪਿੱਛੇ ਭੱਜੇ ਫਿਰਦੇ ਦਿਖਾਈ ਦਿੰਦੇ। ਕਦੇ ਉਸ ਦੇ ਖ਼ਿਆਲਾਂ ਨੂੰ ਉਦੋਂ ਹਵਾ ਮਿਲ ਜਾਂਦੀ, ਜਦੋਂ ਉਹ ਆਪਣੀਆਂ ਧੀਆਂ ਨੂੰ ਆਵਾਜ਼ ਮਾਰਦਾ ਅਤੇ ਡਰਦੀਆਂ ਸਹਿਮੀਆਂ ਤਿੰਨੋਂ ਉਸ ਦੇ ਸਾਹਮਣੇ ਨੀਵੀਂ ਪਾ ਕੇ ਆ ਖੜ੍ਹਦੀਆਂ। ਇਨ੍ਹਾਂ ਸੋਚਾਂ ਦੇ ਨਾਲ ਹੀ ਉਹ ਦਿੱਲੀ ਦੇ ਹਵਾਈ ਅੱਡੇ ਤੋਂ ਕੈਨੇਡਾ ਜਾਣ ਲਈ ਜਹਾਜ਼ ਵਿੱਚ ਬੈਠ ਗਿਆ। ਜਹਾਜ਼ ਵਿੱਚ ਬੈਠਦਿਆਂ ਹੀ ਉਸ ਦੀਆਂ ਸੋਚਾਂ ਉਸ ਤੋਂ ਪਹਿਲਾਂ ਆਪਣੀ ਧੀ ਰੁਪਿੰਦਰ ਕੋਲ ਪਹੁੰਚ ਗਈਆਂ। ਜਣੀ ਰੁਪਿੰਦਰ ਉਸ ਨੂੰ ਬਹੁਤ ਬੇਸਬਰੀ ਨਾਲ ਉਡੀਕ ਰਹੀ ਹੈ ਅਤੇ ਕਹਿ ਰਹੀ ਹੈ, "ਡੈਡੀ ਜੀ, ਆਈ ਮਿਸ ਯੂ। ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ," ਅਤੇ ਲਾਡ ਨਾਲ ਉਸ ਦੇ ਮੋਢਿਆਂ 'ਤੇ ਚੜ੍ਹ ਜਾਵੇਗੀ। ਇਨ੍ਹਾਂ ਸੋਚਾਂ ਵਿੱਚ ਹੀ ਜਹਾਜ਼ ਨੇ ਕੈਨੇਡਾ ਦੀ ਧਰਤੀ 'ਤੇ ਲੈਂਡ ਕੀਤਾ ਅਤੇ ਬਘੇਲ ਸਿੰਹੁ ਨੇ ਕੈਨੇਡਾ ਦੀ ਧਰਤੀ 'ਤੇ ਪੈਰ ਧਰਿਆ। ਜਦੋਂ ਟੋਰਾਂਟੋ ਦੇ ਏਅਰਪੋਰਟ 'ਚੋਂ ਬਾਹਰ ਨਿਕਲਿਆ ਤਾਂ ਰੁਪਿੰਦਰ ਤੇ ਵਿਵੇਕ ਉਸ ਨੂੰ ਲੈਣ ਲਈ ਖੜ੍ਹੇ ਸਨ। ਵਿਵੇਕ ਰੁਪਿੰਦਰ ਦਾ ਰੂਮਮੇਟ ਸੀ। ਰੁਪਿੰਦਰ ਦੇ ਸਲੀਵਲੈੱਸ ਟੀ ਸ਼ਰਟ ਤੇ ਉੱਚੀ ਜਿਹੀ ਦੋ ਥਾਵਾਂ ਤੋਂ ਪਾਟੀ ਹੋਈ ਜੀਨ ਪਹਿਨੀ ਹੋਈ ਸੀ। ਖੁੱਲ੍ਹੇ ਛੱਡੇ ਵਾਲ, ਖੁੱਲ੍ਹੇ ਮੌਸਮ ਦੀ ਹਵਾ ਨਾਲ ਵਾਰ ਵਾਰ ਉਸ ਦੇ ਮੂੰਹ ਨੂੰ ਢੱਕ ਰਹੇ ਸਨ। ਉਸ ਨੇ ਬਘੇਲ ਸਿੰਹੁ ਨੂੰ ਦੂਰੋਂ ਪਛਾਣਿਆ ਅਤੇ ਵਿਵੇਕ ਨਾਲ ਹੌਲੀ ਹੌਲੀ ਗੱਲਾਂ ਕਰਦੀ ਸਹਿਜ ਨਾਲ ਆਪਣੇ ਡੈਡੀ ਦੇ ਕੋਲ ਆਈ। ਉਸ ਨੇ ਆਪਣੇ ਡੈਡੀ ਨੂੰ "ਹਾਏ ਡੈਡ" ਕਹਿ ਕੇ ਵਿਵੇਕ ਨੂੰ ਕਿਹਾ, "ਵਿਵੇਕ, ਹੀ ਇਜ਼ ਮਾਈ ਡੈਡ, ਐਂਡ ਡੈਡ ਹੀ ਇਜ਼ ਵਿਵੇਕ।"

ਫਿਰ ਉਹ ਤਿੰਨੇ ਗੱਡੀ ਵਿੱਚ ਬੈਠ ਕੇ ਟੋਰਾਂਟੋ ਦੇ ਇੱਕ ਛੋਟੇ ਜਿਹੇ ਬੇਸ ਵਿੱਚ ਚਲੇ ਗਏ। ਵਿਵੇਕ ਰੁਪਿੰਦਰ ਨੂੰ ਰੈਪੀ ਕਹਿ ਕੇ ਬੁਲਾਉਂਦਾ ਸੀ। ਬਘੇਲ ਸਿੰਹੁ ਦੀ ਧੀ ਰੁਪਿੰਦਰ ਹੁਣ ਰੁਪਿੰਦਰ ਤੋਂ ਰੈਪੀ ਬਣ ਗਈ ਸੀ। ਉਸ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਇਉਂ ਵੀ ਜ਼ਿੰਦਗੀ ਹੁੰਦੀ ਹੈ? ਉਸ ਦੇ ਮਨ ਦੀਆਂ ਉੱਚੀਆਂ ਉੱਚੀਆਂ ਦੀਵਾਰਾਂ ਇੱਕ ਇੱਕ ਕਰਕੇ ਢਹਿ ਢੇਰੀ ਹੋਣ ਲੱਗੀਆਂ। ਉਹ ਮਹੀਨੇ ਕੁ ਬਾਅਦ ਹੀ ਭਾਰਤ ਵਾਪਸ ਆ ਗਿਆ ਸੀ।

ਸਾਰੇ ਰਿਸ਼ਤੇਦਾਰ ਪਹੁੰਚ ਗਏ ਸਨ। ਸਾਰੇ ਕਹਿ ਰਹੇ ਸਨ ਕਿ ਆਖ਼ਰੀ ਇਸ਼ਨਾਨ ਕਰਾਓ।

ਸੀਤੋ ਅਤੇ ਦਲੀਪੋ ਇੱਕ ਪਾਸੇ ਬੈਠੀਆਂ ਹੌਲੀ ਹੌਲੀ ਗੱਲਾਂ ਕਰ ਰਹੀਆਂ ਸਨ, "ਨੀ ਦਲੀਪੋ, ਭਾਣਾ ਕੀ ਵਾਪਰਿਆ? ਤੈਨੂੰ ਤਾਂ ਪਤਾ ਹੋਊ, ਨਾਲ ਕੰਧ ਸਾਂਝੀ ਐ। ਨਾਲੇ ਤੇਰੇ ਨਾਲ ਤਾਂ ਬਾਹਲ਼ਾ ਤਿਹੁ ਸੀ।" ਸੀਤੋ ਨੇ ਮਲਕੜੇ ਜਿਹੇ ਦਲੀਪੋ ਨੂੰ ਪੁੱਛਿਆ।

"ਭਾਈ ਪਤਾ ਨੀ, 'ਗਾਹਾਂ ਨਾ ਗੱਲ ਕਰੀਂ, ਸਾਡੀ ਦੋਹਤੀ ਵੀ ਕੈਨੇਡਾ ਹੀ ਐ, ਇਹਦੀ ਛੋਟੀ ਕੁੜੀ ਕੋਲ਼ੇ। ਉਹ ਦੱਸਦੀ ਸੀ, ਅਖੇ ਉਸ ਨੇ ਉੱਥੇ ਦੂਜੀ ਜਾਤ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ। ਸੁਣਦੇ ਆਂ ਭਾਈ, ਮੁੰਡਾ ਜਲੰਧਰ ਕੰਨੀਂ ਦਾ। ਇਹਨੇ ਡੁੱਬੜੇ ਨੇ ਰਾਤੀਂ ਐਸੇ ਗੱਲੋਂ ਕਿਤੇ ਫਾਹਾ ਲੈ ਲਿਆ, ਇਨ੍ਹਾਂ ਨੂੰ ਤਾਂ ਸਾਝਰੇ ਪਤਾ ਲੱਗਿਆ," ਦਲੀਪੋ ਨੇ ਦਬਵੀਂ ਆਵਾਜ਼ ਵਿੱਚ ਸੀਤੋ ਨੂੰ ਦੱਸਿਆ।

ਬਘੇਲ ਸਿੰਹੁ ਦੀ ਪਤਨੀ ਹਰਬੰਸ ਕੌਰ ਨੇ ਰੋਂਦਿਆਂ ਕਿਹਾ ਕਿ ਰੁਪਿੰਦਰ ਨੂੰ ਦੱਸ ਦਿਓ। ਵੱਡੀ ਕੁੜੀ ਜਸ ਨੇ ਰੁਪਿੰਦਰ ਨੂੰ ਫੋਨ ਕੀਤਾ, ਫੋਨ ਵਿਵੇਕ ਨੇ ਚੁੱਕਿਆ, "ਰੈਪੀ, ਯੋਅਰ ਕਾਲ।" "ਹੂ ਇਜ਼ ਦਿਸ?" ਰੁਪਿੰਦਰ ਨੇ ਬੀਅਰ ਪੀ ਰੱਖੀ ਸੀ ਅਤੇ ਨਸ਼ੇ ਦੀ ਹਾਲਤ ਵਿੱਚ ਸੀ। "ਜਸ ਯੋਅਰ ਸਿਸ। ਕਹਿ ਰਹੀ ਹੈ, ਡੈਡ ਇਜ਼ ਨੋ ਮੋਰ।" ਜਸ ਨੇ ਰੋਂਦਿਆਂ ਕਿਹਾ, "ਰੁਪਿੰਦਰ ਡੈਡੀ ਨਹੀਂ ਰਹੇ।" "ਲੀਵ ਆਊਟ ਯਾਰ," ਰੁਪਿੰਦਰ ਨੇ ਇੰਨਾ ਕਹਿ ਕੇ ਫੋਨ ਕੱਟ ਦਿੱਤਾ।

## ਮਿੰਨੀ ਕਹਾਣੀ

# ਤੋਹਫ਼ਾ

ਵਰਿੰਦਰ ਸ਼ਰਮਾ

ਬਾਰ੍ਹਾਂ-ਤੇਰ੍ਹਾਂ ਸਾਲ ਦਾ ਮੁੰਡਾ ਨੰਦੂ ਸਾਡੇ ਮੁਹੱਲੇ 'ਚ ਬੱਚਿਆਂ ਦੇ ਖਿਡੌਣੇ ਵੇਚਣ ਆਉਂਦਾ। ਪਹਿਲੀ ਵਾਰ ਬੰਸਰੀਆਂ ਵੇਚਣ ਆਇਆ। ਬੰਸਰੀਆਂ ਵੇਚਣ ਦਾ ਉਸ ਦਾ ਆਪਣਾ ਵੱਖਰਾ ਹੀ ਅੰਦਾਜ਼ ਸੀ। ਹੀਰੋ ਫਿਲਮ ਦੇ ਗੀਤ ਦੀ ਬੇਹੱਦ ਦਿਲਖਿੱਚਵੀ ਧੁਨ ਵਜਾਉਂਦਾ ਸੀ। ਮੁਹੱਲੇ ਦੇ ਬੱਚੇ ਚਾਈਂ-ਚਾਈਂ ਬੰਸਰੀਆਂ ਖਰੀਦਣ ਪੁੱਜ ਜਾਂਦੇ। ਬੱਚਿਆਂ ਨੂੰ ਬੰਸਰੀ ਵਜਾਉਣੀ ਵੀ ਨਹੀਂ ਆਉਂਦੀ ਸੀ, ਫਿਰ ਵੀ ਜ਼ਿੱਦ ਕਰਕੇ ਉਹ ਬੰਸਰੀਆਂ ਖਰੀਦ ਕੇ ਹੀ ਹਟਦੇ। ਹਰ ਵਾਰ ਨੰਦੂ ਵੰਨ-ਸੁਵੰਨੇ ਖਿਡੌਣੇ ਵੇਚਣ ਲਈ ਲੈ ਕੇ ਆਉਂਦਾ।

ਮੈਨੂੰ ਉਹ ਬਹੁਤ ਬੁਰਾ ਲੱਗਦਾ। ਇਸ ਲਈ ਇੱਕ ਦਿਨ ਗੁੱਸੇ ਵਿੱਚ ਮੈਂ ਉਸ ਨੂੰ ਕਿਹਾ, "ਤੂੰ ਕਿਸੇ ਸਕੂਲ 'ਚ ਦਾਖਲਾ ਕਿਉਂ ਨਹੀਂ ਲਿਆ? ਐਵੇਂ ਗਲੀਆਂ 'ਚ ਧੱਕੇ ਖਾਂਦਾ ਰਹਿੰਦਾ ਏਂ।" ਉਸ ਨੇ ਹਉਕਾ ਲੈਂਦਿਆਂ ਕਿਹਾ, "ਬਾਬੂ ਜੀ, ਛੋਟੀ ਉਮਰੇ ਮੈਂ ਯਤੀਮ ਹੋ ਗਿਆ। ਮੇਰੇ ਚਾਚੇ ਨੇ ਮੈਨੂੰ ਅਤੇ ਮੇਰੀਆਂ ਭੈਣਾਂ ਨੂੰ ਘਰੋਂ ਕੱਢ ਦਿੱਤਾ। ਇੱਕ ਖਾਲੀ ਪਲਾਟ 'ਚ ਝੌਂਪੜੀ ਪਾ ਕੇ ਅਸੀਂ ਸਾਰੇ ਛੋਟੇ-ਮੋਟੇ ਕੰਮ ਕਰਕੇ ਗੁਜ਼ਾਰਾ ਕਰਨ ਲੱਗੇ।" ਮੈਨੂੰ ਉਸ ਦੀ ਗੱਲ ਸੁਣ ਕੇ ਠੇਸ ਤਾਂ ਪਹੁੰਚੀ, ਪਰ ਉਸ ਦੇ ਰੋਜ਼ਾਨਾ ਗਲੀ 'ਚ ਆਉਣ ਨਾਲ ਸਾਡੇ ਬੱਚੇ ਬਹੁਤ ਜ਼ਿੱਦੀ ਹੋ ਜਾਣ ਕਾਰਨ ਸਾਡੀ ਪ੍ਰੇਸ਼ਾਨੀ ਦਾ ਸਬੱਬ ਬਣ ਗਏ।

ਇੱਕ ਵਾਰ ਤਾਂ ਹੱਦ ਹੀ ਹੋ ਗਈ, ਜਦੋਂ ਉਹ ਗੱਟਾ ਵੇਚਣ ਲਈ ਗਾਉਂਦਾ ਗਾਉਂਦਾ ਸਾਡੇ ਘਰਾਂ ਵੱਲ ਆ ਗਿਆ। ਕਹਿੰਦਾ, "ਗੱਟਾ ਲੈਚੀਆਂ ਵਾਲਾ, ਗੱਟਾ ਦੱਨਿਆਂ ਵਾਲਾ। ਲੈ ਲਉ ਗੱਟਾ, ਜਿਹੜਾ ਬੱਚਾ ਗੱਟਾ ਨਾ ਖਾਏ ਉਹ ਭਲਕੇ ਸਕੂਲ ਵੀ ਨਾ ਜਾਏ।" ਇਹ ਸੁਣ ਕੇ ਮੇਰਾ ਗੁੱਸਾ ਸੱਤਵੇਂ ਆਸਮਾਨ 'ਤੇ ਪਹੁੰਚ ਗਿਆ। ਮੈਂ ਕਿਹਾ, "ਆਪ ਤਾਂ ਤੂੰ ਸਕੂਲ ਜਾਂਦਾ ਨਹੀਂ ਤੇ ਸਾਡੇ ਬੱਚਿਆਂ ਨੂੰ ਕਿਹੋ ਜਿਹੀ ਨਸੀਹਤ ਦੇ ਰਿਹਾ ਏਂ!"

ਇੱਕ ਦਿਨ ਮੇਰੇ ਬੇਟੇ ਅੰਜੁਮ ਦਾ ਜਨਮ ਦਿਨ ਸੀ। ਦਫ਼ਤਰ ਤੋਂ ਘਰ ਆ ਕੇ ਮੈਂ ਅੰਜੁਮ ਲਈ ਕੇਕ, ਮਠਿਆਈ ਆਦਿ ਦਾ ਪ੍ਰਬੰਧ ਕਰਕੇ ਬਾਜ਼ਾਰ ਤੋਂ ਵਾਪਸ ਆ ਰਿਹਾ ਸੀ ਤਾਂ ਨੰਦੂ ਨੂੰ ਹੈਪੀ ਬਰਥਡੇਅ ਵਾਲੇ ਗੁਬਾਰੇ ਵੇਚਦਾ ਵੇਖਿਆ।

ਮੈਂ ਗੁਬਾਰਿਆਂ ਦੀ ਕੀਮਤ ਪੁੱਛੀ। ਨੰਦੂ ਨੇ ਕਿਹਾ, "ਬਾਬੂ ਜੀ, ਵੈਸੇ ਤਾਂ ਮੈਂ 400 ਰੁਪਏ ਦੇ ਵੇਚਦਾ ਹਾਂ, ਪਰ ਤੁਹਾਡੇ ਲਈ 300 ਰੁਪਏ ਦੇ।" "ਵਾਹ ਬਈ ਵਾਹ 200 ਰੁਪਏ ਵਾਲੇ 300 ਦੇ! ਮੰਨ ਗਏ ਤੈਨੂੰ ਨੰਦੂ। ਜਾ, ਦਫ਼ਾ ਹੋ ਜਾ ਇੱਥੋਂ। ਆ ਜਾਂਦੇ ਨੇ ਠੱਗ ਕਿਤੋਂ ਦੇ। ਬੇਈਮਾਨ ਕਿਸੇ ਥਾਂ ਦਾ।" ਮੈਂ ਆਖਿਆ, ਪਰ ਅੰਜੁਮ ਕਿੱਥੇ ਮੰਨਣ ਵਾਲਾ ਸੀ। ਜ਼ਿੱਦ ਕਰਕੇ ਜ਼ਮੀਨ 'ਤੇ ਲੇਟ ਜ਼ੋਰ-ਜ਼ੋਰ ਦੀ ਰੋਣ ਲੱਗਿਆ। ਮਜਬੂਰਨ ਮੈਂ ਨੰਦੂ ਨੂੰ ਆਵਾਜ਼ ਮਾਰੀ ਅਤੇ ਗੁਬਾਰੇ ਖਰੀਦਣ ਲਈ ਉਸ ਨੂੰ 500 ਦਾ ਨੋਟ ਦਿੱਤਾ। ਉਸ ਕੋਲ ਖੁੱਲ੍ਹੇ ਪੈਸੇ ਨਹੀਂ ਸਨ, ਪਰ ਮੈਂ ਬਾਕੀ ਪੈਸੇ ਵਾਪਸ ਚਾਹੁੰਦਾ ਸੀ। ਮੈਂ ਸੋਚਿਆ ਕਿ ਫੇਰ ਕਿਧਰੇ ਆਵੇ ਜਾਂ ਨਾ। ਉਹ ਬੱਚਾ ਮੇਰੀ ਭਾਵਨਾ ਨੂੰ ਸਮਝ ਗਿਆ। ਉਸ ਤੋਂ ਆਪਣੇ ਹਮਉਮਰ ਅੰਜੁਮ ਦੀ ਇਹ ਹਾਲਤ ਵੇਖੀ ਨਾ ਗਈ। ਉਸ ਨੇ ਝੱਟ ਅੰਜੁਮ ਨੂੰ ਆਪਣੀ ਤਰਫ਼ੋਂ ਹੈਪੀ ਬਰਥਡੇਅ ਕਹਿੰਦਿਆਂ ਗੁਬਾਰੇ ਤੋਹਫ਼ੇ ਵਜੋਂ ਦੇ ਦਿੱਤੇ। ਉਸ ਨੇ ਕਿਹਾ, "ਮੇਰੇ ਵੱਲੋਂ ਭਰਾ ਨੂੰ ਤੋਹਫ਼ਾ।" ਮੈਂ ਬਹੁਤ ਸ਼ਰਮਿੰਦਾ ਹੋਇਆ। ਮੈਂ ਉਸ ਨੂੰ 500 ਰੁਪਏ ਦੇਣ ਦੀ ਬੇਹੱਦ ਕੋਸ਼ਿਸ਼ ਕੀਤੀ, ਪਰ ਹੁਣ ਉਸ ਨੇ ਪੈਸੇ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੇਰੇ ਅੰਦਰੋਂ ਆਵਾਜ ਆਈ ਕਿ ਛੋਟੇ ਜਿਹੇ ਬੱਚੇ ਦਾ ਕਿੰਨਾ ਵੱਡਾ ਦਿਲ। ਮੈਂ ਮਨ ਹੀ ਮਨ ਵਿੱਚ ਕਿਹਾ, "ਛੋਟਾ ਮੈਂ ਜਾਂ ਇਹ ਮਜਬੂਰ ਬੱਚਾ? ਕੌਣ ਠੱਗ ਤੇ ਕੌਣ ਬੇਈਮਾਨ?"

# ਮੇਰੀ ਕਲਮ




## ਦਸਤੂਰ

ਰਜਵੰਤ ਕੌਰ ਚਨਾਰਥਲ

ਦੇਖ ਕੇ ਦੁਨੀਆਂ ਦਾ ਦਸਤੂਰ ਵੇ ਲੋਕੋ।
ਦਿਲ ਹੋ ਗਿਆ ਚਕਨਾਚੂਰ ਵੇ ਲੋਕੋ।
ਚਿੜੀਆਂ ਘੱਟ ਤੇ ਬਹੁਤੇ ਕਾਂ ਵੇ ਲੋਕੋ।
ਦੂਜੇ ਦੇ ਕੰਮ 'ਤੇ ਬਣਾਉਂਦੇ ਨਾਂ ਵੇ ਲੋਕੋ।
ਇੱਥੇ ਖੋਟੇ ਸਿੱਕੇ ਬੜੇ ਚੱਲਦੇ ਵੇਖੇ।
ਮਿਹਨਤਕਸ਼ ਤਾਂ ਹੱਥ ਮਲਦੇ ਵੇਖੇ।
ਇੱਥੇ ਅਸਲੀ ਘੱਟ ਤੇ ਦਿਖਾਵਾ ਬਹੁਤਾ।
ਮਿਹਨਤ ਘੱਟ ਤੇ ਮਨ ਪ੍ਰਚਾਵਾ ਬਹੁਤਾ।
ਹੁਣ ਉਪਰੋਂ ਸਿਰ ਦੇ ਲੰਘ ਗਿਆ ਪਾਣੀ।
'ਚੱਲ ਚਿੜੀਏ ਮੈਂ ਆਇਆ' ਵਾਲੀ ਕਹਾਣੀ।
ਕਰਨ ਚਲਾਕੀ ਬਾਜ਼ ਨਾ ਆਉਂਦੇ।
ਨਾਂ ਆਪਣੇ ਦੀ ਮੋਹਰ ਲਗਾਉਂਦੇ।
ਇੱਥੇ ਗਿੱਲਾ ਸੁੱਕੇ ਦੇ ਨਾਲ ਬਲਦਾ।
ਚੰਗੇ ਮਾੜੇ ਦਾ ਕੋਈ ਪਤਾ ਨਾ ਚਲਦਾ।
'ਰਜਵੰਤ' ਤੇਰਾ ਇੱਥੇ ਕੋਈ ਨਾ ਦਰਦੀ।
ਇਹੀ ਗੀਤ ਜੱਗ ਦੀ ਪਰੇਸ਼ਾਨ ਕਰਦੀ।

## ਗਿਰਗਿਟ ਦਾ ਇਤਰਾਜ਼ !

ਤਰਲੋਚਨ ਸਿੰਘ 'ਦੁਪਾਲ ਪੁਰ'



ਪਹਿਲਾਂ ਖੜ੍ਹਨ ਸਟੇਜਾਂ 'ਤੇ ਹੱਥ ਫੜਕੇ
ਪਲਾਂ ਵਿੱਚ ਦਿਖਾਉਂਦੇ ਐ ਕੰਡ ਮੀਆਂ।
ਫ਼ਸਲ ਵੋਟਾਂ ਦੀ ਵੱਢਣ ਦੇ ਵਾਸਤੇ ਜੀ
ਲੋਕ ਸੇਵਾ ਦੇ ਕਰਨ ਪਖੰਡ ਮੀਆਂ।
ਕਰੇ ਕੋਈ ਵਿਸ਼ਵਾਸ ਕੀ ਇਨ੍ਹਾਂ ਉੱਤੇ
ਜਿਹੜੇ ਹਨ ਹੀ ਝੂਠ ਦੀ ਪੰਡ ਮੀਆਂ।
ਜਨਤਾ ਆਖਦੀ ਬਹੁਤ ਮਾਯੂਸ ਹੋ ਕੇ
ਕਿੱਦਾਂ ਮਿਲੂ 'ਮੱਕਾਰਾਂ' ਨੂੰ ਦੰਡ ਮੀਆਂ।
ਜ਼ਿੰਦਾਬਾਦ ਕਹਾਉਣ ਦੇ ਯੋਗ ਨਾਹੀਂ
ਹੋਣੀ ਚਾਹੀਦੀ ਇਨ੍ਹਾਂ ਦੀ ਭੰਡ ਮੀਆਂ।
ਗਿਰਗਿਟ ਸੋਚਦੀ ਦੇਖ ਕੇ ਪਲਟੂਆਂ ਨੂੰ
ਮੈਨੂੰ ਐਵੇਂ ਹੀ ਦਿੱਤਾ ਐ ਭੰਡ ਮੀਆਂ!

## .ਗ਼ਜ਼ਲ

ਜਸਵਿੰਦਰ ਸਿੰਘ ਰੁਪਾਲ

ਸੀਨੇ ਲਗਾ ਲੈ ਮੈਨੂੰ ਓ ਮੀਤ ਓ ਭਰਾਵਾ।
ਰੁੱਸੇ ਹੀ ਆ ਨਾ ਜਾਏ ਹੁਣ ਮੌਤ ਦਾ ਬੁਲਾਵਾ।
ਤੇਰਾ ਤਾਂ ਬਿਰਦ ਹੀ ਇਹ, ਟੁੱਟੇ ਵੀ ਜੋੜ ਦੇਵੇਂ,
ਮੈਨੂੰ ਜੇ ਹੋਸ਼ ਆਵੇ, ਪੜਵਾ ਲਵਾਂ ਬੇਦਾਵਾ।
ਬੱਚੇ ਦੇ ਹੱਥ ਤੀਲ੍ਹੀ ਜਿਸ ਨੇ ਸੀ ਖ਼ੁਦ ਫੜਾਈ,
ਭਾਂਬੜ 'ਤੇ ਰੋ ਦਿਖਾਵੇ, ਸ਼ਾਤਰ ਬੜਾ ਖਿਡਾਵਾ।
ਬੋਲਣ ਜ਼ੁਬਾਨੋਂ ਮਿੱਠਾ, ਪਿੱਛੋਂ ਚਲਾਵਣ ਖੰਜਰ,
ਜਿਨ੍ਹਾਂ ਦੇ ਸਾਥ 'ਤੇ ਮੈਂ, ਕੀਤਾ ਸਦਾ ਸੀ ਦਾਅਵਾ।
ਹੰਝੂ ਨਾ ਪੂੰਝ ਸਕਿਆ ਦੁਖੀਏ 'ਰੁਪਾਲ' ਦੇ ਤੂੰ
ਕਿਉਂ ਨੇਕ ਬਣਨ ਦਾ ਫਿਰ ਕਰਦਾ ਪਿਐਂ ਦਿਖਾਵਾ।

## ਮੈਂ ਹਾਂ ਮਜ਼ਦੂਰ

ਭੁਪਿੰਦਰ ਭਿੰਡਾ

ਮੈਂ ਹਾਂ ਮਜ਼ਦੂਰ, ਸੁਪਨਿਆਂ ਤੋਂ ਦੂਰ,
ਨੌਕਰੀ ਦੇ ਨੇ ਕੰਮਾਂ ਵਿੱਚ ਫਸਿਆ ਮਜ਼ਬੂਰ।
ਮੇਰੀ ਕਹਾਣੀ ਦਾ ਸੁਣਿਓ ਸਿਰਲੇਖ,
ਇੰਝ ਜਾਪੇ ਲੇਖਾਂ ਵਿੱਚ ਜੜਤੀ ਕਿਸੇ ਮੇਖ।
ਸ਼ੁਰੂਆਤ ਕਰਾਂ ਮੇਰੀ ਸਾਈਕਲ ਪਿਆਰੀ ਤੋਂ,
ਸੁੱਕੀ ਜਿਸਦੀ ਚੈਨ ਟਾਇਰਾਂ ਦੀ ਮਾੜੀ ਤੋਂ।
ਮਾੜੇ ਹਾਲਾਤਾਂ ਵਿੱਚ ਵੀ ਨਾਲ ਮੇਰੇ ਖੜ੍ਹਦੀ,
ਵੇਖ ਕੇ ਕਾਰਾਂ ਸਕੂਟਰ ਨਾ ਠੰਡੇ ਹੌਕੇ ਭਰਦੀ।
ਫਿਰ ਵਾਰੀ ਆਉਂਦੀ ਮੇਰੇ, ਪੈਰਾਂ ਦੇ ਜੋੜੇ ਦੀ,
ਗਰਮੀ ਸਰਦੀ ਚੱਪਲ ਚਲੇ, ਬੂਟਾਂ ਤੋਂ ਥੋੜੇ ਦੀ,
ਸਖ਼ਤ ਮਿਹਨਤ ਵਿੱਚ ਖ਼ੂਨ ਦਾ ਪਸੀਨਾ ਬਣ ਜਾਂਦਾ ਏ,
ਕੰਮ ਚੋਰ ਦਾ ਮਿਹਣਾ ਸੁਣ ਕੇ ਖ਼ੁਦ ਨਾਲ ਲੜ ਜਾਂਦਾ ਏ।
ਮਾਲਕ ਨੇ ਪੰਜ ਸੌ ਦਿਹਾੜੀ ਵਿਚੋਂ ਕੱਟ ਤੇ ਪੰਜਾਹ,
ਖੁਦ ਨਾਲ ਗੱਲਾਂ ਕਰਦਾ ਮਜ਼ਦੂਰ ਪੈ ਗਿਆ ਘਰ ਦੇ ਰਾਹ।
ਰਸਤੇ ਵਿੱਚ ਸੌ ਦੀਆਂ ਚਾਰ, ਕਮੀਜ਼ਾਂ ਦੀ ਸੇਲ ਵੇਖੀ,
ਪਰ ਖ਼ਰੀਦ ਨਾ ਪਾਏ, ਮੋਢਿਆਂ ਤੇ ਜ਼ਿੰਮੇਵਾਰੀ ਦੀ ਜੇਲ੍ਹ ਵੇਖੀ।
ਮੰਜ਼ਰ ਐਸ ਵੇਖ ਕੇ, ਅੱਖਾਂ ਵਿੱਚ ਮੇਰੇ ਨਮੀ ਆ ਗਈ,
ਅੱਗੇ ਮੈਂ ਹੁਣ ਲਿਖ ਨਹੀਂ ਸਕਦਾ, ਲਫਜ਼ਾਂ ਦੀ ਕਮੀ ਆ ਗਈ॥


## ਚਰਖੇ ਦਾ ਦੁੱਖ

ਗਗਨਪ੍ਰੀਤ ਸੱਪਲ

ਮੇਰੇ ਕੋਲ ਕੋਈ ਆਵੇ ਨਾ,
ਚੁੱਕ ਮੈਨੂੰ ਹੁਣ ਕੋਈ ਡਾਹੇ ਨਾ।
ਤੱਕਲਾ ਵੀ ਪਿਆ ਕੁਰਲਾਵੇ ਵੇ,
ਮੁਟਿਆਰ ਨਾ ਮੈਨੂੰ ਕੋਈ ਚਾਹੇ ਵੇ।
ਨਾ ਤੰਦ ਪਾਉਂਦੀ ਨਾ ਗਲੋਟੇ ਲਾਹੇ ਵੇ,
ਚਰਖਾ ਦੁੱਖ ਆਪਣਾ ਕਿਸ ਨੂੰ ਸੁਣਾਵੇ ਵੇ ?
ਚਰਖੇ 'ਤੇ ਲੱਗੀਆਂ ਮੇਖਾਂ ਜ਼ਰੀਆਂ ਵੇ,
ਬੁਣਦੀਆਂ ਨਾ ਹੁਣ ਕੋਈ ਦਰੀਆਂ ਵੇ,
ਹਾਸਾ ਠੱਠਾ ਕਰਦੀਆਂ ਕੁੜੀਆਂ ਸਾਰੀਆਂ ਵੇ,
ਵਿੱਚ ਵਿਦੇਸ਼ਾਂ ਮਾਰ ਗਈਆਂ ਉਡਾਰੀਆਂ ਵੇ।
ਚਰਖਾ ਵੀ ਕਰਦਾ ਵਿਰਲਾਪ ਵੇ,
ਪੱਛਮੀ ਸੱਭਿਅਤਾ ਦਾ ਫੈਲਿਆ ਸੰਤਾਪ ਵੇ।
ਚਰਖਾ ਆਖੇ ਭੁੱਲ ਨਾ ਮੈਨੂੰ ਜਾਇਓ ਵੇ
ਗਗਨ ਦੁੱਖ ਲਿਖ ਜੱਗ ਨੂੰ ਸੁਣਾਇਉ ਵੇ।

## ਪਹਿਲਾਂ ਸੋਚ ਵਿਚਾਰ ਕਰੀਂ

ਹਰਦੀਪ ਬਿਰਦੀ



ਪਹਿਲਾਂ ਸੋਚ ਵਿਚਾਰ ਕਰੀਂ ਤੂੰ
ਫਿਰ ਬਣਦੀ ਤਕਰਾਰ ਕਰੀਂ ਤੂੰ।
ਦੱਸ ਕੇ ਭਾਵੇਂ ਸੀਨੇ ਖੰਜਰ ਮਾਰੀਂ
ਪਿੱਠ 'ਤੇ ਨਾ ਪਰ ਵਾਰ ਕਰੀਂ ਤੂੰ।
ਹਰ ਪਹਿਲੂ ਨੂੰ ਸੋਚੀਂ ਸਮਝੀਂ
ਫਿਰ ਜਾ ਕੇ ਇਤਬਾਰ ਕਰੀਂ ਤੂੰ।
ਉਹ ਜੋ ਅੱਜਕਲ੍ਹ ਛਾਪੇ ਗੱਪਾਂ
ਖ਼ੁਦ ਨੂੰ ਨਾ ਅਖ਼ਬਾਰ ਕਰੀਂ ਤੂੰ।
ਜਿੱਥੇ ਰਿਸ਼ਤੇ ਤੱਕ ਵਿਕਦੇ ਨੇ
ਖ਼ੁਦ ਨੂੰ ਨਾ ਬਾਜ਼ਾਰ ਕਰੀਂ ਤੂੰ।
ਧੌਣ ਉਡਾਉਣੀ ਜੇ ਨ੍ਹੇਰੇ ਦੀ
ਲਫ਼ਜ਼ਾਂ ਨੂੰ ਤਲਵਾਰ ਕਰੀਂ ਤੂੰ।
ਨਫ਼ਰਤ ਜਿਸ ਨਾਲ ਵਧਦੀ ਹੋਵੇ
ਐਸਾ ਨਾ ਪ੍ਰਚਾਰ ਕਰੀਂ ਤੂੰ।
ਜਿਸ ਤੋਂ ਸੱਚ ਵੀ ਕਹਿ ਨਾ ਹੋਵੇ
ਇੰਝ ਨਾ ਖ਼ੁਦੀ ਲਾਚਾਰ ਕਰੀਂ ਤੂੰ।

## ਪਰਦੇਸੀ ਪਾੜ੍ਹੇ

ਕਮਲਜੀਤ ਕੌਰ ਗੁੰਮਟੀ

ਬਰਫ਼ ਹੈ, ਧੁੰਦ ਹੈ, ਕੋਹਰਾ ਹੈ
ਇੱਕ ਕਮਾਈ ,ਦੂਜਾ ਪੜ੍ਹਾਈ ਦਾ ਫ਼ਿਕਰ
ਕਾਲਜ ਤੋਂ ਮੁੜ ਕੇ ਕੰਮ 'ਤੇ ਭੱਜਣਾ
ਮੁੜ ਕਿਰਾਏ ਦੇ ਘਰ ਵਿੱਚ ਆਉਣਾ
ਤਾਂ ਰੋਟੀ ਟੁੱਕ ਦੇ ਹੀਲੇ ਦਾ ਫ਼ਿਕਰ
ਕਦੇ ਰਾਹਾਂ ਵਿੱਚ ਘੰਟੇ ਗੁਜ਼ਰਦੇ
ਅਬਾਹ ਪਈ ਬਰਫ਼ ਦਾ ਫ਼ਿਕਰ
ਜੇਬ ਵਿੱਚ ਪੈਸੇ ਮੁੱਕਣ ਦਾ ਫ਼ਿਕਰ
ਕਾਲਜ ਦੀ ਫੀਸ ਵੀ ਕੱਢਣੀ ਹੈ
ਘਰ ਦੇ ਕਿਰਾਏ ਦਾ ਫ਼ਿਕਰ
ਨਾ ਉਡੀਕ ਕਰਦੀ ਏ ਮਾਂ
ਨਾ ਕੋਈ ਸੁਣਵਾਈਆਂ ਇੱਥੇ
ਸਰ੍ਹੋਂ ਦਾ ਸਾਗ ਮੱਕੀ ਦੀ ਰੋਟੀ
ਨਾ ਮਾਂ ਪਕਾਈਆਂ ਇੱਥੇ
ਛੱਡ ਬਾਪ ਦਾ ਮਹਿਲ ਮੁਨਾਰਾ
ਕਰਨ ਪੜ੍ਹਾਈਆਂ ਤੁਰੇ ਪਰਦੇਸਾਂ ਨੂੰ
ਬੜੇ ਬੇਫ਼ਿਕਰੇ ਹੁੰਦੇ ਸੀ
ਜਦ ਬਾਪੂ ਸਿਰ ਤੋਂ ਖਾਂਦੇ ਸੀ
ਮਾਂ ਬਾਪੂ ਰੱਜੇ ਨੂੰ ਹੋਰ ਰਜਾਂਦੇ ਸੀ
ਵਿੱਚ ਫ਼ਿਕਰਾਂ
ਮਾਪਿਆਂ ਦੀ ਜਿੰਦ ਡੋਲੇ ਖਾਵੇ
'ਕਮਲ' ਕਰੇ ਅਰਦਾਸਾਂ,
ਪਰਦੇਸੀ ਪਾੜ੍ਹਿਆਂ ਨੂੰ ਤੱਤੀ ਵਾਹ ਛੂਹ ਨਾ ਪਾਵੇ।



## ਜ਼ਿੰਦਗੀ ਦੀ ਢੋਲਕ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੁਣ ਨੇ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।
ਖ਼ਸਤਾ ਜਿਹੀ ਹੁਣ ਖੱਲ ਹੋ ਗਈ, ਤਾਰ ਤਾਰ ਨੇ ਰੱਸੀਆਂ,
ਜਿੰਨਾ ਮਰਜ਼ੀ ਜ਼ੋਰ ਲਗਾਵਾਂ, ਜਾਂਦੀਆਂ ਨਹੀਂ ਹੁਣ ਕੱਸੀਆਂ।
ਘੁਣ ਨੇ ਖਾ ਲਈ ਕੱਚੀ ਲੱਕੜ, ਉਹ ਰੰਗ ਵੀ ਰਿਹਾ ਨਾ ਲਾਲ।
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੁਣ ਨੇ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।
ਨਾ ਇਹ ਪਹਿਲਾਂ ਵਾਂਗੂੰ ਟੁਣਕੇ, ਨਾ ਹੁਣ ਭੁਝ ਕੇ ਵੱਜਦੀ।
ਹਿਰਦੇ ਨੂੰ ਹੁਣ ਧੂਅ ਨਹੀਂ ਪਾਉਂਦੀ, ਨਾ ਤਾਲ ਕੰਨਾਂ ਨੂੰ ਜਚਦੀ।
ਬੁੱਢ ਉਮਰ 'ਚ ਕੀਤੇ ਨਹੀ ਜਾਂਦੇ, ਪਹਿਲਾਂ ਵਾਲੇ ਕਮਾਲ,
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।
ਉਮਰ ਤਕਾਜ਼ਾ ਸਿਰ ਚੜ੍ਹ ਬੋਲੇ, ਬੇ ਸੁਰਾ ਗੀਤ ਅਲਾਪੇ।
ਬੋਲ ਗੀਤ ਦੇ ਕਿੱਧਰੇ ਘੁੰਮਣ, ਤੇ ਕਿੱਧਰੇ ਢੋਲਕ ਥਾਪੇ।
ਸੁਰ ਵਿੱਚ ਸਰੋਤੇ ਨਾ ਝੂਮਣ, ਨਾ ਹੁਣ ਪਾਉਣ ਧਮਾਲ,
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।
ਕੈਰਵਾ ਵੀ ਹੁਣ ਹੱਥ ਨੀਂ ਚੜ੍ਹਦਾ, ਤਿੰਨ ਤਾਲ ਦਾਦਰਾ ਕਿੱਥੇ।
ਝੱਫ ਤਾਲ ਹੁਣ ਸੁਪਨਾ ਹੋ ਗਈ, ਲਿਖਤੀ ਰਹਿ ਗਏ ਚਿੱਠੇ।
ਖ਼ੁਸ਼ੀਆਂ ਦੀ ਹੁਣ ਥਾਂ ਤੇ ਬਾਕੀ, ਰਹਿ ਗਿਆ ਬੱਸ ਮਲਾਲ,
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।

## ਦੋਹੇ

ਗੁਰਵਿੰਦਰ ਗੋਸਲ

ਖਾਂਦੇ ਮੇਰੇ ਦੇਸ਼ ਨੂੰ, ਅਫਸਰ ਰਿਸ਼ਵਤਖੋਰ।
ਲੁੱਟ ਖ਼ਜ਼ਾਨਾ ਲੈ ਗਏ, ਕੁਝ ਨੇਤਾ ਜੋ ਚੋਰ।
ਜਿੱਥੇ ਹੱਕਾਂ ਵਾਸਤੇ, ਰੁਲਦੇ ਨੇ ਕਿਰਸਾਨ।
ਫਿਰ ਵੀ ਲੋਕੀਂ ਆਖਦੇ, ਸਾਡਾ ਦੇਸ਼ ਮਹਾਨ।
ਮਿਲਦਾ ਨਹੀਂ ਗ਼ਰੀਬ ਦੇ, ਸੱਚ ਨੂੰ ਵੀ ਇਨਸਾਫ਼।
ਹੋਵਣ ਪੈਸੇ ਨਾਲ ਤਾਂ, ਕਤਲ ਕੇਸ ਵੀ ਮਾਫ਼।
ਸੋਚ ਸੋਚ ਭਰ ਜਾਵਦੀ, ਕਈ ਵਾਰ ਏ ਅੱਖ।
ਜਾਤ-ਪਾਤ ਤੇ ਧਰਮ ਨੇ, ਕਰ 'ਤਾ ਬੰਦਾ ਵੱਖ।
ਆਖਾਂ ਮੈਂ ਸਰਕਾਰ ਨੂੰ, ਪਾ ਚਿੱਟੇ ਨੂੰ ਠੱਲ।
ਸੁਣ ਮਾਵਾਂ ਦੇ ਕੀਰਨੇ, ਪੈਣ ਕਾਲਜੇ ਸੱਲ।
ਸਾਧ ਪਖੰਡੀ ਬਾਬਿਆਂ, ਲੁੱਟ ਲਏ ਨੇ ਲੋਕ।
ਕਾਮੇ ਭੁੱਖੇ ਮਰ ਰਹੇ, ਖਾਂਦੇ ਵਿਹਲੜ ਥੋਕ।
ਕਦੇ ਕਿਸੇ ਵੀ ਗੱਲ ਦਾ, ਨਹੀਂ ਕਰੀਦਾ ਵਹਿਮ।
'ਗੋਸਲ' ਗਊ ਗ਼ਰੀਬ 'ਤੇ, ਸਿੱਖ ਤੂੰ ਕਰਨਾ ਰਹਿਮ।

## ਪਹਿਰੇਦਾਰ

ਕਰਨੈਲ ਅਟਵਾਲ



ਜਿਹੋ ਜਿਹੀ ਮਨੁੱਖ ਦੀ ਸੋਚ ਹੋਵੇ,
ਓਹੋ ਜਿਹਾ ਹੋ ਜਾਂਦਾ ਕਿਰਦਾਰ ਜੀ।
ਬੁੱਧ ਪ੍ਰਧਾਨ ਹੈ ਕਾਇਆ ਅੰਦਰ,
ਇਸ 'ਤੇ ਨਿਰਭਰ ਸਾਰਾ ਸੰਸਾਰ ਜੀ।
ਆਪਣੇ ਕਾਬੂ 'ਚ ਰੱਖੀਏ ਇਸ ਨੂੰ,
ਬਣਕੇ ਰਹੀਏ ਸਭ ਪਹਿਰੇਦਾਰ ਜੀ।
ਜਿਸ ਨੇ ਮਨ ਨੂੰ ਕਾਬੂ ਕਰ ਲਿਆ ਹੈ,
ਉਹ ਤਾਂ ਬਣ ਜਾਣਾ ਹੈ ਸਰਦਾਰ ਜੀ।
ਸਦਾ ਸੋਚ ਆਪਣੀ ਨੂੰ ਉੱਚੀ ਰੱਖੀਏ,
ਹੋ ਜਾਣਗੇ ਸਾਫ਼ ਤੇ ਸ਼ੁੱਧ ਵਿਚਾਰ ਜੀ।
ਫਿਰ ਦੇਹੀ ਹੋ ਜਾਵੇਗੀ ਕੰਚਨ ਵਰਗੀ,
ਆਉਣੀ ਜ਼ਿੰਦਗੀ 'ਚ ਖ਼ੂਬ ਬਹਾਰ ਜੀ।
'ਅਟਵਾਲ' ਤੂੰ ਵੀ ਕੁਝ ਸਮਝ ਕਰ ਲੈ,
ਵੇਖੀਂ ਹੋ ਨਾ ਜਾਵੀਂ ਕਿਤੇ ਲਾਚਾਰ ਜੀ।

## ਹਾਕੀ ਇੰਡੀਆ ਵੱਲੋਂ ਪਹਿਲਾ ਮਾਸਟਰਜ਼ ਕੱਪ ਕਰਵਾਉਣ ਦਾ ਐਲਾਨ



ਹਾਕੀ ਇੰਡੀਆ ਨੇ 40 ਸਾਲ ਤੋਂ ਵੱਧ ਉਮਰ ਦੇ ਪੁਰਸ਼ ਅਤੇ ਮਹਿਲਾ ਖਿਡਾਰੀਆਂ ਲਈ ਮਾਸਟਰਜ਼ ਕੱਪ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਟੂਰਨਾਮੈਂਟ ਦਾ ਮਕਸਦ ਤਜਰਬੇਕਾਰ ਹਾਕੀ ਖਿਡਾਰੀਆਂ ਦੇ ਜਨੂੰਨ ਅਤੇ ਹੁਨਰ ਦਾ ਜਸ਼ਨ ਮਨਾਉਣਾ ਹੈ। ਹਾਕੀ ਇੰਡੀਆ ਨਾਲ ਸਬੰਧਿਤ ਸਾਰੀਆਂ ਰਾਜ ਮੈਂਬਰ ਇਕਾਈਆਂ ਇਸ ਟੂਰਨਾਮੈਂਟ ਵਿੱਚ ਹਿੱਸਾ ਲੈ ਸਕਣਗੀਆਂ। ਟੂਰਨਾਮੈਂਟ ਵਿੱਚ ਹਿੱਸਾ ਲੈਣ ਦੇ ਚਾਹਵਾਨ 40 ਸਾਲ ਤੋਂ ਵੱਧ ਉਮਰ ਦੇ ਸਾਰੇ ਖਿਡਾਰੀਆਂ ਨੂੰ ਆਪੋ-ਆਪਣੀ ਸਬੰਧਿਤ ਮੈਂਬਰ ਇਕਾਈ ਨਾਲ ਸੰਪਰਕ ਕਰਨਾ ਪਵੇਗਾ। ਇਹ ਖਿਡਾਰੀ ਹਾਕੀ ਇੰਡੀਆ ਦੀ ਮੈਂਬਰ ਇਕਾਈ ਦੀ ਵੈੱਬਸਾਈਟ ਰਾਹੀਂ ਰਜਿਸਟਰ ਕਰ ਸਕਣਗੇ। ਟੂਰਨਾਮੈਂਟ ਦੀਆਂ ਤਰੀਕਾਂ ਅਤੇ ਸਥਾਨ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਟਿਰਕੀ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ, "ਅਸੀਂ ਪਹਿਲੀ ਵਾਰ ਹਾਕੀ ਇੰਡੀਆ ਮਾਸਟਰਜ਼ ਕੱਪ ਦਾ ਐਲਾਨ ਕਰ ਕੇ ਬਹੁਤ ਖੁਸ਼ ਹਾਂ।"

## ਉਲੰਪਿਕ 'ਚ ਤ.ਗਮਾ ਜਿੱਤਣ ਲਈ ਖੇਡ 'ਚ ਹੋਰ ਸੁਧਾਰ ਦੀ ਲੋੜ: ਸਿੰਧੂ

ਦੋ ਵਾਰ ਦੀ ਉਲੰਪਿਕ ਤ.ਗਮਾ ਜੇਤੂ ਬੈਡਮਿੰਟਨ ਖਿਡਾਰਨ ਪੀ.ਵੀ. ਸਿੰਧੂ ਸਰੀਰਕ ਅਤੇ ਮਾਨਸਿਕ ਤੌਰ 'ਤੇ ਚੰਗੀ ਹਾਲਤ 'ਚ ਹੈ ਪਰ ਉਸ ਨੂੰ ਲੱਗਦਾ ਹੈ ਕਿ ਉਲੰਪਿਕ 'ਚ ਤੀਜਾ ਤ.ਗਮਾ ਜਿੱਤਣ ਲਈ ਉਸ ਨੂੰ ਹੋਰ ਸੁਧਾਰ ਦੀ ਲੋੜ ਹੈ। ਰੀਓ ਅਤੇ ਟੋਕੀਓ ਵਿੱਚ ਪਿਛਲੇ ਦੋ ਉਲੰਪਿਕ ਵਿੱਚ ਕ੍ਰਮਵਾਰ ਚਾਂਦੀ ਅਤੇ ਕਾਂਸੇ ਦੇ ਤ.ਗਮੇ ਜਿੱਤਣ ਵਾਲੀ ਸਿੰਧੂ ਦਾ ਟੀਚਾ ਤਿੰਨ ਉਲੰਪਿਕ ਤ.ਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਬਣਨਾ ਹੈ। ਉਸ ਨੇ ਭਾਰਤੀ ਖੇਡ ਅਥਾਰਟੀ (ਐੱਸ.ਏ.ਆਈ.), ਭਾਰਤੀ ਉਲੰਪਿਕ ਐਸੋਸੀਏਸ਼ਨ (ਆਈ.ਓ.ਏ.) ਅਤੇ ਭਾਰਤੀ ਬੈਡਮਿੰਟਨ ਐਸੋਸੀਏਸ਼ਨ (ਬੀ.ਏ.ਆਈ.) ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਕਿਹਾ, ਇਹ ਚੁਣੌਤੀਪੂਰਨ ਹੈ। ਇਹ ਸੌਖਾ ਨਹੀਂ ਹੈ ਪਰ ਅਸੰਭਵ ਵੀ ਨਹੀਂ ਹੈ।"



ਉਸ ਨੇ ਕਿਹਾ, "ਮੈਨੂੰ ਤੀਜੇ ਉਲੰਪਿਕ 'ਚ ਜਾਣ ਤੋਂ ਪਹਿਲਾਂ ਹੋਰ ਫੁਰਤੀਲਾ ਹੋਣ ਦੀ ਲੋੜ ਹੈ। ਮੈਨੂੰ ਉਮੀਦ ਹੈ ਕਿ ਮੈਂ ਮੈਡਲ ਦਾ ਰੰਗ ਬਦਲ ਸਕਾਂਗੀ ਅਤੇ ਯਕੀਨੀ ਤੌਰ 'ਤੇ ਦੇਸ਼ ਲਈ ਇੱਕ ਹੋਰ ਤ.ਗਮਾ ਜਿੱਤ ਸਕਾਂਗੀ।" ਉਹ ਇਸ ਵੇਲੇ ਜਰਮਨੀ 'ਚ ਸਿਖਲਾਈ ਲੈ ਰਹੀ ਹੈ। ਉਹ 26 ਜੁਲਾਈ ਨੂੰ ਉਲੰਪਿਕ ਸ਼ੁਰੂ ਹੋਣ ਤੋਂ ਪਹਿਲਾਂ ਸਿੱਧੇ ਪੈਰਿਸ ਜਾਵੇਗੀ। ਸਿੰਧੂ ਨੇ ਕਿਹਾ, "ਸਰੀਰਕ ਅਤੇ ਮਾਨਸਿਕ ਤੌਰ 'ਤੇ ਮੈਂ ਫਿੱਟ ਹਾਂ। ਮੈਨੂੰ ਸਿਰਫ ਹੋਰ ਫੁਰਤੀਲਾ ਹੋਣਾ ਪਵੇਗਾ। ਮੇਰੇ ਕੋਚ ਐਗਸ (ਡਵੀ ਸੈਂਟੋਸੋ) ਇਸ 'ਤੇ ਧਿਆਨ ਦੇ ਰਹੇ ਹਨ। ਮੈਂ ਸਾਰੇ ਸਟ੍ਰੋਕਾਂ 'ਤੇ ਕੰਮ ਕਰ ਰਹੀ ਹਾਂ।" ਉਸ ਨੇ ਕਿਹਾ, "ਮੈਂ ਸਿਰਫ ਇੱਕ ਸਟ੍ਰੋਕ ਜਾਂ ਤਕਨੀਕ 'ਤੇ ਧਿਆਨ ਨਹੀਂ ਦੇ ਰਹੀ ਹਾਂ। ਤੁਸੀਂ ਨਹੀਂ ਜਾਣਦੇ ਕਿ ਕੀ ਹੋਣ ਵਾਲਾ ਹੈ। ਇਸ ਵੇਲੇ ਮੇਰਾ ਧਿਆਨ ਸਿਰਫ ਅਭਿਆਸ 'ਤੇ ਹੈ।"

## ਮੋਦੀ ਵੱਲੋਂ ਪੈਰਿਸ ਉਲੰਪਿਕ 'ਚ ਹਿੱਸਾ ਲੈਣ ਵਾਲੇ ਖਿਡਾਰੀਆਂ ਨਾਲ ਗੱਲਬਾਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਉਲੰਪਿਕ 2036 ਦੀ ਮੇਜ਼ਬਾਨੀ ਲਈ ਭਾਰਤ ਦੀ ਦਾਅਵੇਦਾਰੀ ਸਫ਼ਲ ਹੋਣ ਦੇ ਭਰੋਸੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੈਰਿਸ ਉਲੰਪਿਕ ਵਿੱਚ ਜਾਣ ਵਾਲੇ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਦਾਅਵੇ ਨੂੰ ਮਜ਼ਬੂਤ ਕਰਨ ਲਈ ਪੈਰਿਸ ਵਿੱਚ ਪ੍ਰਬੰਧਾਂ ਦਾ ਆਪਣਾ ਅਨੁਭਵ ਸਾਂਝਾ ਕਰਨ।

ਪ੍ਰਧਾਨ ਮੰਤਰੀ ਮੋਦੀ ਨੇ ਪੈਰਿਸ ਉਲੰਪਿਕ ਜਾ ਰਹੇ ਖਿਡਾਰੀਆਂ ਨਾਲ ਨਿੱਜੀ ਤੌਰ 'ਤੇ ਅਤੇ ਵਰਚੁਅਲੀ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ 2036 ਉਲੰਪਿਕ ਦੀ ਮੇਜ਼ਬਾਨੀ ਦਾ ਦਾਅਵਾ ਮਜ਼ਬੂਤ ਕਰਨ 'ਚ ਕੰਮ ਆਵੇਗੀ। ਪ੍ਰਧਾਨ ਮੰਤਰੀ ਨੇ ਕਿਹਾ, "ਭਾਰਤ ਦੀ ਕੋਸ਼ਿਸ਼ ਹੈ ਕਿ ਅਸੀਂ 2036 ਵਿੱਚ ਉਲੰਪਿਕ ਦੀ ਮੇਜ਼ਬਾਨੀ ਕਰੀਏ। ਇਸ ਨਾਲ ਵੀ ਮਾਹੌਲ ਬਣਦਾ ਹੈ ਅਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਬੁਨਿਆਦੀ ਢਾਂਚਾ ਤਿਆਰ ਕਰਨ ਲਈ ਮਾਹਿਰ ਕੰਮ ਕਰ ਰਹੇ ਹਨ।" ਉਨ੍ਹਾਂ ਕਿਹਾ, "ਮੈਂ ਉਲੰਪਿਕ ਤੋਂ ਪਹਿਲਾਂ ਨਹੀਂ ਪਰ ਬਾਅਦ ਵਿੱਚ ਉੱਥੋਂ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਦੀ ਤੁਹਾਨੂੰ ਅਪੀਲ ਕਰਾਂਗਾ। ਖਿਡਾਰੀਆਂ ਤੋਂ ਜੋ ਜਾਣਕਾਰੀ ਮਿਲੇਗੀ, ਉਹ 2036 ਵਿੱਚ ਕੰਮ ਆਵੇਗੀ।" ਪ੍ਰਧਾਨ ਮੰਤਰੀ ਮੋਦੀ ਦੀ ਖਿਡਾਰੀਆਂ ਨਾਲ ਗੱਲਬਾਤ ਦੀ ਪੂਰੀ ਵੀਡੀਓ ਉਨ੍ਹਾਂ ਦੇ ਦਫ਼ਤਰ ਤੋਂ ਜਾਰੀ ਕੀਤੀ ਗਈ। ਗੱਲਬਾਤ ਦੌਰਾਨ ਖੇਡ ਮੰਤਰੀ ਮਨਸੁਖ ਮਾਂਡਵੀਆ ਤੇ ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਪੀਟੀ ਊਸ਼ਾ ਵੀ ਮੌਜੂਦ ਸੀ।

ਭਾਰਤ ਨੇ ਉਲੰਪਿਕ ਦੀ ਮੇਜ਼ਬਾਨੀ ਦੀ ਇੱਛਾ ਕਈ ਵਾਰ ਜਤਾਈ ਹੈ, ਜਿਸ ਨੂੰ ਕੌਮਾਂਤਰੀ ਉਲੰਪਿਕ ਕਮੇਟੀ ਦੇ ਪ੍ਰਧਾਨ ਥਾਮਸ ਬਾਕ ਦਾ ਵੀ ਸਮਰਥਨ ਮਿਲਿਆ ਹੈ। ਹਾਲਾਂਕਿ ਭਾਰਤ ਦਾ ਰਾਹ ਆਸਾਨ ਨਹੀਂ ਹੋਵੇਗਾ ਕਿਉਂਕਿ ਕਤਰ ਅਤੇ ਸਾਊਦੀ ਅਰਬ ਵੀ ਇਸ ਦੌੜ ਵਿੱਚ ਸ਼ਾਮਲ ਹੋ ਸਕਦੇ ਹਨ।




ਉਲੰਪਿਕ 2036 ਦੀ ਮੇਜ਼ਬਾਨੀ ਦਾ ਫ਼ੈਸਲਾ ਅਗਲੇ ਸਾਲ ਆਈ.ਓ.ਸੀ. ਦੀਆਂ ਚੋਣਾਂ ਤੋਂ ਪਹਿਲਾਂ ਆਉਣ ਦੀ ਸੰਭਾਵਨਾ ਨਹੀਂ ਹੈ, ਜਿਸ ਵਿੱਚ ਨਵਾਂ ਪ੍ਰਧਾਨ ਚੁਣਿਆ ਜਾਵੇਗਾ।

## ਸ੍ਰੀਲੰਕਾ ਦੌਰੇ ਦੌਰਾਨ ਨਵਾਂ ਕੋਚ ਕ੍ਰਿਕਟ ਟੀਮ ਨਾਲ ਜੁੜੇਗਾ: ਸ਼ਾਹ

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਸਕੱਤਰ ਜੈ ਸ਼ਾਹ ਨੇ ਕਿਹਾ ਕਿ ਭਾਰਤੀ ਕ੍ਰਿਕਟ ਟੀਮ ਦਾ ਨਵਾਂ ਮੁੱਖ ਕੋਚ ਇਸ ਮਹੀਨੇ ਦੇ ਅਖੀਰ ਵਿੱਚ ਸ੍ਰੀਲੰਕਾ 'ਚ ਸੀਮਤ ਓਵਰਾਂ ਦੀ ਲੜੀ ਲਈ ਟੀਮ ਨਾਲ ਜੁੜੇਗਾ। ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਰਾਹੁਲ ਦ੍ਰਾਵਿੜ ਦੇ ਜਾਣ ਤੋਂ ਬਾਅਦ ਮੁੱਖ ਕੋਚ ਲਈ ਕਿਸ ਦਾ ਨਾਮ ਤੈਅ ਕੀਤਾ ਗਿਆ ਹੈ। ਮੁੱਖ ਕੋਚ ਲਈ ਸਾਬਕਾ ਸਲਾਮੀ ਬੱਲੇਬਾਜ਼ੀ ਗੌਤਮ ਗੰਭੀਰ ਦੇ ਨਾਂ ਦੀ ਚਰਚਾ ਚੱਲ ਰਹੀ ਹੈ। ਕ੍ਰਿਕਟ ਸਲਾਹਕਾਰ ਕਮੇਟੀ (ਸੀ.ਏ.ਸੀ.) ਨੇ ਗੰਭੀਰ ਅਤੇ ਭਾਰਤੀ ਮਹਿਲਾ ਟੀਮ ਦੇ ਸਾਬਕਾ ਕੋਚ ਡਬਲਿਊ.ਵੀ. ਰਮਨ ਦਾ ਇੰਟਰਵਿਊ ਲਿਆ ਹੈ।



## ਮੁਸ਼ਕਿਲ ਦੌਰ 'ਚੋਂ ਲੰਘ ਰਿਹੈ ਜਲੰਧਰ ਦਾ ਖੇਡ ਉਦਯੋਗ



ਵਿਧਾਨ ਸਭਾ ਹਲਕਾ ਜਲੰਧਰ ਪੱਛਮੀ 'ਚ ਹੋਣ ਜਾ ਰਹੀ ਜ਼ਿਮਨੀ ਚੋਣ ਦੌਰਾਨ ਬੇਸ਼ੱਕ ਉਮੀਦਵਾਰ ਤੇ ਉਨ੍ਹਾਂ ਦੀਆਂ ਪਾਰਟੀਆਂ ਦੇ ਆਗੂ ਹਲਕੇ ਦੀ ਤਰੱਕੀ ਲਈ ਵੱਡੇ-ਵੱਡੇ ਦਾਅਵੇ ਕਰ ਰਹੇ ਹਨ ਪਰ ਇਸ ਹਲਕੇ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਡਾਂ ਦਾ ਸਾਮਾਨ ਬਣਾਉਣ ਇੰਡਸਟਰੀ ਤੇ ਕਾਰੋਬਾਰ ਵੱਲ ਕਿਸੇ ਦਾ ਧਿਆਨ ਨਹੀਂ ਗਿਆ। ਇਸ ਖੇਤਰ ਨਾਲ ਜੁੜੇ ਸਨਅਤਕਾਰ ਤੇ ਕਾਰੋਬਾਰੀ ਸਰਕਾਰ ਦੀਆਂ ਨੀਤੀਆਂ, ਹੁਨਰਮੰਦ ਕਾਰੀਗਰਾਂ ਦੀ ਘਾਟ, ਕੱਚੇ ਮਾਲ ਦੀਆ ਕੀਮਤਾਂ 'ਚ ਵਾਧੇ, ਕੱਚੇ ਮਾਲ ਦੀ ਘਾਟ ਤੇ ਅਣਸੁਰੱਖਿਅਤ ਮਾਹੌਲ ਵਰਗੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਹਾਲਤ ਇਹ ਹੋ ਚੁੱਕੀ ਹੈ ਕਿ ਖੇਡ ਸਨਅਤਕਾਰ ਤੇ ਕਾਰੋਬਾਰ ਦਾ ਇੱਕ ਵੱਡਾ ਹਿੱਸਾ ਜਲੰਧਰ ਤੋਂ ਹਿਜਰਤ ਕਰ ਕੇ ਯੂ.ਪੀ. ਦੇ ਮੇਰਠ 'ਚ ਜਾ ਚੁੱਕਾ ਹੈ। ਇਸ ਕਾਰਨ ਜਲੰਧਰ ਦੇ ਪੱਛਮੀ ਵਿਧਾਨ ਸਭਾ ਹਲਕੇ 'ਚ ਸਥਿਤ ਸਪੋਰਟਸ ਮਾਰਕੀਟ ਦਾ ਕਾਰੋਬਾਰ ਪਹਿਲਾਂ ਦੇ ਮੁਕਾਬਲੇ ਕਾਫੀ ਘੱਟ ਗਿਆ ਹੈ। ਦਿਲਚਸਪ ਪਹਿਲੂ ਇਹ ਹੈ ਕਿ ਹਲਕੇ ਤੋਂ ਜ਼ਿਮਨੀ ਚੋਣ ਲੜ ਰਹੇ ਕਈ ਉਮੀਦਵਾਰ ਤੇ ਹੋਰ ਸਿਆਸੀ ਆਗੂ ਵੀ ਖੇਡਾਂ ਦੇ ਕਾਰੋਬਾਰ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਹਨ। ਉਹ ਵੀ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ ਪਰ ਕਿਸੇ ਨੇ ਵੀ ਇਨ੍ਹਾਂ ਦਿੱਕਤਾਂ ਵੱਲ ਧਿਆਨ ਨਹੀਂ ਦਿੱਤਾ ਤੇ ਨਾ ਹੀ ਕਦੇ ਚੋਣਾਂ 'ਚ ਇਸ ਨੂੰ ਮੁੱਦਾ ਬਣਾਇਆ। ਸਨਅਤਕਾਰਾਂ ਦੇ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਉਪਰੋਕਤ ਸਮੱਸਿਆਵਾਂ



ਦਾ ਹੱਲ ਕਰ ਦੇਵੇ ਤਾਂ ਖੇਡਾਂ ਦਾ ਕਾਰੋਬਾਰ ਹੋਰ ਬਿਹਤਰ ਕਾਰਗੁਜ਼ਾਰੀ ਦਿਖਾ ਸਕਦਾ ਹੈ। ਇਸ ਦਾ ਫ਼ਾਇਦਾ ਸਨਅਤਕਾਰਾਂ ਦੇ ਕਾਰੋਬਾਰੀਆਂ ਦੇ ਨਾਲ-ਨਾਲ ਸਰਕਾਰ ਨੂੰ ਵੀ ਹੋਵੇਗਾ।

### ਸਿਆਲਕੋਟ ਤੋਂ ਜਲੰਧਰ ਪੁੱਜੀ ਸੀ ਇਹ ਸਨਅਤ

ਜਲੰਧਰ ਦੀ ਇਸ ਖੇਡ ਸਨਅਤ ਦੀਆਂ ਜੜ੍ਹਾਂ ਪਾਕਿਸਤਾਨ ਦੇ ਸ਼ਹਿਰ ਸਿਆਲਕੋਟ ਨਾਲ ਜੁੜੀਆਂ ਹਨ। 1947 ਦੀ ਵੰਡ ਵੇਲੇ ਵੱਡੀ ਗਿਣਤੀ 'ਚ ਖੇਡਾਂ ਦਾ ਸਾਮਾਨ ਬਣਾਉਣ ਵਾਲੇ ਹੁਨਰਮੰਦ ਕਾਰੀਗਰ ਹਿਜਰਤ ਕਰ ਕੇ ਇੱਥੇ ਆ ਵੱਸੇ ਤਾਂ ਉਨ੍ਹਾਂ ਦੇ ਨਾਲ ਹੀ ਵੱਡੀ ਗਿਣਤੀ 'ਚ ਸਨਅਤਕਾਰ ਤੇ ਕਾਰੋਬਾਰੀ ਵੀ ਆ ਗਏ। ਉਨ੍ਹਾਂ ਦੇ ਉੱਦਮ ਸਦਕਾ ਹੀ ਜਲੰਧਰ ਏਸ਼ੀਆ ਹੀ ਨਹੀਂ ਸਗੋਂ ਸੰਸਾਰ ਭਰ 'ਚ ਖੇਡਾਂ ਦੇ ਸਾਮਾਨ ਦੇ ਉਤਪਾਦਨ ਤੇ ਕਾਰੋਬਾਰ ਦਾ ਵੱਡਾ ਕੇਂਦਰ ਬਣ ਗਿਆ।

### ਖੇਡਾਂ ਦੇ ਸਾਮਾਨ ਤੋਂ ਘੱਟਣਾ ਚਾਹੀਦੈ ਟੈਕਸ

ਖੇਡ ਉਦਯੋਗ ਸੰਘ ਸੰਘਰਸ਼ ਸੰਮਤੀ ਦੇ ਕਨਵੀਨਰ ਰਵਿੰਦਰ ਧੀਰ ਦਾ ਕਹਿਣਾ ਹੈ ਕਿ ਖੇਡ ਉਦਯੋਗ ਕਈ ਮੁਸ਼ਕਿਲਾਂ ਨਾਲ ਜੂਝ ਰਿਹਾ ਹੈ। ਸਰਕਾਰ ਫਿਜ਼ੀਕਲ ਫਿੱਟਨੈੱਸ ਦੇ ਸਾਮਾਨ 'ਤੇ 18 ਫ਼ੀਸਦੀ ਜੀ.ਐੱਸ.ਟੀ. ਵਸੂਲਦੀ ਹੈ। ਜੋ ਬਹੁਤ ਜ਼ਿਆਦਾ ਹੈ। ਇਹ ਸਾਮਾਨ ਜ਼ਿਆਦਾਤਰ ਸਕੂਲਾਂ 'ਚ ਵਰਤਿਆ ਜਾਂਦਾ ਹੈ। ਧੀਰ ਕਹਿੰਦੇ ਹਨ ਕਿ ਰਿਆਇਤੀ ਦਰਾਂ 'ਤੇ ਸਾਮਾਨ ਉਪਲਬਧ ਹੋਣ ਨਾਲ ਨੌਜਵਾਨਾਂ 'ਚ ਸਿਹਤ ਸੰਭਾਲ ਸਬੰਧੀ ਨਵੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ ਘਟਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਦੇ ਖੇਡ ਉਦਯੋਗ ਨੂੰ ਅਜੇ ਤਕ ਫੋਕਲ ਪੁਆਇੰਟ ਵੀ ਨਹੀਂ ਮਿਲ ਸਕਿਆ ਜਿਸ ਕਰਕੇ ਉਦਯੋਗਪਤੀਆਂ ਨੂੰ ਗਲੀਆਂ-ਮੁਹੱਲਿਆਂ ਤੇ ਘਰਾਂ 'ਚ ਉਦਯੋਗ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਛੋਟੇ ਉਦਯੋਗਪਤੀਆਂ ਕੋਲ ਸਾਧਨਾਂ ਦੀ ਕਮੀ ਕਾਰਨ ਖੇਡ ਉਦਯੋਗ ਖੜੋਤ ਦੀ ਸਥਿਤੀ 'ਚ ਹੈ।

### ਸਪੋਰਟਸ ਯੂਨੀਵਰਸਿਟੀ ਦਾ ਵਾਅਦਾ ਨਹੀਂ ਹੋਇਆ ਪੂਰਾ

ਰਵਿੰਦਰ ਧੀਰ ਨੇ ਕਿਹਾ ਕਿ ਸਰਕਾਰ ਨੇ ਸਪੋਰਟਸ ਯੂਨੀਵਰਸਿਟੀ ਬਣਾਉਣ ਦਾ ਵਾਅਦਾ ਵੀ ਸੀ ਜੋ ਅਜੇ ਤਕ ਪੂਰਾ ਨਹੀਂ ਹੋ ਸਕਿਆ। ਹਾਲਾਂਕਿ ਯੂਨੀਵਰਸਿਟੀ ਦੇ ਹੋਂਦ 'ਚ ਆਉਣ ਨਾਲ ਸਮੁੱਚੇ ਦੁਆਬਾ ਖੇਤਰ 'ਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਸਕਦੇ ਹਨ। ਖੇਡਾਂ ਤੇ ਖਿਡਾਰੀਆਂ ਲਈ ਨਵੇਂ ਰਾਹ ਖੁੱਲ੍ਹ ਸਕਦੇ ਹਨ। ਇਸੇ ਤਰ੍ਹਾਂ ਉਨ੍ਹਾਂ ਦੱਸਿਆ ਕਿ ਰਿਸਰਚ ਐਂਡ ਡਿਵੈਲਪਮੈਂਟ ਸੈਂਟਰ ਦੀ ਕਮੀ ਵੀ ਖੇਡ ਉਦਯੋਗ ਦੀ ਤਰੱਕੀ ਦੇ ਰਾਹ 'ਚ ਵੱਡੀ ਰੁਕਾਵਟ ਹੈ।

### ਕਸ਼ਮੀਰੀ ਵਿੱਲੋ ਨਾ ਮਿਲਣ ਕਾਰਨ ਬੈਟ ਨਿਰਮਾਣ 'ਚ ਦਿੱਕਤ

ਬੈਟ ਉਤਪਾਦਕ ਤੇ ਵਿਕਰੇਤਾ ਨਰਿੰਦਰ ਚਤਰਥ ਨੇ ਦੱਸਿਆ ਕਿ ਬੈਟ ਬਣਾਉਣ ਲਈ ਕਸ਼ਮੀਰੀ ਵਿੱਲੋ (ਕਸ਼ਮੀਰੀ ਲੱਕੜ) ਉਪਲਬਧ ਨਾ ਹੋਣਾ ਵੱਡੀ ਸਮੱਸਿਆ ਬਣ ਗਿਆ ਹੈ। ਇਸ ਕਾਰਨ ਬੈਟ ਦੇ ਉਤਪਾਦਨ 'ਤੇ ਅਸਰ ਪੈਂਦਾ ਹੈ। ਮਾਰਕੀਟ 'ਚ ਬੈਟ ਦੀ ਮੰਗ ਪੂਰੀ ਕਰਨ 'ਚ ਦਿੱਕਤ ਆ ਰਹੀ ਹੈ। ਜੇਕਰ ਸਰਕਾਰ ਉਦਯੋਗਪਤੀਆਂ ਨੂੰ ਕਸ਼ਮੀਰੀ ਵਿੱਲੋ (ਲੱਕੜ) ਮੁਹੱਈਆ ਕਰਵਾਏ ਤਾਂ ਇਸ ਸੰਕਟ ਦਾ ਹੱਲ ਨਿਕਲ ਸਕਦਾ ਹੈ।

### ਕਾਰੀਗਰ ਤਿਆਰ ਕਰਨ ਲਈ ਹੋਵੇ ਸਿਖਲਾਈ ਕੇਂਦਰ


ਨਰਿੰਦਰ ਚਤਰਥ ਨੇ ਦੱਸਿਆ ਕਿ ਖੇਡਾਂ ਦਾ ਸਾਮਾਨ ਤਿਆਰ ਕਰਨ ਲਈ ਹੁਨਰਮੰਦ ਕਾਰੀਗਰਾਂ ਦੀ ਬਹੁਤ ਕਮੀ ਹੈ, ਜਿਸ ਕਾਰਨ ਉਤਪਾਦਨ ਦੀ ਰਫ਼ਤਾਰ 'ਤੇ ਬੁਰਾ ਅਸਰ ਪੈਂਦਾ ਹੈ। ਹੁਨਰਮੰਦ ਕਾਰੀਗਰ ਨਾ ਮਿਲਣ ਦੀ ਵੱਡੀ ਵਜ੍ਹਾ ਇਹ ਦੱਸੀ ਜਾਂਦੀ ਹੈ ਕਿ ਇੱਥੇ ਕੋਈ ਬਾਕਾਇਦਾ ਤਕਨੀਕੀ ਸਿਖਲਾਈ ਕੇਂਦਰ ਨਹੀਂ ਜੋ ਹੁਨਰਮੰਦ ਕਾਰੀਗਰ ਪੈਦਾ ਕਰ ਸਕੇ। ਨਰਿੰਦਰ ਚਤਰਥ ਮੁਤਾਬਕ ਉਦਯੋਗਪਤੀਆਂ ਦੀ ਮੰਗ ਹੈ ਕਿ ਸਰਕਾਰ ਇੱਥੇ ਖੇਡਾਂ ਦਾ ਸਾਮਾਨ ਬਣਾਉਣ ਲਈ ਸਿਖਲਾਈ ਕੇਂਦਰਾਂ ਦੀ ਸਥਾਪਨਾ ਕਰੇ ਤਾਂ ਕਿ ਇਸ ਸਮੱਸਿਆ ਤੋਂ ਨਿਜਾਤ ਪਾਈ ਜਾ ਸਕੇ।

### ਚੋਰੀਆਂ ਤੇ ਲੁੱਟ ਖੋਹ ਕਾਰਨ ਵੀ ਕਾਰੋਬਾਰੀ ਪਰੇਸ਼ਾਨ

ਖੇਡਾਂ ਦਾ ਸਾਮਾਨ ਬਣਾਉਣ ਵਾਲੇ ਬਾਰਸਨ ਸਪੋਰਟਸ ਦੇ ਦੀਪਕ ਕੁਮਾਰ ਕਾਲੀ ਨੇ ਦੱਸਿਆ ਕਿ ਖੇਡ ਮਾਰਕੀਟ 'ਚ ਸ਼ੋਅਰੂਮਾਂ ਤੇ ਗੋਦਾਮਾਂ 'ਚ ਕਰੋੜਾਂ ਦਾ ਸਾਮਾਨ ਹੁੰਦਾ ਹੈ। ਚੋਰ ਅਕਸਰ ਦੁਕਾਨਾਂ ਦੇ ਸ਼ਟਰ ਤੇ ਤਾਲੇ ਤੋੜ ਕੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਸਪੋਰਟਸ ਮਾਰਕੀਟ 'ਚ ਕੋਈ ਪੁਲਿਸ ਨਾਕਾ ਵੀ ਨਹੀਂ ਹੁੰਦਾ ਜਿਸ ਕਾਰਨ ਚੋਰ ਰਾਤ ਵੇਲੇ ਨਿੱਡਰ ਹੋ ਕੇ ਵਾਰਦਾਤਾਂ ਅੰਜਾਮ ਦੇ ਰਹੇ ਹਨ। ਪੁਲਿਸ ਪੈਟਰੋਲਿੰਗ ਵੀ ਲਗਭਗ ਨਾਂਹ ਦੇ ਬਰਾਬਰ ਹੈ ਜਿਸ ਕਾਰਨ ਦੁਕਾਨਦਾਰਾਂ ਨੂੰ ਹਰ ਵੇਲੇ ਚੋਰੀ ਤੇ ਲੁੱਟ-ਖੋਹ ਦਾ ਖਦਸ਼ਾ ਰਹਿੰਦਾ ਹੈ। ਸਟਰੀਟ ਲਾਈਟ ਦਾ ਸਹੀ ਪ੍ਰਬੰਧ ਨਾ ਹੋਣ ਕਾਰਨ ਗ਼ੈਰ ਸਮਾਜੀ ਤੱਤ ਆਸਾਨੀ ਨਾਲ ਵਾਰਦਾਤ ਨੂੰ ਅੰਜਾਮ ਦੇ ਦਿੰਦੇ ਹਨ।

# ਟੈਲੀਵਿਜ਼ਨ ਦੇ ਲੜੀਵਾਰ ਨਾਟਕਾਂ ਦਾ ਸਮਾਜਿਕ ਅਤੇ ਪਰਿਵਾਰਕ ਜ਼ਿੰਦਗੀ ਨਾਲ ਉੱਕਾ ਹੀ ਮੇਲ ਨਹੀਂ








ਪ੍ਰਿੰਸੀਪਲ ਵਿਜੈ ਕੁਮਾਰ




ਜੇਕਰ ਸਮਾਜਿਕ ਜ਼ਿੰਦਗੀ ਨੂੰ ਦੇਖਿਆ ਜਾਵੇ ਤਾਂ ਇੰਝ ਜਾਪਦਾ ਹੈ ਕਿ ਲੋਕ ਆਪਣੀ ਜ਼ਿੰਦਗੀ ਦੀ ਹਕੀਕਤ ਤੋਂ ਲਾਂਭੇ ਹੁੰਦੇ ਜਾ ਰਹੇ ਹਨ। ਟੈਲੀਵਿਜ਼ਨ ਦੇ ਲੜੀਵਾਰ ਨਾਟਕਾਂ ਦੇ ਪਾਤਰਾਂ ਦੇ ਚਰਿੱਤਰ ਜੋ ਕਿ ਮ੍ਰਿਗ ਤ੍ਰਿਸ਼ਨਾ ਵਾਂਗ ਹੁੰਦੇ ਹਨ। ਜਿਨ੍ਹਾਂ ਦੀ ਜ਼ਿੰਦਗੀ ਸਾਡੀ ਸਮਾਜਿਕ ਅਤੇ ਪਰਿਵਾਰਕ ਜ਼ਿੰਦਗੀ ਨਾਲ ਉੱਕਾ ਹੀ ਮੇਲ ਨਹੀਂ ਖਾਂਦੀ ਹੁੰਦੀ। ਅਸੀਂ ਇਹ ਵੀ ਜਾਣਦੇ ਹੁੰਦੇ ਹਾਂ ਕਿ ਇਹ ਲੜੀਵਾਰ ਨਾਟਕ ਕੇਵਲ ਸਾਡੇ ਮਨੋਰੰਜਨ ਲਈ ਪੇਸ਼ ਕੀਤੇ ਜਾ ਰਹੇ ਹਨ ਪਰ ਫਿਰ ਵੀ ਟੈਲੀਵਿਜ਼ਨ ’ਤੇ ਪੇਸ਼ ਕੀਤੇ ਜਾ ਰਹੇ ਨਾਟਕਾਂ ਦੇ ਪਾਤਰਾਂ ਦੇ ਜੀਵਨ ’ਚ ਅਸੀਂ ਐਨੀ ਬੁਰੀ ਤਰ੍ਹਾਂ ਖੁੱਭ ਜਾਂਦੇ ਹਾਂ ਕਿ ਅਸੀਂ ਆਪਣੀ ਨਿੱਜੀ ਜ਼ਿੰਦਗੀ ਨੂੰ ਭੁੱਲ ਕੇ ਉਸ ਤਰ੍ਹਾਂ ਦੀ ਜ਼ਿੰਦਗੀ ਜਿਊਣ ਲੱਗ ਪੈਂਦੇ ਹਾਂ। ਸਾਡੇ ਘਰਾਂ ’ਚ ਟੈਲੀਵਿਜ਼ਨ ਉੱਤੇ ਪੇਸ਼ ਕੀਤੇ ਜਾਣ ਵਾਲੇ ਇਹ ਲੜੀਵਾਰ ਨਾਟਕ ਸਵੇਰ ਤੋਂ ਸ਼ੁਰੂ ਹੋ ਕੇ ਰਾਤ ਤੱਕ ਚਲਦੇ ਰਹਿੰਦੇ ਹਨ। ਇਹ ਲੜੀਵਾਰ ਨਾਟਕ ਇੱਕ ਨਸ਼ੇ ਵਾਂਗ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੇ ਹਨ।

ਰੋਟੀ ਖਾਣ ਨੂੰ ਦਿਲ ਨਹੀਂ ਕਰਦਾ, ਸਾਰਾ ਦਿਨ ਇਸੇ ਗੱਲ ਦਾ ਜ਼ਿਕਰ ਹੁੰਦਾ ਰਹਿੰਦਾ ਹੈ ਕਿ ਮੇਰੀ ਤਾਂ ਨਾਟਕ ਦੀ ਲੜੀ ਵੇਖਣ ਤੋਂ ਰਹਿ ਗਈ ਹੈ। ਅਸੀਂ ਲੜੀਵਾਰ ਨਾਟਕ ਵੇਖਦਿਆਂ ਇਹ ਗੱਲ ਕਿਉਂ ਨਹੀਂ ਪੜ੍ਹਦੇ ਕਿ ਨਾਟਕ ਦੇ ਪਾਤਰ ਅਤੇ ਘਟਨਾਵਾਂ ਕਾਲਪਨਿਕ ਹਨ। ਅਸੀਂ ਪਾਤਰਾਂ ਦੀ ਪੇਸ਼ਕਾਰੀ ਦੇ ਪ੍ਰਭਾਵ ਵਿੱਚ ਆ ਕੇ ਉਸੇ ਤਰ੍ਹਾਂ ਦੀ ਜ਼ਿੰਦਗੀ ਜਿਊਣ ਦਾ ਯਤਨ ਕਰਨ ਲੱਗ ਪੈਂਦੇ ਹਾਂ। ਅਸੀਂ ਉਨ੍ਹਾਂ ਲੜੀਵਾਰ ਨਾਟਕਾਂ ਦੇ ਪਾਤਰਾਂ ਵਾਂਗ ਆਪਣੇ ਸਰੀਰ ਉੱਤੇ ਟੈਟੂ ਅਤੇ ਪਹਿਰਾਵਾ ਬਣਾਉਣ ਲੱਗ ਪੈਂਦੇ ਹਾਂ।

ਇਨ੍ਹਾਂ ਲੜੀਵਾਰ ਨਾਟਕਾਂ ’ਚ ਇੱਕ ਔਰਤ ਅਤੇ ਮਰਦ ਵੱਲੋਂ ਤਿੰਨ ਚਾਰ ਵਿਆਹ ਕਰਵਾਉਣੇ, ਬਿਨਾਂ ਵਿਆਹ ਤੋਂ ਰਹਿਣਾ, ਵਿਆਹੁਤਾ ਜ਼ਿੰਦਗੀ ਜਿਊਂਦਿਆਂ ਪਤੀ-ਪਤਨੀ ਵਲੋਂ ਕਿਸੇ ਦੂਜੇ ਨਾਲ ਸੰਬੰਧ ਬਣਾਉਣੇ, ਜ਼ਿੰਦਗੀ ਜਿਊਣ ਦੇ ਅਜੀਬ ਢੰਗ ਤਰੀਕੇ, ਸੱਸਾਂ ਨੂੰਹਾਂ, ਦਰਾਣੀਆਂ ਜਠਾਣੀਆਂ, ਪਤੀ ਪਤਨੀਆਂ, ਔਲਾਦ ਅਤੇ ਮਾਂ-ਬਾਪ ਤੇ ਹੋਰ ਪਰਿਵਾਰਕ ਰਿਸ਼ਤਿਆਂ ਵਿੱਚ ਇਕ ਦੂਜੇ ਦੇ ਵਿਰੁੱਧ ਡਰਾਮੇ ਰਚਣੇ ਇਹ ਜੋ ਕੁਝ ਨਾਟਕਾਂ ਵਿੱਚ ਦਿਖਾਇਆ ਜਾ ਰਿਹਾ ਹੈ, ਉਹ ਕਿਤੇ ਨਾ ਕਿਤੇ ਸਾਡੀ ਨਿੱਜੀ ਜ਼ਿੰਦਗੀ ਵਿੱਚ ਵੀ ਦਾਖਲ ਹੁੰਦਾ ਜਾ ਰਿਹਾ ਹੈ ਕਿਉਂਕਿ ਅਸੀਂ ਇਨ੍ਹਾਂ ਨਾਟਕਾਂ ਨੂੰ ਵੇਖ ਕੇ ਆਪਣੇ-ਆਪ ਨੂੰ ਮਨੋਰੰਜਨ ਤੱਕ ਮਹਿਦੂਦ ਨਹੀਂ ਰੱਖ ਪਾਉਂਦੇ। ਮਾਪਿਆਂ ਦਾ ਬਿਰਧ ਆਸ਼ਰਮਾਂ ’ਚ ਪਹੁੰਚਣਾ, ਸਾਡੇ ਸੱਭਿਆਚਾਰ ਦੀ ਮਰਿਆਦਾ ਟਪਦੀ ਨਾਟਕਾਂ ਦੇ ਪਾਤਰਾਂ ਦੀ ਫੈਸ਼ਨਪ੍ਰਸਤੀ, ਘਰਾਂ ਵਿਚ ਰੋਟੀ ਅਤੇ ਸਿਹਤਮੰਦ ਭੋਜਨ ਦੀ ਬਜਾਏ ਫਾਸਟ ਫੂਡ ਦੀ ਤੇਜ਼ੀ ਨਾਲ ਵਧ ਰਹੀ ਵਰਤੋਂ, ਔਲਾਦ ਦਾ ਆਪਣੇ ਮਾਪਿਆਂ ਦੇ ਵਿਰੁੱਧ ਮਰਿਆਦਾ ਨੂੰ ਭੁੱਲ ਕੇ ਵੱਧ ਰਿਹਾ ਬਾਗ਼ੀਪੁਣਾ, ਪ੍ਰੇਮ ਵਿਆਹਾਂ ਦੀ ਗਿਣਤੀ ਵਿੱਚ ਹੋ ਰਿਹਾ ਤੇਜ਼ੀ ਨਾਲ ਵਾਧਾ, ਅਦਾਲਤਾਂ ’ਚ ਤਲਾਕ ਦੀਆਂ ਘਟਨਾਵਾਂ ਦੀ ਵਧ ਰਹੀ ਗਿਣਤੀ ਪਰਿਵਾਰਕ ਰਿਸ਼ਤਿਆਂ ’ਚ ਪੈਦਾ ਹੋ ਰਹੀ ਹਉਮੈ, ਝਗੜੇ ਅਤੇ ਤਣਾਅ ਇਹ ਸਾਰਾ ਕੁਝ ਇਨ੍ਹਾਂ ਲੜੀਵਾਰ ਨਾਟਕਾਂ ਦਾ ਸਾਡੀ ਜ਼ਿੰਦਗੀ ’ਤੇ ਵਧ ਰਿਹਾ ਪ੍ਰਭਾਵ ਹੈ।

ਪਰਿਵਾਰ ਬਿਖਰਦੇ ਜਾ ਰਹੇ ਹਨ। ਅਸੀਂ ਸਮਝੌਤਿਆਂ ਵਾਲੀ ਜ਼ਿੰਦਗੀ ਜਿਊਣ ਦੀ ਸਥਿਤੀ ਵਿੱਚ ਪਹੁੰਚ ਚੁੱਕੇ ਹਾਂ। ਜੇਕਰ ਅਸੀਂ ਸੱਚਮੁੱਚ ਸਾਫ਼-ਸੁਥਰੀ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ। ਜ਼ਿੰਦਗੀ ਦੇ ਤਣਾਅ ਤੋਂ ਮੁਕਤ ਹੋਣਾ ਚਾਹੁੰਦੇ ਹਾਂ ਅਤੇ ਆਪਣੇ ਰਿਸ਼ਤਿਆਂ ਦਾ ਅਨੰਦ ਮਾਨਣਾ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਲੜੀਵਾਰ ਨਾਟਕਾਂ ਨੂੰ ਮਨੋਰੰਜਨ ਤੱਕ ਸੀਮਤ ਰੱਖਣਾ ਪਵੇਗਾ।

# ਪੰਜਾਬੀ ਫ਼ਿਲਮ ਐਂਡ ਟੀ.ਵੀ. ਐਕਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਣੇ ਨਿਰਮਲ ਰਿਸ਼ੀ



ਮਸ਼ਹੂਰ ਅਦਾਕਾਰਾ ਪਦਮਸ਼੍ਰੀ ਨਿਰਮਲ ਰਿਸ਼ੀ ਨੂੰ ਕਲਾਕਾਰਾਂ ਦੀ ਸੰਸਥਾ ਪੰਜਾਬੀ ਫਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ (ਪਫਟਾ) ਦਾ ਪ੍ਰਧਾਨ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਪਿਛਲੇ ਦਿਨੀਂ ਨਿਰਮਲ ਰਿਸ਼ੀ ਨੂੰ ਪਦਮਸ਼੍ਰੀ ਐਵਾਰਡ ਪ੍ਰਦਾਨ ਕੀਤਾ ਗਿਆ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਦਾਕਾਰ ਮਲਕੀਤ ਰੌਣੀ ਨੇ ਦੱਸਿਆ ਕਿ ਕਮੇਟੀ ਵੱਲੋਂ ਚੁਣੇ ਗਏ ਨਿਰਮਲ ਰਿਸ਼ੀ ਇਸ ਸੰਸਥਾ ਦੇ 7ਵੇਂ ਪ੍ਰਧਾਨ ਬਣੇ ਹਨ ਜਦਕਿ ਇਸ ਤੋਂ ਪਹਿਲਾਂ ਦਵਿੰਦਰ ਦਮਨ, ਸ਼ਵਿੰਦਰ ਮਾਹਲ, ਡਾ. ਰਣਜੀਤ ਸ਼ਰਮਾ, ਗੁਰਪ੍ਰੀਤ ਘੁੱਗੀ ਤੇ ਕਰਮਜੀਤ ਅਨਮੋਲ ਇਸ ਅਹੁਦੇ ’ਤੇ ਰਹਿ ਚੁੱਕੇ ਹਨ। ਰੌਣੀ ਨੇ ਦੱਸਿਆ ਕਿ ਪਦਮਸ਼੍ਰੀ ਨਿਰਮਲ ਰਿਸ਼ੀ ਨੂੰ ਪ੍ਰਧਾਨ ਚੁਣਨ ਤੋਂ ਇਲਾਵਾ ਗੁਗੂ ਗਿੱਲ ਨੂੰ ਸੰਸਥਾ ਦਾ ਚੇਅਰਮੈਨ, ਬੀਨੂੰ ਢਿੱਲੋਂ ਨੂੰ ਮੀਤ ਪ੍ਰਧਾਨ, ਬੀ.ਐੱਨ. ਸ਼ਰਮਾ ਨੂੰ ਜਨਰਲ ਸਕੱਤਰ ਤੇ ਭਾਰਤ ਭੂਸ਼ਣ ਵਰਮਾ ਨੂੰ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ ਹੈ। ਇਹ ਚੋਣ 2 ਸਾਲ ਲਈ ਕੀਤੀ ਗਈ ਹੈ। ਇਸ ਤੋਂ ਪਹਿਲਾਂ ਕਲਾ ਤੇ ਸਾਹਿਤ ਦੇ ਖੇਤਰ ਨਾਲ ਜੁੜੀਆਂ ਵਿੱਛੜੀਆਂ ਸ਼ਖ਼ਸੀਅਤਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਪਿਛਲੇ ਕਾਰਜਾਂ ਦੀ ਰਿਪੋਰਟ ਪੇਸ਼ ਕੀਤੀ ਗਈ। ਅਦਾਕਾਰ ਬੀਨੂੰ ਢਿੱਲੋਂ ਨੇ ਕਿਹਾ ਕਿ ਖੇਤਰੀ ਭਾਸ਼ਾਵਾਂ ਵਿੱਚ ਬੇਸ਼ੱਕ ਦੱਖਣੀ ਸਿਨੇਮਾ ਅੱਜ ਪਹਿਲੇ ਨੰਬਰ ’ਤੇ ਹੈ ਪਰ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਸਿਨੇਮਾ ਨੂੰ ਅੱਜ ਦੂਸਰਾ ਨੰਬਰ ਹਾਸਲ ਹੈ।

ਅਦਾਕਾਰ ਗੁਰਪ੍ਰੀਤ ਘੁੱਗੀ ਨੇ ਕਿਹਾ ਕਿ ਨਿਰਮਲ ਰਿਸ਼ੀ ਉਹ ਅਦਾਕਾਰ ਹਨ ਜਿਨ੍ਹਾਂ ਨੇ ਅਦਾਕਾਰੀ ਦੀ ਸ਼ੁਰੂਆਤ ਰੰਗ ਮੰਚ ਤੋਂ ਕੀਤੀ ਤੇ ਉਸ ਪਿੱਛੋਂ ਟੀ.ਵੀ. ਅਤੇ ਫਿਲਮਾਂ ਵਿੱਚ ਕਦਮ ਰੱਖਿਆ। ਘੁੱਗੀ ਨੇ ਕਿਹਾ ਕਿ ਪੰਜਾਬੀ ਸਿਨੇਮਾ ਕੋਲ ਇੱਕੋ ਇੱਕ ਪਦਮਸ਼੍ਰੀ ਹੈ ਜੋ ਕਿ ਨਿਰਮਲ ਰਿਸ਼ੀ ਨੂੰ ਮਿਲਿਆ ਹੈ।

# ਲਾਲ ਚੰਦ ਯਮਲਾ ਜੱਟ ਨੂੰ ਯਾਦ ਕਰਦਿਆਂ...

ਜਸਵਿੰਦਰ ਸਿੰਘ ਸਹੋਤਾ



ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਯਮਲਾ ਜੱਟ ਦਾ ਜਨਮ 28 ਮਾਰਚ 1914 ਨੂੰ ਚੱਕ ਨੰਬਰ 384 ਪਿੰਡ ਈਸਪੁਰ ਜ਼ਿਲ੍ਹਾ ਲਾਇਲਪੁਰ (ਮੌਜੂਦਾ ਪਾਕਿਸਤਾਨ) ਵਿਖੇ ਮਾਤਾ ਸ੍ਰੀਮਤੀ ਹਰਨਾਮ ਕੌਰ ਦੀ ਕੁੱਖੋਂ ਪਿਤਾ ਸ੍ਰੀ ਖੇੜਾ ਰਾਮ ਦੇ ਘਰ ’ਚ ਹੋਇਆ। ਪਿਤਾ ਜੀ ਵੀ ਇੱਕ ਗਵੱਈਏ ਹੋਣ ਕਾਰਨ ਲਾਲ ਚੰਦ ਨੂੰ ਗਾਇਕੀ ਆਪਣੇ ਵਿਰਸੇ ’ਚੋਂ ਹੀ ਮਿਲੀ। ਪਿਤਾ ਦਾ ਸਾਇਆ ਸਿਰ ਤੋਂ ਜਲਦੀ ਉੱਠ ਜਾਣ ਕਾਰਨ ਲਾਲ ਚੰਦ ਦਾ ਪਾਲਣ ਪੋਸ਼ਣ ਨਾਨਾ ਗੂੜਾ ਰਾਮ ਜੀ ਨੇ ਕੀਤਾ, ਜੋ ਖ਼ੁਦ ਵੀ ਇੱਕ ਪ੍ਰਸਿੱਧ ਗਵੱਈਏ ਸਨ। ਲਾਲ ਚੰਦ ਨੇ ਆਪਣੀ ਗਾਇਕੀ ਦੀ ਮੁਢਲੀ ਸਿੱਖਿਆ ਆਪਣੇ ਨਾਨਾ ਗੂੜਾ ਰਾਮ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਸਤਾਦ ਪੰਡਤ ਸਾਹਿਬ ਦਿਆਲ ਤੋਂ ਗਾਇਕੀ ਦੇ ਦਾਅ-ਪੇਚ ਸਿੱਖੇ। 1930 ਤੋਂ 1948 ਤੱਕ ਲਾਲ ਚੰਦ ਯਮਲਾ ਜੱਟ ਨੇ ਆਪਣੇ ਉਸਤਾਦ ਨਾਲ ਅਖਾੜਿਆਂ ’ਚ ਗਾਇਆ। ਉਨ੍ਹਾਂ ਨੇ ਪੱਕੇ ਰਾਗਾਂ ਦੀ ਸਿੱਖਿਆ ਰਾਗ ਵਿੱਦਿਆ ਦੇ ਮਾਹਰ ਚੌਧਰੀ ਮਜੀਦ ਤੋਂ ਵੀ ਪ੍ਰਾਪਤ ਕੀਤੀ। ਇਹ ਗਾਇਕ ਆਪਣੇ ਰਵਾਇਤੀ ਸਾਜਾਂ ਸਾਰੰਗੀ, ਚਿਕਾਰਾ, ਅਲਗੋਜ਼ੇ, ਵੰਝਲੀ ਅਤੇ ਢੋਲਕ ਆਦਿ ਨਾਲ ਰਵਾਇਤੀ ਧੁਨਾਂ ਵਿੱਚ ਗਾਉਂਦੇ ਸਨ। ਲਾਲ ਚੰਦ ਜੀ ਆਪਣੇ ਸਾਥੀਆਂ ਨਾਲ ਹੀਰ ਸੱਸੀ, ਪੂਰਨ ਮਿਰਜਾ ਅਤੇ ਹੋਰ ਅਜਿਹੀਆਂ ਹੀ ਕਥਾਵਾਂ ਨੂੰ ਕਵਿਤਾ ਰੂਪ ’ਚ ਗਾ ਕੇ ਸਣਾਉਂਦੇ। ਉਨ੍ਹਾਂ ਆਪਣੀ ਰਵਾਇਤੀ ਗਾਇਕੀ ਨਾਲ ਮੰਨੋਰੰਜਨ ਕਰਨ ਦੇ ਨਾਲ-ਨਾਲ ਸਦਾਚਾਰਿਕ ਤੇ ਧਾਰਮਿਕ ਸਿੱਖਿਆ ਦੇਣ ਦਾ ਯਤਨ ਵੀ ਕੀਤਾ। ਲਾਲ ਚੰਦ ਯਮਲਾ ਜੱਟ ਨੂੰ ਤੂੰਬੀ ਦੇ ਕਲਾਕਾਰ ਵਜੋਂ ਵੀ ਜਾਣਿਆਂ ਜਾਂਦਾ ਹੈ। ਉਨ੍ਹਾਂ ਡੇਢ ਦੋ ਫੁੱਟ ਡੰਡੇ ਨਾਲ ਸਿਲਵਰ ਦੀ ਇੱਕ ਕੌਲੀ ਜੋੜ ਕੇ ਇੱਕ ਤਾਰ ਵਾਲਾ ਸਾਜ਼ ਤੂੰਬੀ ਬਣਾ ਲਿਆ। ਇਸ ਨਿੱਕੇ ਜਿਹੇ ਸਾਜ਼ ਵਿੱਚੋਂ ਹੀ ਉਨ੍ਹਾਂ ਮਨਮੋਹਕ ਆਵਾਜ਼ ਤੇ ਸੁਰ ਪੈਦਾ ਕਰ ਕੇ ਇੱਕ ਕ੍ਰਿਸ਼ਮਾ ਕਰ ਦਿਖਾਇਆ। ਯਮਲੇ ਦਾ ਜ਼ਿਕਰ ਆਉਂਦਿਆਂ ਹੀ ਸਭ ਤੋਂ ਪਹਿਲਾਂ ਉਸ ਦੀ ਤੂੰਬੀ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ। ਲਾਲ ਚੰਦ ਯਮਲਾ ਜੱਟ ਜਦੋਂ ਵੀ ਸਟੇਜ ’ਤੇ ਖੜ ਕੇ ਤੂੰਬੀ ਦੀ ਤਾਰ ਨੂੰ ਟੁਣਕਾਉਂਦੇ ਸੀ ਤਾਂ ਸੁਣਨ ਵਾਲਿਆਂ ਦੇ ਦਿਲਾਂ ਦੀ ਧੜਕਣ ਵੀ ਤੂੰਬੀ ਦੀ ਟੁਣਕ-ਟੁਣਕ ਨਾਲ ਚਲਦੀ ਸੀ। ਯਮਲੇ ਦੇ ਸਾਦਾ ਅਤੇ ਦਿਲ ਟੁੰਬਵੇਂ ਗੀਤ ਹਰ ਇੱਕ ਦੀ ਜਬਾਨ ’ਤੇ ਚੜ੍ਹ ਗਏ। ਉਨ੍ਹਾਂ ਪਿੰਡਾਂ ਦੇ ਇਕੱਠਾਂ ’ਚ ਵੀ ਗਾਇਆ ਤੇ ਰੇਡੀਓ ’ਤੇ ਵੀ। ਲਾਲ ਚੰਦ ਯਮਲਾ ਜੱਟ ਦੁਆਰਾ ਗਾਏ ਗੀਤ ਅਜੇ ਤੱਕ ਵੀ ਪਿੰਡਾਂ ’ਚ ਲਾਊਡ ਸਪੀਕਰਾਂ ’ਤੇ ਸੁਣਾਈ ਦਿੰਦੇ ਹਨ।

-ਸਤਿਗੁਰ ਨਾਨਕ ਆ ਜਾ
ਸੰਗਤ ਪਈ ਪੁਕਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ!
ਸਾਰੇ ਸੰਸਾਰ ਦੀ।

- ਜੰਗਲ ਦੇ ਵਿੱਚ ਖੂਹ ਲਵਾ ਦੇ
ਉੱਤੇ ਪਵਾ ਦੇ ਡੋਲ
ਸਖੀਆ ਨਾਮ ਸਾਈਂ ਦਾ ਈ ਬੋਲ।

-ਮੈਨੂੰ ਲੈ ਚਲ ਨਦੀਓਂ ਪਾਰ
ਘੜੇ ਦੇ ਅੱਗੇ ਹੱਥ ਜੋੜਦੀ।

1947 ’ਚ ਹੋਈ ਦੇਸ਼ ਦੀ ਵੰਡ ਤੋਂ ਬਾਅਦ ਯਮਲਾ ਜੱਟ ਲੁਧਿਆਣਾ ਵਿਖੇ ਆ ਵਸੇ। ਇੱਥੇ ਉਨ੍ਹਾਂ ਮੁਸਲਮਾਨ ਫਕੀਰ ਪੀਰ ਕਟੋਰੇ ਦੀ ਯਾਦ ’ਚ ਹਰ ਸਾਲ ਇੱਕ ਮੇਲਾ ਲਾਉਣਾ ਸ਼ੁਰੂ ਕੀਤਾ। ਉਨ੍ਹਾਂ ਆਪਣੇ ਰਚੇ ਗੀਤਾਂ ਨੂੰ ਹੋਰ ਨਿਖਾਂਰਨ ਲਈ ਉਸਤਾਦ ਕਵੀ ਸੁੰਦਰ ਦਾਸ ਆਸੀ ਨੂੰ ਆਪਣਾ ਕਾਵਿ-ਗੁਰੂ ਧਾਰਿਆ। ਇਨ੍ਹਾਂ ਗੀਤਾਂ ਦੀਆਂ ਦੋ ਕਿਤਾਬਾਂ ‘ਤੂੰਬੀ ਦੀ ਤਾਰ’ ਅਤੇ ‘ਤੂੰਬੀ ਦੀ ਪੁਕਾਰ’ ਪ੍ਰੋਫੈਸਰ ਕਿਰਪਾਲ ਸਿੰਘ ਕਲੇਸ ਦੇ ਉਦਮ ਨਾਲ ਛਪੀਆਂ। ਨਾਮਵਾਰ ਕਲਾਕਾਰ ਨਰਿੰਦਰ ਬੀਬਾ ਅਤੇ ਜਗਤ ਸਿੰਘ ਜੱਗਾ ਯਮਲਾ ਜੱਟ ਦੇ ਹੀ ਸ਼ਗਿਰਦ ਹਨ।

ਜੇਕਰ ਅਸੀਂ ਅਜੋਕੀ ਗਾਇਕੀ ਦੇ ਦੌਰ ਨਾਲ ਯਮਲਾ ਜੀ ਦੀ ਗਾਇਕੀ ਨਾਲ ਤੁਲਨਾ ਕਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਮੌਜੂਦਾ ਪੱਛਮੀ ਪ੍ਰਭਾਵ ਅਤੇ ਸ਼ੋਰ-ਸ਼ਰਾਬੇ ਵਾਲੀ ਪੰਜਾਬੀ ਗਾਇਕੀ ਤੋਂ ਕੋਹਾਂ ਦੂਰ ਸੀ। ਉਨ੍ਹਾਂ ਸਾਫ ਸੁਥਰੀ ਗਾਇਕੀ ਮਨ ’ਚ ਵੈਰਾਗ, ਪ੍ਰੇਰਨਾ ਅਤੇ ਸੂਝ ਪੈਦਾ ਕਰਦੀ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਕਲਾਕਾਰ ਲੋਕਾਂ ਦਾ ਸੇਵਕ ਹੁੰਦਾ ਹੈ ਅਤੇ ਉਸ ਨੂੰ ਸਮਾਜ ਵਿੱਚ ਸੱਚੀ-ਸੁੱਚੀ ਘਾਲਣਾ- ਘਾਲਣੀ ਚਾਹੀਦੀ ਹੈ।

ਪੰਜਾਬ ਦੇ ਮਹਾਨ ਸਪੂਤ ਲਾਲ ਚੰਦ ਯਮਲਾ ਜੱਟ 20 ਦਸੰਬਰ 1991 ਨੂੰ ਹਮੇਸ਼ਾਂ ਲਈ ਵਿਛੜ ਗਏ। ਉਨ੍ਹਾਂ ਦੀ ਗਾਇਕੀ ਰਹਿੰਦੀ ਦੁਨੀਆਂ ਤੱਕ ਸੰਗੀਤ ਪ੍ਰੇਮੀਆਂ ਦੇ ਮਨ ’ਚ ਵਸੀ ਰਹੇਗੀ।

## ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਲਾਵਤਨੀ ਯੋਧੇ ਦੀ

ਬੇਟੀ ਇੰਗਲੈਂਡ ਵਿੱਚ,ਪਤਨੀ ਜਰਮਨ ਵਿੱਚ ਅਤੇ ਭਾਈ ਸਾਹਿਬ ਖੁਦ ਪਾਕਿਸਤਾਨ ਵਿੱਚ ਜਲਾਵਤਨ ਰਹਿ ਕੇ ਅਜ਼ਾਦ ਖਾਲਸਾ ਰਾਜ ਲਈ ਚਾਰਾਜੋਈ ਕਰਦੇ ਹੋਏ ਕੌਮੀ ਜਜ਼ਬਿਆਂ ਦੀ ਤਰਜਮਾਨੀ ਕਰਦੇ ਰਹੇ। ਡਾ. ਗੁਰਦੀਪ ਸਿੰਘ ਜਗਵੀਰ ਲਿਖਦੇ ਹਨ ਕਿ ਸ੍ਰ ਗਜਿੰਦਰ ਸਿੰਘ ਦੀ ਬੇਟੀ ਬਿਕਰਮਜੀਤ ਕੌਰ ਇਸ ਵਕਤ ਇੰਗਲੈਂਡ ਵਿੱਚ ਹੈ ਜੋ ਆਪਣੇ ਸਰਦਾਰ ਗੁਰਪਰੀਤ ਸਿੰਘ ਦੇ ਨਾਲ ਆਪਣਾ ਗ੍ਰਹਿਸਥ ਜੀਵਨ ਬਿਤਾ ਰਹੀ ਹੈ। ਬੱਚੀ ਬਿਕਰਮਜੀਤ ਕੌਰ ਦਾ ਅਨੰਦ ਕਾਰਜ ਸਰਦਾਰ ਮੰਗਲ ਸਿੰਘ ਅਤੇ ਬੀਬੀ ਰਣਜੀਤ ਕੌਰ ਦੇ ਬੇਟੇ ਸਰਦਾਰ ਗੁਰਪ੍ਰੀਤ ਸਿੰਘ ਦੇ ਨਾਲ 29 ਜੁਲਾਈ 2006 ਵਾਲੇ ਦਿਨ, ਸਾਊਥਾਲ ਦੀ ਮਿਸ਼ਨਰੀ ਸੁਸਾਇਟੀ ਦੇ ਮਾਤਾ ਸੁੰਦਰੀ ਦੀਵਾਨ ਹਾਲ ਵਿੱਚ ਸੰਪੂਰਨ ਹੋਇਆ ਸੀ। ਪੱਲੇ ਦੀ ਰਸਮ ਉਸ ਵੇਲੇ ਸਾਰੀ ਕੌਮ ਵੱਲੋਂ ਹੀ ਅਦਾ ਹੋ ਗਈ ਜਦੋਂ ਉਸ ਦਿਨ ਦੇਸ਼ ਵਿਦੇਸ਼ ਤੋਂ ਆਈ ਸੰਗਤ ਨੇ ਇਸ ਬੱਚੀ ਨੂੰ ਪੰਥ ਦੀ ਬੇਟੀ ਹੋਣ ਦਾ ਮਾਣ ਬਖਸ਼ਿਆ। ਬੱਚੀ ਬਿਕਰਮ ਜੀਤ ਕੌਰ ਅਤੇ ਬੱਚੇ ਗੁਰਪਰੀਤ ਸਿੰਘ ਦੇ ਗ੍ਰਹਿ ਸਤਿਗੁਰੂ ਜੀ ਨੇ, ਬੱਚੀ ਅਵਨੀਤ ਕੌਰ ਅਤੇ ਪੁੱਤਰ ਸੁਖਰਾਜ ਸਿੰਘ ਦੀ ਦਾਤ ਬਖਸ਼ੀ ਹੈ।ਉਨ੍ਹਾਂ ਅਨੁਸਾਰ ਸਿੱਖਾਂ ਦੀ ਸਰਵਉੱਚ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸ੍ਰ. ਗਜਿੰਦਰ ਸਿੰਘ ਨੂੰ 'ਜਲਾਵਨੀ ਸਿੱਖ ਯੋਧੇ' ਦੀ ਉਪਾਧੀ ਦੇਣ ਦਾ ਫ਼ੈਸਲਾ ਲਿਆ ਗਿਆ ਅਤੇ ਇਸ ਸੰਬੰਧੀ ਇਕ ਖ਼ਤ ਸ੍ਰ. ਗਜਿੰਦਰ ਸਿੰਘ ਨੂੰ ਭੇਜਿਆ ਗਿਆ ਕਿ ਗੁਰੂ ਪੰਥ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਿਤੀ 3 ਅੱਸੂ ਸੰਮਤ ਨਾਨਕਸ਼ਾਹੀ 552 ਮੁਤਾਬਕ 18 ਸਤੰਬਰ 2020 ਨੂੰ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਆਪ ਜੀ ਨੂੰ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਲਈ 'ਜਲਾਵਤਨੀ ਸਿੱਖ ਯੋਧਾ' ਦੀ ਉਪਾਧੀ ਨਾਲ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਹੋਏ ਆਦੇਸ਼ ਅਨੁਸਾਰ ਆਪ ਜੀ ਨੂੰ ਸਨਮਾਨ ਦੇਣ ਦੀ ਮਿਤੀ ਨਿਯਤ ਕਰਕੇ ਸੂਚਿਤ ਕੀਤਾ ਜਾਵੇਗਾ। ਸ੍ਰੀ ਅਕਾਲ ਤਖਤ ਸਾਹਿਬ ਤੋਂ ਫੈਸਲਾ ਲੈ ਲਏ ਜਾਣ ਦੇ ਬਾਅਦ ਵੀ ਉਹਨਾਂ ਨੂੰ ਸਨਮਾਨ ਨਾ ਦੇਣਾ ਭਾਈ ਗਜਿੰਦਰ ਸਿੰਘ ਵਰਗੀ ਸੱਚੀ ਸੁੱਚੀ ਸਖਸ਼ੀਅਤ ਦੇ ਨਾਲ ਭਾਰੀ ਅਨਿਆਂ ਹੈ। ਉਹ ਸੱਚਮੁੱਚ ਜਿਉਂਦਾ ਸ਼ਹੀਦ ਸੀ, ਜਿਸਨੇ ਪਰਿਵਾਰ ਨੂੰ ਖੇਰੂੰ ਖੇਰੂੰ ਹੋਣ ਦੀ ਸ਼ਰਤ 'ਤੇ ਵੀ ਆਖਰੀ ਸਾਹ ਤੱਕ ਕੌਮ ਦੀ ਅਜ਼ਾਦੀ ਦੀ ਜੋਤ ਨੂੰ ਬਲਦੇ ਰੱਖਿਆ ਅਤੇ ਜਿਉਂਦੇ ਜੀਅ ਨਾਂ ਹੀ ਦਿੱਲੀ ਦਰਬਾਰ ਤੋਂ ਕੋਈ ਰਹਿਮ ਦੀ ਭੀਖ ਮੰਗੀ ਅਤੇ ਨਾ ਹੀ ਕੌਮ ਨੂੰ ਆਪਣੇ ਦੁੱਖਾਂ ਦਰਦਾਂ ਦਾ ਵਾਸਤਾ ਪਾਕੇ ਪਰਿਵਾਰ ਲਈ ਕੋਈ ਸਵਾਲ ਹੀ ਪਾਇਆ,ਬਲਕਿ ਉਹਨਾਂ ਦੀਆਂ ਲਿਖਤਾਂ ਡੋਲਣ ਵਾਲਿਆਂ ਨੂੰ ਵੀ ਹੌਸਲਾ ਅਤੇ ਹਿੰਮਤ ਦਿੰਦੀਆਂ ਰਹੀਆਂ। ਉਹਨਾਂ ਦੇ ਵਿਛੋੜੇ ਦਾ ਕੌਮ ਨੂੰ ਪਿਆ ਘਾਟਾ ਕਦੇ ਵੀ ਪੂਰਿਆ ਨਹੀ ਜਾ ਸਕੇਗਾ।

***

## ਲੋਕਾਂ 'ਤੇ ਪੈ ਰਹੀ ਮਹਿੰਗਾਈ

ਐਨੀ ਦੁੱਧ ਦੀ ਪੈਦਾਵਾਰ ਨਹੀਂ ਹੈ ਜਿੰਨਾ ਮਾਰਕੀਟ ਵਿੱਚ ਉਪਲਬਧ ਹੈ। ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਦੀ ਕਾਲਾਬਾਜ਼ਾਰੀ ਕਰ ਕੇ ਉਨ੍ਹਾਂ ਦੇ ਮੁੱਲ ਇਕਦਮ ਵਧਾਏ ਜਾ ਰਹੇ ਹਨ। ਇੱਥੋਂ ਤੱਕ ਕਿ ਮਰੀਜ਼ਾਂ ਦੀ ਤੰਦਰੁਸਤੀ ਲਈ ਖ਼ਰੀਦੀਆਂ ਜਾਣ ਵਾਲੀਆਂ ਦਵਾਈਆਂ ਵਿੱਚ ਵੀ ਮਿਲਾਵਟ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਮਨੁੱਖ ਬਿਮਾਰੀਆਂ ਨਾਲ ਘਿਰਦਾ ਜਾ ਰਿਹਾ ਹੈ।

ਅੱਜ ਹਾਲਾਤ ਇਹ ਹਨ ਕਿ ਜ਼ਰੂਰੀ ਤੇ ਖੁਰਾਕੀ ਵਸਤਾਂ ਆਮ ਆਦਮੀ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਭਾਰਤੀ ਲੋਕਾਂ ਦੀ ਬੱਚਤ ਪਿਛਲੇ ਪੰਜ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਚੁੱਕੀ ਹੈ। ਆਮਦਨ ਦੀ ਕਮੀ ਹੀ ਵਧ ਰਹੇ ਕਰਜ਼ੇ ਲਈ ਜ਼ਿੰਮੇਵਾਰ ਹੈ ਜੋ ਕਿ ਰੁਜ਼ਗਾਰ ਦੀ ਘਾਟ ਨਾਲ ਜੁੜੀ ਹੋਈ ਹੈ। ਲੋਕ ਬਚਾਅ ਕੇ ਰੱਖੇ ਪੈਸੇ ਕਢਵਾ ਕੇ ਜਾਂ ਕਰਜ਼ਾ ਚੁੱਕ ਕੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਰਹੇ ਹਨ। ਮਹਿੰਗਾਈ, ਬੇਰੁਜ਼ਗਾਰੀ, ਆਰਥਿਕ ਨਾਬਰਾਬਰੀ ਦਾ ਸ਼ਿਕੰਜਾ ਲੋਕਾਂ 'ਤੇ ਕੱਸਦਾ ਜਾ ਰਿਹਾ ਹੈ। ਮਹਿੰਗਾਈ ਘਟਾਉਣ ਲਈ ਸਰਕਾਰ ਨੂੰ ਕਾਲਾਬਾਜ਼ਾਰੀਆਂ ਨੂੰ ਨੱਥ ਪਾਉਣੀ ਚਾਹੀਦੀ ਹੈ ਕਿਉਂਕਿ ਉਹ ਮਹਿੰਗਾਈ ਵਧਾਉਣ ਲਈ ਜ਼ਿੰਮੇਵਾਰ ਹਨ। ਸਰਕਾਰ ਨੂੰ ਜਲਦੀ ਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਆਮ ਲੋਕਾਂ ਨੂੰ ਇਲ ਤੋਂ ਰਾਹਤ ਮਿਲ ਸਕੇ। ਜੇ ਮਹਿੰਗਾਈ ਵਰਗੀ ਭਿਆਨਕ ਸਮੱਸਿਆ ਦਾ ਹੱਲ ਸਮਾਂ ਰਹਿੰਦੇ ਨਾ ਕੱਢਿਆ ਗਿਆ ਤਾਂ ਉਹ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਆਰਥਿਕ ਸੁਰੱਖਿਆ ਅਤੇ ਆਤਮ-ਨਿਰਭਰਤਾ ਤੋਂ ਬਿਨਾਂ ਵਿਅਕਤੀ ਦੀ ਆਜ਼ਾਦੀ ਟਿਕ ਨਹੀਂ ਸਕਦੀ।

## ਕਿਵੇਂ ਬਹਾਲ ਹੋਵੇ ਅਕਾਲੀ ਲੀਡਰਸ਼ਿਪ

ਅਕਾਲ ਤਖ਼ਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਉਨ੍ਹਾਂ ਨੂੰ ਤਲਬ ਕੀਤਾ ਸੀ ਤੇ ਸਜ਼ਾ ਸੁਣਾਈ ਸੀ। ਮਹਾਰਾਜਾ ਕੋੜੇ ਖਾਣ ਲਈ ਆਪਣੀ ਪਿੱਠ ਨੰਗੀ ਕਰ ਕੇ ਬੈਠ ਗਿਆ ਸੀ ਪਰ ਐਨ ਆਖ਼ਰੀ ਮੌਕੇ ਉਸ ਨੂੰ ਮੁਆਫ਼ੀ ਦੇ ਦਿੱਤੀ ਗਈ ਸੀ।

ਅਕਾਲ ਤਖ਼ਤ ਤੋਂ ਮਿਲਦੀ ਸਜ਼ਾ ਸੇਵਾ ਦੇ ਰੂਪ ਵਿੱਚ ਹੁੰਦੀ ਹੈ ਜਿਸ ਦਾ ਮੰਤਵ ਵਿਅਕਤੀ ਦੀ ਹਉਮੈਂ ਖ਼ਤਮ ਕਰ ਕੇ ਉਸ ਨੂੰ ਨਿਮਰ ਬਣਾਉਣਾ ਹੁੰਦਾ ਹੈ। ਅਕਾਲ ਤਖ਼ਤ ਦੇ ਜਥੇਦਾਰ ਹੁਣ ਜਿਹੜੇ ਮੁੱਦਿਆਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਵਿੱਚੋਂ ਇੱਕ ਇਸ ਸੰਸਥਾ (ਅਕਾਲ ਤਖ਼ਤ) ਅਤੇ ਨਾਲ ਹੀ ਐੱਸ.ਜੀ.ਪੀ.ਸੀ. ਦੇ ਕਾਰਜਾਂ ਨੂੰ ਬਾਰੀਕੀ ਨਾਲ ਘੋਖਣਾ ਹੈ। ਇਸ ਨਾਲ ਕੁਝ ਐਸੀਆਂ ਗੱਲਾਂ ਵਾਪਰ ਸਕਦੀਆਂ ਹਨ ਜੋ ਸਿੱਖਾਂ ਦੇ ਰਾਜਸੀ-ਧਾਰਮਿਕ ਖੇਤਰ 'ਚ ਵੱਡੀ ਰੱਦੋਬਦਲ ਦਾ ਸਬੱਬ ਬਣ ਸਕਦੀਆਂ ਹਨ।

ਇੱਕ ਹੋਰ ਪਹਿਲੂ ਵੀ ਹੈ। ਪਿਛਲੇ ਰਿਕਾਰਡ ਨੂੰ ਵਾਚਿਆ ਜਾਵੇ ਤਾਂ ਅਜਿਹੇ ਸੰਕਟਾਂ ਕਾਰਨ ਸਿੱਖ ਬਿਰਤਾਂਤ ਦਾ ਝੁਕਾਅ ਕਈ ਵਾਰ ਸੱਜੇ-ਪੱਖੀ ਵਿਚਾਰਧਾਰਾ ਵੱਲ ਝੁਕਦਾ ਰਿਹਾ ਹੈ। ਸੱਜਰੇ ਘਟਨਾਕ੍ਰਮ ਵਿੱਚ, ਕਈ ਅਕਾਲੀ ਆਗੂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਨੂੰ ਮਿਲਣ ਲਈ ਬਿਆਸ ਨੇੜੇ ਜੱਲੂਪੁਰ ਖੇੜਾ ਸਥਿਤ ਉਨ੍ਹਾਂ ਦੇ ਘਰ ਗਏ। ਭਾਵੇਂ ਇਹ ਸ਼ਿਸ਼ਟਾਚਾਰੀ ਮੁਲਾਕਾਤ ਹੀ ਸੀ ਪਰ ਮਿਲਣੀ ਦਾ ਸਮਾਂ ਪੁਰਾਣੇ ਰੁਝਾਨਾਂ ਨਾਲ ਮੇਲ ਖਾਂਦਾ ਹੈ। ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਵੱਡੇ ਫ਼ਰਕ ਨਾਲ ਜਿੱਤੇ ਅੰਮ੍ਰਿਤਪਾਲ ਸਿੰਘ ਨੂੰ ਇਸ ਵੇਲੇ ਰਾਸ਼ਟਰੀ ਸੁਰੱਖਿਆ ਐਕਟ (ਐੱਨਐੱਸਏ) ਦੇ ਕੇਸ ਅਧੀਨ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਹੋਇਆ ਹੈ ਤੇ ਸਮਝਿਆ ਜਾਂਦਾ ਹੈ ਕਿ ਉਹ 'ਗਰਮਦਲੀਆਂ' ਦੀ ਤਰਜਮਾਨੀ ਕਰ ਰਿਹਾ ਹੈ।

ਕੀ ਹੁਣ ਅਕਾਲ ਤਖ਼ਤ ਦੇ ਜਥੇਦਾਰ ਬੇਅਦਬੀ ਦੇ ਕੇਸਾਂ ਦੀ ਪੂਰੀ ਕਹਾਣੀ ਨੂੰ ਮੁੜ ਖੋਲ੍ਹਣਗੇ ਅਤੇ ਇਸ ਦੇ ਨਾਲ ਹੀ ਉਸ ਵੇਲੇ ਸਰਕਾਰ ਚਲਾ ਰਹੀ ਧਿਰ, ਐੱਸ.ਜੀ.ਪੀ.ਸੀ. ਤੇ ਖ਼ੁਦ ਅਕਾਲ ਤਖ਼ਤ ਦੀ ਭੂਮਿਕਾ ਨੂੰ ਘੋਖਣਗੇ। ਸੰਕਟ ਵਾਕਈ ਬਹੁਤ ਗਹਿਰਾ ਹੈ ਜਿਸ ਦੇ ਦੂਰਗਾਮੀ ਸਿੱਟੇ ਨਿਕਲ ਸਕਦੇ ਹਨ।

***

## ਚੀਨ ਨਾਲ ਸਰਹੱਦੀ ਰੇੜਕਾ ਖ਼ਤਮ ਕਰਨ

ਪਿੰਡ ਵੀ ਇਸ ਦੇ ਦਾਇਰੇ ਹੇਠ ਲਿਆਂਦੇ ਜਾਣਗੇ ਤਾਂ ਕਿ ਉਹ ਸਰਹੱਦੀ ਖੇਤਰਾਂ ਵਿੱਚ ਫ਼ੌਜੀਆਂ ਲਈ ਅੱਖਾਂ ਤੇ ਕੰਨਾਂ ਦਾ ਕੰਮ ਕਰ ਸਕਣ। ਬੁਨਿਆਦੀ ਢਾਂਚਾ ਉਸਾਰੀ ਤੇ ਫੌਜੀ ਤਾਇਨਾਤੀ 'ਤੇ ਦਿੱਤੇ ਜਾ ਰਹੇ ਇਸ ਵਿਸ਼ੇਸ਼ ਧਿਆਨ ਵਿਚਾਲੇ ਕੂਟਨੀਤਕ ਤੇ ਸੈਨਿਕ ਪੱਧਰਾਂ ਉਤੇ ਸਮੇਂ-ਸਮੇਂ ਹੁੰਦੀ ਰਹੀ ਵਾਰਤਾ ਅਕਸਰ ਬੇਸਿੱਟਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਇੱਕ-ਦੂਜੇ ਨੂੰ ਮਿਲਣ ਲਈ ਕਥਿਤ ਤੌਰ 'ਤੇ ਇੱਛਾ ਨਾ ਜ਼ਾਹਿਰ ਕਰਨਾ ਵੀ ਇੱਕ ਬਹੁਤ ਵੱਡਾ ਅੜਿੱਕਾ ਹੈ।

ਅਕਤੂਬਰ 2019 ਵਿੱਚ ਸ਼ੀ ਜਿਨਪਿੰਗ ਵੱਲੋਂ ਮਾਮੱਲਾਪੁਰਮ ਸੰਮੇਲਨ ਲਈ ਭਾਰਤ ਆਉਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਕੋਈ ਵੀ ਦੁਵੱਲਾ ਦੌਰਾ ਸਿਰੇ ਨਹੀਂ ਚੜ੍ਹ ਸਕਿਆ ਸੀ। ਹੁਣ ਜਾਪਦਾ ਹੈ ਕਿ ਭਾਰਤ ਚੀਨ ਨਾਲ ਮਸਲਾ ਨਿਪਟਾਉਣ ਦਾ ਇਛਕ ਹੈ। ਭਾਰਤ ਦਾ ਅਹਿਮ ਸਾਥੀ ਰੂਸ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

***

## ਕਦੋਂ ਬੰਦ ਹੋਵੇਗਾ

ਇਸ ਦਾ ਕਾਰਨ ਕਮਜ਼ੋਰ ਨਿਗਰਾਨੀ ਪ੍ਰਣਾਲੀ ਹੈ। ਕਾਨੂੰਨ ਅਨੁਸਾਰ ਨਕਲੀ ਦਵਾਈਆਂ ਦੀ ਖਰੀਦੋ-ਫਰੋਖਤ ਵਿੱਚ ਸ਼ਾਮਲ ਲੋਕਾਂ ਨੂੰ ਫੜਨਾ ਡਰੱਗ ਕੰਟਰੋਲ ਅਥਾਰਟੀ ਦੀ ਜ਼ਿੰਮੇਵਾਰੀ ਹੈ ਪਰ ਅਜਿਹਾ ਘੱਟ ਹੀ ਦੇਖਣ ਨੂੰ ਮਿਲਦਾ ਹੈ ਕਿ ਤੇਜ਼ੀ ਨਾਲ ਛਾਪੇਮਾਰੀ ਕੀਤੀ ਜਾਂਦੀ ਹੈ। ਜੇਕਰ ਇਹ ਵਿਭਾਗ ਲਗਾਤਾਰ ਜਾਂਚ ਕਰਵਾਏ ਤਾਂ ਨਕਲੀ ਦਵਾਈਆਂ ਵੇਚਣ ਵਾਲਿਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਨਕਲੀ ਦਵਾਈਆਂ ਵੇਚਣਾ ਇੱਕ ਗੰਭੀਰ ਮੁੱਦਾ ਹੈ ਕਿਉਂਕਿ ਇਹ ਮਰੀਜ਼ ਲਈ ਘਾਤਕ ਸਿੱਧ ਹੁੰਦਾ ਹੈ। ਮੌਜੂਦਾ ਹਾਲਾਤਾਂ ਵਿੱਚ, ਭਾਰਤੀ ਦਵਾਈਆਂ ਨਾਲ ਸਬੰਧਿਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦ੍ਰਿਸ਼ 'ਤੇ ਬਹੁਤ ਸਾਰੀਆਂ ਸੁਧਾਰ-ਮੁਖੀ ਲੋੜਾਂ ਮਹਿਸੂਸ ਕੀਤੀਆਂ ਜਾ ਰਹੀਆਂ ਹਨ। ਨਕਲੀ ਦਵਾਈਆਂ ਦੇ ਖਤਰੇ ਘਟਾਉਣ ਲਈ ਸਰਕਾਰ ਨੂੰ ਸੰਬਧਿਤ ਵਿਭਾਗ ਨੂੰ ਮੁਸਤੈਦ ਕਰਨਾ ਚਾਹੀਦਾ ਹੈ ਅਤੇ ਅਸਾਮੀਆਂ ਦੀ ਘਾਟ ਪੂਰੀ ਕਰਨੀ ਚਾਹੀਦੀ ਹੈ। ਨਕਲੀ ਦਵਾਈਆਂ ਵੇਚਣ ਵਾਲਿਆਂ ਲਈ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਕਾਨੂੰਨਾਂ ਦੀਆਂ ਚੋਰ ਮੋਰੀਆਂ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਨਕਲੀ ਦਵਾਈਆਂ ਦੇ ਦੋਸ਼ੀ ਬਚ ਨਾ ਸਕਣ। ਸਰਕਾਰ ਨੂੰ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ਘਟਾਉਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।ਜੇ ਜਰੂਰੀ ਦਵਾਈਆਂ ਦੀਆਂ ਕੀਮਤਾਂ ਘੱਟ ਹੋਣਗੀਆਂ ਤਾਂ ਨਕਲੀ ਦਵਾਈਆਂ ਦਾ ਕਾਰੋਬਾਰ ਵੀ ਘੱਟ ਜਾਵੇਗਾ।

***

## ਗ੍ਰੰਥ ਸਾਹਿਬ, ਖ਼ਾਲਸਾ ਰਾਜ, ਖ਼ਾਲਸਾ ਪੰਥ ਨਾਲ

13 ਸਾਲ 4 ਮਹੀਨੇ ਦੀ ਕੈਦ ਤੋਂ ਬਾਅਦ, ਭਾਈ ਗਜਿੰਦਰ ਸਿੰਘ ਨੇ ਪਾਕਿਸਤਾਨ ਵਿੱਚ ਹੀ ਰਹਿਣ ਦਾ ਮਨ ਬਣਾ ਲਿਆ ਸੀ।

ਗਜਿੰਦਰ ਸਿੰਘ ਨੇ ਸਜ਼ਾ ਪੂਰੀ ਕਰਨ ਤੋਂ ਬਾਅਦ 1996 ਵਿੱਚ ਜਰਮਨੀ ਜਾਣ ਦੀ ਕੋਸ਼ਿਸ਼ ਕੀਤੀ, ਪਰ ਭਾਰਤ ਸਰਕਾਰ ਦੇ ਇਤਰਾਜ਼ ਕਾਰਨ ਜਰਮਨ ਸਰਕਾਰ ਨੇ ਉਨ੍ਹਾਂ ਨੂੰ ਮੁਲਕ ਵਿੱਚ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਜਰਮਨੀ ਦੇ ਹਵਾਈ ਅੱਡੇ ਤੋਂ ਉਨ੍ਹਾਂ ਨੂੰ ਵਾਪਸ ਪਾਕਿਸਤਾਨ ਭੇਜ ਦਿੱਤਾ ਗਿਆ ਸੀ। ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਾ ਹੀ ਦਲ ਖ਼ਾਲਸਾ ਨੇ ਅਤੇ ਨਾ ਹੀ ਪਾਕਿਸਤਾਨ ਸਰਕਾਰ ਨੇ ਕੀਤੀ ਸੀ।

ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਦੱਸਦੇ ਹਨ ਕਿ ਭਾਰਤੀ ਸੰਸਦ ਉੱਤੇ ਜਿਹਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਜਨਵਰੀ 2002 ਵਿੱਚ ਜਦੋਂ ਭਾਈ ਗਜਿੰਦਰ ਸਿੰਘ ਦਾ ਨਾਮ ਮੋਸਟ ਵਾਂਟਡ ਲਿਸਟ ਵਿੱਚ ਪਾਇਆ ਸੀ ਤਾਂ ਦਲ ਖ਼ਾਲਸਾ ਵੱਲੋਂ ਸਖ਼ਤ ਇਤਰਾਜ਼ ਜਿਤਾਇਆ ਗਿਆ।

ਦਲ ਖ਼ਾਲਸਾ ਨੇ ਭਾਰਤ ਸਰਕਾਰ ਦੇ ਤਤਕਾਲੀ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਫਰਵਰੀ 2002 ਵਿੱਚ ਖ਼ਤ ਲਿਖ ਕੇ ਗਜਿੰਦਰ ਸਿੰਘ ਦਾ ਨਾਂ ਮੋਸਟ ਵਾਂਟਡ ਸੂਚੀ ਵਿੱਚੋਂ ਹਟਾਉਣ ਦੀ ਮੰਗ ਕੀਤੀ ਸੀ।

ਦਲ ਖ਼ਾਲਸਾ ਨੇ ਯੂ.ਐੱਨ.ਓ. ਨੂੰ ਵੀ ਪੱਤਰ ਲਿਖ ਕੇ ਭਾਰਤ ਸਰਕਾਰ ਦੇ ਗਲਤ ਫ਼ੈਸਲੇ ਉੱਤੇ ਇਤਰਾਜ਼ ਜਤਾਇਆ ਸੀ।

ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਲਿਖਿਆ ਸੀ, ਗਜਿੰਦਰ ਸਿੰਘ ਹਵਾਈ ਜਹਾਜ਼ ਅਗਵਾ ਕੇਸ ਵਿੱਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ। ਉਨ੍ਹਾਂ ਨੇ ਇਸ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਖਾੜਕੂ ਗਤੀਵਿਧੀ ਵਿੱਚ ਸ਼ਮੂਲੀਅਤ ਨਹੀਂ ਕੀਤੀ। ਉਨ੍ਹਾਂ ਖਿਲਾਫ਼ ਭਾਰਤ ਵਿੱਚ ਕੋਈ ਬਕਾਇਆ ਕੇਸ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਅੱਤਵਾਦੀ ਵਜੋਂ ਪ੍ਰਚਾਰਨਾ ਘੋਰ ਇਤਰਾਜ਼ਯੋਗ ਸੀ। ਸੁਆਲ ਇਹ ਹੈ ਕਿ ਉਸਦੇ ਵਿਚਾਰਾਂ ਤੋਂ ਭਾਰਤੀ ਸਟੇਟ ਨੂੰ ਡਰ ਕਿਉਂ ਸੀ ?

ਭਾਈ ਕੰਵਰਪਾਲ ਸਿੰਘ ਅੱਗੇ ਦੱਸਦੇ ਹਨ ਕਿ ਭਾਰਤ ਸਰਕਾਰ ਨੇ ਇਸ ਪੱਤਰ ਦਾ ਜਵਾਬ ਨਹੀਂ ਸੀ ਦਿੱਤਾ ਪਰ 2008 ਅਤੇ 2009 ਵਿੱਚ ਜਾਰੀ ਦੂਜੀ ਤੇ ਤੀਜੀ ਲਿਸਟ ਵਿੱਚ ਉਨ੍ਹਾਂ ਦਾ ਨਾਮ ਨਹੀਂ ਪਾਇਆ ਗਿਆ ਸੀ।

ਕੰਵਰਪਾਲ ਦਾਅਵਾ ਕਰਦੇ ਹਨ ਕਿ ਗਜਿੰਦਰ ਸਿੰਘ ਇਸ ਸਮੇਂ ਪੂਰੀ ਤਰ੍ਹਾਂ ਅਜ਼ਾਦ ਸ਼ਖ਼ਸ਼ੀਅਤ ਹਨ। ਉਹ ਕਿਸੇ ਵੀ ਲੋੜੀਂਦੀ ਸੂਚੀ ਵਿੱਚ ਸ਼ਾਮਲ ਨਹੀਂ ਹਨ।

### ਭਾਈ ਸਾਹਿਬ ਦਾ ਪਿਛੋਕੜ

ਗਜਿੰਦਰ ਸਿੰਘ ਚੰਡੀਗੜ੍ਹ ਵਿੱਚ ਰਹਿੰਦੇ ਸਨ ਅਤੇ ਸ਼ੁਰੂਆਤੀ ਦਿਨਾਂ ਵਿੱਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਰਗਰਮ ਮੈਂਬਰ ਸਨ। 1971 ਵਿੱਚ ਉਨ੍ਹਾਂ ਨੇ ਚੰਡੀਗੜ੍ਹ-ਅੰਬਾਲਾ ਰੋਡ ਉੱਤੇ ਡੇਰਾਬਸੀ ਵਿੱਚ ਹੋਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰੈਲੀ ਦੌਰਾਨ ਨਾਅਰੇਬਾਜ਼ੀ ਕੀਤੀ ਸੀ। ਅਚਾਨਕ ਹੀ ਉਹ ਵੱਖਰੇ ਸਿੱਖ ਰਾਜ ਦੀ ਮੰਗ ਕਰਨ ਵਾਲੀ ਵਿਚਾਰਧਾਰਾ ਨਾਲ ਜੁੜ ਗਏ ਅਤੇ ਉਨ੍ਹਾਂ ਆਪਣੇ 5 ਸਾਥੀਆਂ ਨਾਲ ਜਹਾਜ਼ ਅਗਵਾ ਕਰ ਲਿਆ।

ਇਹੀ ਉਨ੍ਹਾਂ ਦੀ ਜਿੰਦਗੀ ਦਾ ਪ੍ਰਮੁੱਖ ਐਕਸ਼ਨ ਸੀ। ਗਜਿੰਦਰ ਸਿੰਘ ਭਾਵੇਂ ਆਪ ਜਰਮਨੀ ਦਾਖ਼ਲ ਨਹੀਂ ਹੋ ਸਕੇ ਸਨ, ਪਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਪਤਨੀ ਮਨਜੀਤ ਕੌਰ ਅਤੇ ਬੇਟੀ ਬਿਕਰਮਜੀਤ ਕੌਰ ਉੱਥੇ ਹੀ ਰਹਿੰਦੇ ਸਨ। 2018 ਵਿੱਚ ਉਨ੍ਹਾਂ ਦੀ ਪਤਨੀ ਮਨਜੀਤ ਕੌਰ ਦੀ ਇਲਾਜ ਅਧੀਨ ਜਰਮਨ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ ਸੀ ਅਤੇ ਬੇਟੀ ਬਿਕਰਮਜੀਤ ਕੌਰ ਦਾ ਅਨੰਦ ਕਾਰਜ ਗੁਰਪ੍ਰੀਤ ਸਿੰਘ ਨਾਲ ਹੋ ਚੁੱਕਿਆ ਹੈ। ਉਹ ਆਪਣੀ ਪਤਨੀ ਦੇ ਸਸਕਾਰ ਅਤੇ ਬੇਟੀ ਦੇ ਵਿਆਹ ਮੌਕੇ ਜਰਮਨੀ ਨਹੀਂ ਜਾ ਸਕੇ ਸਨ।

ਮੈਨੂੰ ਯਾਦ ਹੈ ਕਿ ਕਾਫੀ ਸਮਾਂ ਪਹਿਲਾਂ ਮੈਂ ਸਤਿਗੁਰੂ ਨਾਨਕ ਜੀ ਦੇ ਪ੍ਰਕਾਸ਼ ਉਤਸਵ ਉਪਰ ਨਨਕਾਣਾ ਸਾਹਿਬ ਗਿਆ ਸੀ, ਉਥੇ ਗਜਿੰਦਰ ਸਿੰਘ ਮਿਲੇ ਸਨ। ਇਥੇ ਉਨ੍ਹਾਂ ਨਾਲ ਇੰਟਰਵਿਊ ਵੀ ਕੀਤੀ ਗਈ। ਉਹ ਕਹਿੰਦੇ ਸਨ ਕਿ ਖ਼ਾਲਸਾ ਰਾਜ ਵਰਲਡ ਦਾ ਸਭ ਤੋਂ ਖੂਬਸੂਰਤ ਰਾਜਨੀਤਕ ਮਾਡਲ ਹੈ, ਜਿਸ ਦੀ ਵਿਆਖਿਆ ਗੁਰੂ ਗਰੰਥ ਸਾਹਿਬ ਵਿੱਚ ਬੇਗਮਪੁਰਾ ਤੇ ਹਲੇਮੀ ਰਾਜ ਵਜੋਂ ਹੈ। ਇਹ ਸਿੱਖ ਪੰਥ ਦੀ ਨਹੀਂ ਸਮੁਚੇ ਵਿਸ਼ਵ ਦੀ ਲੋੜ ਹੈ। ਸਾਡਾ ਖੁਸਿਆ ਰਾਜ ਜੋ ,1849 ਵਿੱਚ ਮੌਜੂਦ ਸੀ, ਅੰਗਰੇਜ਼ਾਂ ਨੇ ਧੋਖੇ ਨਾਲ ਕਬਜ਼ਾ ਕਰ ਲਿਆ। ਉਹ ਸਾਨੂੰ ਵਾਪਸ ਮੋੜਨਾ ਚਾਹੀਦਾ ਹੈ। ਮੇਰੀ ਜੀਵਨ ਯਾਤਰਾ ਤੇ ਅੰਤ ਖ਼ਾਲਸਾ ਰਾਜ ਲਈ ਸੰਘਰਸ਼ ਹੈ। ਆਖਿਰ ਉਹ ਗੁਰੂ ਗ੍ਰੰਥ ਤੇ ਗੁਰੂ ਪੰਥ ਲਈ ਪ੍ਰੀਤ ਨਿਭਾ ਗਏ।



## ਭਾਰਤ ਵਿੱਚ ਫਾਸ਼ੀ ਹਿੰਦੂਤਵੀ ਪਿਛਾਖੜੀ

ਆਮ ਆਦਮੀ ਪਾਰਟੀ ਵੱਲੋਂ ਸ਼ਹੀਦ ਭਗਤ ਸਿੰਘ ਦੀਆਂ ਝੂਠੀਆਂ ਸਹੁੰਆਂ ਖਾਕੇ, ਬਸੰਤੀ ਪੱਗਾਂ ਬੰਨ੍ਹ ਕੇ ਭਗਤ ਸਿੰਘ ਦੇ ਵਾਰਸ ਬਣਨ ਦਾ ਢੌਂਗ ਰਚਕੇ ਪਰ ਕਟਾਰੂਚੱਕ, ਬਲਕਾਰ ਸਿੰਘ, ਪਠਾਨਮਾਜਰਾ ਵਰਗੇ ਚਰਿੱਤਰਹੀਣਾਂ ਦੀ ਰਾਖੀ ਕਰਕੇ ਭ੍ਰਿਸ਼ਟਾਚਾਰ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ।ਅਤੇ ਨਾਟਕਬਾਜੀਆਂ ਕਰਕੇ ਲੋਕਾਂ ਨੂੰ ਮੂਰਖ ਬਣਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ 13 ਦੀਆਂ 13 ਸੀਟਾਂ ਜਿੱਤ ਲੈਣ ਦੀਆਂ ਡੀਗਾਂ ਝੂਠੀਆਂ ਸਾਬਤ ਹੋਈਆਂ ਹਨ ਅਤੇ ਪਾਰਟੀ ਲੋਕ ਸਭਾ ਦੀਆਂ ਸਿਰਫ ਤਿੰਨ ਸੀਟਾਂ ਹੀ ਜਿੱਤ ਸਕੀ ਹੈ। ਵਰਤਮਾਨ ਚੋਣਾਂ ਅਨੁਸਾਰ 92 ਵਿਧਾਨ ਸਭਾ ਸੀਟਾਂ ਵਾਲੀ ਪਾਰਟੀ ਸਿਰਫ 33 ਵਿਧਾਨ ਸਭਾ ਸੀਟਾਂ ’ਤੇ ਹੀ ਬਹੁਮੱਤ ਹੀ ਲੈ ਸਕੀ ਹੈ। ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਚੜਿ ਆ ਹੋਇਆ ਫਤੂਰ ਟਿਕਾਣੇ ਸਿਰ ਕਰ ਦਿੱਤਾ ਹੈ।

ਕੇਜਰੀਵਾਲ ਦੀ ਗ੍ਰਿਫਤਾਰੀ ਪਿੱਛੋਂ ਭਗਵੰਤ ਮਾਨ ਨੇ ਪੰਜਾਬ ਸਰਕਾਰ ਦੇ ਜਹਾਜ਼ਾਂ ਵਿੱਚ ਆਸਾਮ, ਗੁਜਰਾਤ, ਦਿੱਲੀ, ਹਰਿਆਣਾ ਆਦਿ ਵਿੱਚ ਧੂਆਂਧਾਰ ਗੇੜੇ ਮਾਰੇ, ਪਰ ਕੁੱਝ ਪੱਲੇ ਨਹੀਂ ਪਿਆ। ਕੁਲ ਮਿਲਾਕੇ ਝੂੰਗੇ ਵਿੱਚ ਪੰਜਾਬ ਵਾਲੀਆਂ ਤਿੰਨ ਸੀਟਾਂ ਹੀ ਰਹਿ ਗਈਆਂ ਹਨ। ਕਾਂਗਰਸ ਪਾਰਟੀ ਨੇ ਸੱਤ ਸੀਟਾਂ ਜਿੱਤ ਕੇ ਪੰਜਾਬ ਵਿੱਚ ਆਪਣੀ ਪ੍ਰਭਾਵਸ਼ਾਲੀ ਭੂਮਿਕਾ ਮੁੜ ਸਿੱਧ ਕਰ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਤੋਂ ਲੈ ਕੇ ਮਨਪ੍ਰੀਤ ਸਿੰਘ ਬਾਦਲ ਤੱਕ ਦਲ ਬਦਲੂਆਂ ਦੀ ਲੰਬੀ ਡਾਰ ਇਸ ਪਾਰਟੀ ਦਾ ਨੁਕਸਾਨ ਨਹੀਂ ਕਰ ਸਕੀ। ਸਭ ਤੋਂ ਮਾੜੀ ਹਾਲਤ ਪੰਜਾਬ ਦੀ ਮਹਤੱਵਪੂਰਨ ਅਤੇ ਇਤਿਹਾਸ ਵਿੱਚ ਵੱਡਾ ਰੋਲ ਅਦਾ ਕਰ ਚੁੱਕੀ ਪਾਰਟੀ ਅਕਾਲੀ ਦਲ ਦੀ ਹੋਈ ਹੈ ਜਿਸ ਨੂੰ ਬੀਬਾ ਹਰਸਿਮਰਤ ਕੌਰ ਬਾਦਲ ਵਾਲੀ ਸਿਰਫ ਇੱਕ ਸੀਟ (ਬਠਿੰਡਾ) ਹੀ ਮਿਲੀ ਹੈ। ਬਾਕੀ ਥਾਵਾਂ ’ਤੇ ਇਸ ਦੇ ਉਮੀਦਵਾਰਾਂ ਦੀ ਕਾਰਗੁਜ਼ਾਰੀ ਪਿਛਲੇ ਸਾਰੇ ਸਮਿਆਂ ਨਾਲੋਂ ਬਹੁਤ ਮਾੜੀ ਰਹੀ ਹੈ। ਇਤਿਹਾਸ ਵਿੱਚ ਅਕਾਲੀ ਦਲ ਅਤੇ ਪੰਜਾਬ ਦੀ ਕਮਿਊਨਿਸਟ ਲਹਿਰ, ਖਾਸ ਕਰਕੇ ਸੀ.ਪੀ.ਆਈ.(ਐੱਮ) ਵਿਚਕਾਰ ਲੰਬਾ ਸਮਾਂ ਸਾਂਝ ਰਹੀ ਹੈ। ਇਸ ਆਧਾਰ ’ਤੇ ਅਸੀਂ ਅਕਾਲੀ ਪਾਰਟੀ ਬਾਰੇ ਆਪਣੇ ਵਿਚਾਰ ਆਉਣ ਵਾਲੇ ਸਮੇਂ ਵਿੱਚ ਵੱਖਰੇ ਤੌਰ ’ਤੇ ਪੇਸ਼ ਕਰਾਂਗੇ। ਦੋ ਆਜ਼ਾਦ ਮੈਂਬਰਾਂ ਦਾ ਜਿੱਤ ਜਾਣਾ ਭਾਵੇਂ ਕਈ ਕਿਸਮ ਦੇ ਵਿਵਾਦਾਂ ਨਾਲ ਜੁੜਿਆ ਹੋਇਆ ਹੈ ਪਰ ਹਾਲ ਦੀ ਘੜੀ ਇਨ੍ਹਾਂ ਵਾਰੇ ਅਸੀਂ ਇੰਨਾ ਹੀ ਕਹਿਣਾ ਚਾਹੁੰਦੇ ਹਾਂ ਅਤੇ ਆਸ ਕਰਦੇ ਹਾਂ ਕਿ ਇਹ ਦੋਵੇਂ ਆਉਣ ਵਾਲੇ ਸਮੇਂ ਵਿੱਚ ਦੇਸ਼ ਦੇ ਜਮਹੂਰੀ ਸਿਸਟਮ ਦਾ ਹਿੱਸਾ ਬਣਕੇ ਆਪਣੀਆਂ ਜ਼ਿੰਮੇਵਾਰੀਆਂ ਨਿਵਾਉਣਗੇ।

ਨਰਿੰਦਰ ਮੋਦੀ ਨੇ ਐੱਨ.ਡੀ.ਏ. ਵਿੱਚ ਸ਼ਾਮਲ ਹੋਰ ਪਾਰਟੀਆਂ ਦੇ ਸਹਾਰੇ ਆਪਣੀ ਬਹੁਸੰਮਤੀ ਤਾਂ ਜੁਟਾ ਲਈ ਹੈ ਅਤੇ ਲਗਾਤਾਰ ਤੀਸਰੀ ਵਾਰ ਪ੍ਰਧਾਨ ਮੰਤਰੀ ਦੇ ਤੌਰ ’ਤੇ ਸਹੁੰ ਚੁੱਕ ਲਈ ਹੈ ਪਰ ਇਹ ਆਉਣ ਵਾਲਾ ਸਮਾਂ ਹੀ ਦਸੇਗਾ ਕਿ ਆਪਣੇ ਪਿਤਾ ਸਮਾਨ ਸਹੁਰੇ ਅਤੇ ਤੇਲਗੂ ਦੇਸ਼ਮ ਪਾਰਟੀ ਦੇ ਸੰਸਥਾਪਕ ਐਨ.ਟੀ.ਰਾਮਾਰਾਓ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੇ ਚੰਦਰ ਬਾਬੂ ਨਾਇਡੂ, ਪਲਟੀਆਂ ਮਾਰਨ ਦਾ ਰਿਕਾਰਡ ਕਾਇਮ ਕਰ ਚੁੱਕੇ ਪਲਟੂ ਰਾਮ ਨਿਤੀਸ਼ ਕੁਮਾਰ, ਆਪਣੇ ਬਾਪ ਵਰਗੇ ਚਾਚਾ ਸ਼ਰਦ ਪਵਾਰ ਨਾਲ ਧੋਖਾ ਕਰਨ ਵਾਲੇ ਅਜੀਤ ਪਵਾਰ ਅਤੇ ਅਜਿਹੇ ਨੂੰ ਕੁਝ ਹੋਰ ਮੌਕਾ ਪ੍ਰਸਤਾਂ ਦੇ ਆਸਰੇ ਇਹ ਸਰਕਾਰ ਕਿਵੇਂ ਅਤੇ ਕਿੰਨਾ ਕੁ ਸਮਾਂ ਕਾਇਮ ਰਹੇਗੀ।

ਇਸ ਲਿਖਤ ਨੂੰ ਖਤਮ ਕਰਨ ਤੋਂ ਪਹਿਲਾਂ ਅਸੀਂ ਇਹ ਨਵੀਂ ਸਰਕਾਰ ਵੱਲੋਂ ਪੰਜਾਬ ਪ੍ਰਤੀ ਲੰਬੇ ਸਮੇਂ ਤੋਂ ਬੀ.ਜੇ.ਪੀ. ਵੱਲੋਂ ਅਪਣਾਈ ਜਾ ਰਹੀ ਨੀਤੀ ਨੂੰ ਅੱਗੇ ਵਧਾਉਣ ਦੀਆਂ ਕੀਤੀਆਂ ਗਈਆਂ ਦੋ ਕਾਰਵਾਈਆਂ ਨੂੰ ਜ਼ਰੂਰ ਨੋਟ ਕਰਨਾ ਚਾਹੁੰਦੇ ਹਾਂ। ਇੱਕ ਤਾਂ ਇਹ ਕਿ ਆਪਣੀ ਪਾਰਟੀ ਅਤੇ ਆਪਣੇ ਖਾਨਦਾਨ ਦੀ ਵਿਰਾਸਤ ਨਾਲ ਗਦਾਰੀ ਕਰਕੇ ਬੀ.ਜੇ.ਪੀ. ਵਿੱਚ ਸ਼ਾਮਲ ਹੋਏ ਰਵਨੀਤ ਸਿੰਘ ਬਿੱਟੂ ਨੂੰ ਪੰਜਾਬੀਆਂ ਵੱਲੋਂ ਹਰਾ ਦੇਣ ਦੇ ਬਾਵਜੂਦ ਕੇਂਦਰੀ ਸਰਕਾਰ ਵਿੱਚ ਅੱਧਾ ਮੰਤਰੀ (ਰਾਜ ਮੰਤਰੀ) ਬਣਾ ਕੇ ਪੰਜਾਬ ਨੂੰ ਚਿੜਾਉਣ ਵਾਲੀ ਕਾਰਵਾਈ ਕੀਤੀ ਹੈ। ਦੂਸਰੀ ਇਹ ਕਿ ਬੀ.ਜੇ.ਪੀ. ਵੱਲੋਂ ਆਪਣੀਆਂ ਹੀ ਸਹਿਯੋਗੀ ਪਾਰਟੀਆਂ ਨੂੰ ਤੋੜਨ ਦੀ ਨੀਤੀ ਨੂੰ ਜਾਰੀ ਰੱਖਦੇ ਹੋਏ ਅਕਾਲੀ ਪਾਰਟੀ ਵਿੱਚ ਫੁੱਟ ਪਾਉਣ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ। ਸਾਡਾ ਮੰਨਣਾ ਹੈ ਕਿ ਅਜਿਹੀਆਂ ਘਟੀਆ ਕਾਰਵਾਈਆਂ ਨਾਲ ਵੀ ਇਹ ਸਰਕਾਰ ਪੰਜਾਬ ਨੂੰ ਆਪਣੀ ਲਾਈਨ ਵਿੱਚ ਨਹੀਂ ਲਗਾ ਸਕੇਗੀ।

ਆਉਣ ਵਾਲੇ ਸਮੇਂ ਵਿੱਚ ਭਾਰਤ ਵਿੱਚ ਲੋਕਤੰਤਰਕ ਸ਼ਕਤੀਆਂ ਦਾ ਕਾਫਲਾ ਹੋਰ ਅੱਗੇ ਵਧੇਗਾ ਅਤੇ ਫਿਰਕੂ, ਫਾਸ਼ੀ ਹਿੰਦੂਤਵੀ ਪਿਛਾਖੜੀ ਸ਼ਕਤੀਆਂ ਦੇ ਸਾਰੇ ਮਨਸੂਬੇ ਫੇਲ੍ਹ ਹੋ ਜਾਣਗੇ ।ਜਾਂਦੇ ਜਾਂਦੇ ਇਹ ਨੋਟ ਕਰਨਾ ਵੀ ਦਿਲਚਸਪ ਰਹੇਗਾ ਕਿ ਇਸ ਵਾਰ ਦੇ ਚੋਣ ਨਤੀਜਿਆਂ ਨੇ ਉਸ ਮੋਦੀ ਨੂੰ ਜੋ ਪਿਛਲੇ ਲੰਬੇ ਸਮੇਂ ਤੋਂ ਸਟੇਜਾਂ ਤੇ ਆਪ ਹੀ ਆਪਣੇ ਨਾਂ ਦੇ ਫੁੰਕਾਰੇ ਜਿਵੇਂ ਕਿ ‘ਅਬ ਕੀ ਵਾਰ – ਫਿਰ ਮੋਦੀ ਸਰਕਾਰ, ਯੇਹ ਮੋਦੀ ਕੀ ਗਰੰਟੀ ਹੈ, ਆਏਗਾ ਤੋਂ ਮੋਦੀ ਹੀ, ਕਮਲ ਕੋ ਪਾਇਆ ਏਕ ਏਕ ਵੋਟ ਸੀਧਾ ਮੋਦੀ ਕੋ ਜਾਏਗਾ’ ਮਾਰਦਾ ਆ ਰਿਹਾ ਸੀ ਅਤੇ ਆਪਣੇ ਮੂੰਹ ਆਪ ਹੀ ਮੀਆਂ ਮਿੱਠੂ ਬਣਦਾ ਰਹਿੰਦਾ ਸੀ, ਨੂੰ ਹੈਂਕੜ ਛੱਡ ਕੇ ‘ਐੱਨ.ਡੀ.ਏ. ਸਰਕਾਰ – ਐੱਨ.ਡੀ.ਏ. ਸਰਕਾਰ’ ਕਹਿਣ ਲਾ ਦਿੱਤਾ।

***

## ਕੁਦਰਤੀ ਵਾਤਾਵਰਣ ਨੂੰ

ਦਰਿਆਵਾਂ ਤੋਂ ਕੱਚੇ ਨਾਲੇ ਬਣਾ ਕੇ ਖੇਤਾਂ ਦੀ ਸਿੰਜਾਈ ਕੀਤੀ ਜਾਂਦੀ ਸੀ। ਇਸ ਖਿੱਤੇ ਵਿੱਚ ਹਵੇਲੀ (ਬਾਂਧੀਆ) ਪ੍ਰਣਾਲੀ ਪ੍ਰਚਲਿਤ ਸੀ, ਜਿਸ ਵਿੱਚ ਬੰਨ੍ਹ ਬਣਾ ਕੇ ਖੇਤਾਂ ਨੂੰ ਪਾਣੀ ਨਾਲ ਭਰ ਦਿੱਤਾ ਜਾਂਦਾ ਹੈ, ਜਿਸ ਕਾਰਨ ਖੇਤ ਲੰਮੇ ਸਮੇਂ ਤੱਕ ਗਿੱਲੇ ਰਹਿੰਦੇ ਹਨ। ਇਸ ਨਮੀ ਨਾਲ ਹੀ ਫਸਲਾਂ ਉਗ ਸਕਦੀਆਂ ਸਨ।

ਇਸੇ ਤਰ੍ਹਾਂ ਛੱਤੀਸਗੜ੍ਹ ਵਿੱਚ ਸਬਜ਼ੀਆਂ ਦੇ ਬਾਗਾਂ ਦੀ ਸਿੰਚਾਈ ਟੇਰਡਾ ਵਿਧੀ ਨਾਲ ਕੀਤੀ ਜਾਂਦੀ ਹੈ, ਜਿਸ ਲਈ ਬਹੁਤ ਘੱਟ ਪਾਣੀ ਦੀ ਲੋੜ ਹੁੰਦੀ ਹੈ। ਛੱਤੀਸਗੜ੍ਹ ਵਿੱਚ ਹੀ ਸੈਂਕੜੇ ਤਾਲਾਬ ਹਨ ਜੋ ਮੀਂਹ ਦੇ ਪਾਣੀ ਨਾਲ ਭਰੇ ਰਹਿੰਦੇ ਹਨ। ਇੱਥੇ ਪਾਣੀ ਵਾਲਾ ਸੱਭਿਆਚਾਰ ਹੈ।

ਨਦੀਆਂ ਨੂੰ ਬਚਾਉਣ ਲਈ ਮਛੇਰੇ ਅਤੇ ਦਰਿਆ ’ਤੇ ਨਿਰਭਰ ਭਾਈਚਾਰਿਆਂ ਨੂੰ ਵੀ ਸ਼ਾਮਲ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਨੂੰ ਨਦੀਆਂ, ਉਨ੍ਹਾਂ ਦੇ ਵਾਤਾਵਰਣ ਅਤੇ ਜੈਵ ਵਿਭਿੰਨਤਾ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਹੁੰਦੀ ਹੈ। ਉਨ੍ਹਾਂ ਕੋਲ ਰਵਾਇਤੀ ਗਿਆਨ ਦਾ ਭੰਡਾਰ ਹੈ। ਇਸ ਨਾਲ ਨਦੀਆਂ ਨੂੰ ਬਚਾਇਆ ਜਾ ਸਕਦਾ ਹੈ।

ਪਾਣੀ ਦਾ ਇੱਕੋ ਇੱਕ ਸਰੋਤ ਮੀਂਹ ਹੈ। ਅਸੀਂ ਇਸ ਪਾਣੀ ਦੀ ਹਰ ਬੂੰਦ ਨੂੰ ਬਚਾਉਣਾ ਹੈ। ਇਹ ਪੇਂਡੂ ਖੇਤਰਾਂ ਵਿੱਚ ਛੱਪੜਾਂ ਰਾਹੀਂ ਅਤੇ ਸ਼ਹਿਰੀ ਖੇਤਰਾਂ ਵਿੱਚ ਵਾਟਰ ਹਾਰਵੈਸਟਿੰਗ ਰਾਹੀਂ ਕੀਤਾ ਜਾ ਸਕਦਾ ਹੈ। ਵਾਟਰ ਹਾਰਵੈਸਟਿੰਗ ਰਾਹੀਂ ਪਾਣੀ ਇਕੱਠਾ ਕਰਕੇ ਧਰਤੀ ਹੇਠਲੇ ਪਾਣੀ ਨੂੰ ਉੱਪਰ ਲਿਆਂਦਾ ਜਾ ਸਕਦਾ ਹੈ। ਇਸ ਰਾਹੀਂ ਖੂਹਾਂ ਅਤੇ ਟਿਊਬਵੈੱਲਾਂ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਸਾਡੇ ਦੇਸ਼ ਵਿੱਚ ਇੱਕ ਪੁਰਾਣੀ ਕਹਾਵਤ ਹੈ ਕਿ ਹਰ ਬੂੰਦ ਇੱਕ ਘੜਾ ਭਰਦੀ ਹੈ। ਇਸ ਦਾ ਮਤਲਬ ਹੈ ਕਿ ਜੇਕਰ ਧਰਤੀ ਇਸ ਨਾਲ ਭਰ ਗਈ ਤਾਂ ਇਹ ਸਾਨੂੰ ਪਾਣੀ ਦਿੰਦੀ ਰਹੇਗੀ।

ਭਾਵ, ਤਾਲਮੇਲ ਵਾਲੇ ਯਤਨਾਂ ਨਾਲ ਹੀ ਅਸੀਂ ਪਾਣੀ ਵਰਗੇ ਅਨਮੋਲ ਸਰੋਤ ਦੀ ਸੰਭਾਲ ਅਤੇ ਪ੍ਰਚਾਰ ਕਰ ਸਕਦੇ ਹਾਂ। ਸਾਨੂੰ ਪਾਣੀ ਦੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਦਰਿਆਵਾਂ ਅਤੇ ਰਵਾਇਤੀ ਸਰੋਤਾਂ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਪਰ ਕੀ ਅਸੀਂ ਸੱਚਮੁੱਚ ਇਸ ਦਿਸ਼ਾ ਵਿੱਚ ਕੁਝ ਪਹਿਲ ਕਰਨ ਲਈ ਤਿਆਰ ਹਾਂ ?

## ਤਬਾਹ ਹੋ ਰਹੀ ਹੈ ਜੰਗਲੀ ਦੌਲਤ

ਕੇਂਦਰ ਸਰਕਾਰ ਵੱਲੋਂ 1988 ਵਿੱਚ ਬਣਾਈ ਗਈ ਜੰਗਲਾਤ ਨੀਤੀ ਨੇ ਜੰਗਲਾਂ ਦੀ ਸਾਂਭ ਸੰਭਾਲ ਅਤੇ ਪਸਾਰ ਨੂੰ ਸੁਖਾਲਾ ਕੀਤਾ ਸੀ, ਪਰ ਉੱਤਰਾਖੰਡ ਬਣਨ ਤੋਂ ਬਾਅਦ ਜਿਸ ਤਰੀਕੇ ਨਾਲ ਮਾਫੀਆ ਗਰੁੱਪਾਂ, ਸਮੱਗਲਰਾਂ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਜੰਗਲਾਂ ਨੂੰ ਲੁੱਟਿਆ ਗਿਆ, ਉਸ ਨੂੰ ਉੱਤਰਾਖੰਡ ਬਣਾਉਣ ਦਾ ਜੋ ਮਕਸਦ ਸੀ ਉਹ ਟੁਕੜਿਆਂ ਵਿੱਚ ਟੁੱਟ ਗਿਆ ਸੀ। ਅੱਜ ਵੀ ਉੱਤਰਾਖੰਡ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਹੱਲ ਕਰਨ ਦੀ ਲੋੜ ਹੈ। ਸੈਰ-ਸਪਾਟੇ ਦੇ ਮਾਮਲੇ ’ਚ ਉਤਰਾਖੰਡ ਦੇਸ਼ ਦੇ ਹੋਰਨਾਂ ਸੂਬਿਆਂ ਨਾਲੋਂ ਕਾਫੀ ਅੱਗੇ ਹੈ ਪਰ ਜਿਸ ਤਰ੍ਹਾਂ ਸੈਰ-ਸਪਾਟੇ ਦਾ ਵਿਕਾਸ ਹੋ ਰਿਹਾ ਹੈ, ਉਹ ਵੀ ਕਈ ਸਮੱਸਿਆਵਾਂ ਪੈਦਾ ਕਰ ਰਿਹਾ ਹੈ, ਜਿਨ੍ਹਾਂ ’ਚੋਂ ਇੱਕ ਹੈ ਜੰਗਲਾਂ ਨੂੰ ਕੱਟ ਕੇ ਇਮਾਰਤਾਂ ਦਾ ਨਿਰਮਾਣ। ਅੱਜ ਉੱਤਰਾਖੰਡ ਵਿੱਚ ਭਾਰਤ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਦੀਆਂ ਕਈ ਬਹੁਕੌਮੀ ਕੰਪਨੀਆਂ ਇੱਥੋਂ ਦੀ ਅਨਮੋਲ ਦੌਲਤ ਦਾ ਸ਼ੋਸ਼ਣ ਕਰਕੇ ਪੂਰੇ ਇਲਾਕੇ ਨੂੰ ਖੋਖਲਾ ਕਰਨ ਵਿੱਚ ਲੱਗੀਆਂ ਹੋਈਆਂ ਹਨ। ਰੁਜ਼ਗਾਰ ਮੁਹੱਈਆ ਕਰਵਾਉਣ ਅਤੇ ਖੁਸ਼ਹਾਲੀ ਦਾ ਨਵਾਂ ਦੌਰ ਸ਼ੁਰੂ ਕਰਨ ਦਾ ਵਾਅਦਾ ਕਰਨ ਵਾਲੀਆਂ ਇਨ੍ਹਾਂ ਕੰਪਨੀਆਂ ਨੂੰ ਸੂਬਾ ਸਰਕਾਰ ਤੋਂ ਸਮਰਥਨ ਮਿਲ ਰਿਹਾ ਹੈ। ਸੂਬਾ ਸਰਕਾਰ ਗੈਰ-ਕਾਨੂੰਨੀ ਉਸਾਰੀ, ਜੰਗਲੀ ਜਾਨਵਰਾਂ ਦੇ ਗੈਰ-ਕਾਨੂੰਨੀ ਸ਼ਿਕਾਰ, ਗੈਰ-ਕਾਨੂੰਨੀ ਮਾਈਨਿੰਗ ਅਤੇ ਜੰਗਲੀ ਦਵਾਈਆਂ ਅਤੇ ਲੱਕੜ ਦੀ ਬੇਸ਼ਕੀਮਤੀ ਤਸਕਰੀ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਜਿਸ ਟੀਚੇ ਨਾਲ ਉੱਤਰਾਖੰਡ ਦੀ ਸਿਰਜਣਾ ਕੀਤੀ ਗਈ ਸੀ ਉਹ ਅੱਜ ਵੀ ਅਧੂਰਾ ਹੈ। ਉੱਤਰਾਖੰਡ ਦੀ ਸਿਰਜਣਾ ਸਮੇਂ ਪਹਾੜੀ ਵਾਸੀਆਂ ਨੇ ਜੋ ਸੁਪਨੇ ਵੇਖੇ ਸਨ, ਉਹ ਜੰਗਲਾਂ ਦੇ ਨਾਲ-ਨਾਲ ਲਗਾਤਾਰ ਸੜ ਰਹੇ ਹਨ। ਹਰ ਵਾਰ ਚੋਣਾਂ ਸਮੇਂ ਹਰ ਪਾਰਟੀ ਉੱਤਰਾਖੰਡ ਨੂੰ ਸਭ ਤੋਂ ਖੁਸ਼ਹਾਲ ਸੂਬਾ ਬਣਾਉਣ ਦਾ ਵਾਅਦਾ ਕਰਕੇ ਸੱਤਾ ’ਚ ਆਉਂਦੀ ਹੈ ਅਤੇ ਸੱਤਾ ’ਚ ਆਉਂਦੇ ਹੀ ਸੈਰ-ਸਪਾਟੇ ਨੂੰ ਬੜ੍ਹਾਵਾ ਦੇ ਕੇ ਆਪਣਾ ਨਫਾ-ਨੁਕਸਾਨ ਵੰਡਣ ਲੱਗ ਪੈਂਦੀ ਹੈ ਅਤੇ ਨਵੀਆਂ ਭਾਰਤੀ ਅਤੇ ਵਿਦੇਸ਼ੀ ਕੰਪਨੀਆਂ ਰਾਹੀਂ ਮੁਨਾਫਾ ਕਮਾਉਣਾ ਸ਼ੁਰੂ ਕਰ ਦਿੰਦੀ ਹੈ ।ਸਾਰਾ ਧਿਆਨ ਕਮਾਈ ’ਤੇ ਹੈ। ਇਸ ਸੂਬੇ ਦੀਆਂ ਬੁਨਿਆਦੀ ਸਮੱਸਿਆਵਾਂ ਲਈ ਕੋਈ ਠੋਸ ਲੰਬੀ ਮਿਆਦ ਦੇ ਕਦਮ ਅਤੇ ਯੋਜਨਾਵਾਂ ਨਹੀਂ ਬਣਾਈਆਂ ਜਾਂਦੀਆਂ। ਜਦੋਂ ਕੋਈ ਜੰਗਲ ਸੜਦਾ ਹੈ, ਤਾਂ ਨਾ ਸਿਰਫ਼ ਜੰਗਲ ਸੜਦਾ ਹੈ, ਸਗੋਂ ਉਸ ਖੇਤਰ ਦਾ ਮੁੱਢ ਵੀ ਸੜ ਕੇ ਸੁਆਹ ਹੋ ਜਾਂਦਾ ਹੈ। , ਦੇਵਭੂਮੀ ਕਹੇ ਜਾਣ ਵਾਲੇ ਇਸ ਪਹਾੜੀ ਖੇਤਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਤੋਂ ਹੀ ਇਸ ਨੂੰ ਅਣਗਿਣਤ ਕੁਦਰਤੀ ਤ੍ਰਾਸਦੀਆਂ ਦਾ ਸਾਹਮਣਾ ਕਰਨ ਲਈ ਮਜਬੂਰ ਹੋਣਾ ਪਿਆ ਹੈ। ਸਰਕਾਰ ਅਤੇ ਪ੍ਰਸ਼ਾਸਨ ਕੁਦਰਤੀ ਆਫ਼ਤਾਂ ਤੋਂ ਛੁਟਕਾਰਾ ਪਾਉਣ ਜਾਂ ਰਾਹਤ ਦੇਣ ਲਈ ਤੁਰੰਤ ਕਦਮ ਚੁੱਕਦੇ ਹਨ, ਪਰ ਪ੍ਰਸ਼ਾਸਨ ਅੱਗ ਨਾਲ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਵਿੱਚ ਵੀ ਅਸਫਲ ਰਹਿੰਦਾ ਹੈ। ਜ਼ਿੰਮੇਵਾਰ ਵਿਭਾਗਾਂ ਅਤੇ ਉਨ੍ਹਾਂ ਅੰਦਰ ਜ਼ਿੰਮੇਵਾਰ ਅਧਿਕਾਰੀਆਂ ਨੂੰ ਲਾਪ੍ਰਵਾਹੀ ਤੋਂ ਸੁਚੇਤ ਕਰਨ ਦੀ ਲੋੜ ਹੈ। ਡਿਊਟੀ ਪ੍ਰਤੀ ਲਾਪਰਵਾਹੀ ਨੂੰ ਗੰਭੀਰ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ। ਜੇਕਰ ਪ੍ਰਸ਼ਾਸਨ ਆਪਣੇ ਫਰਜ਼ਾਂ ਵਿੱਚ ਸਰਗਰਮ ਰਹਿੰਦਾ ਹੈ ਤਾਂ ਭਵਿੱਖ ਵਿੱਚ ਜੰਗਲ ਦੀ ਬੇਕਾਬੂ ਅੱਗ ਭਿਆਨਕ ਰੂਪ ਨਹੀਂ ਧਾਰਨ ਕਰੇਗੀ ਅਤੇ ਇਸ ਦੇ ਨਾਲ ਹੀ ਸਾਨੂੰ ਇਹ ਵੀ ਸੋਚਣਾ ਹੋਵੇਗਾ ਕਿ ਕੁਦਰਤੀ ਦੌਲਤ ਨੂੰ ਬਚਾਉਣ ਲਈ ਅਜਿਹੀ ਯੋਜਨਾ ਵੱਡੇ ਪੱਧਰ ’ਤੇ ਬਣਾਈ ਜਾਵੇ ਤਾਂ ਜੋ ਜੇਕਰ ਜੰਗਲ ਵਿੱਚ ਅੱਗ ਲੱਗੇ ਤਾਂ ਇਸ ’ਤੇ ਤੁਰੰਤ ਕਾਬੂ ਪਾਇਆ ਜਾ ਸਕੇ।

***

## ਪੰਜਾਬੀ ਸੂਬਾ ਮੋਰਚਾ

ਪਿਸਤੌਲਾਂ ਤਣੀਆਂ ਹੋਈਆਂ ਸਨ ਪਰ ਸਤਿਆਗ੍ਰਹੀ ਨੌਜਵਾਨ ਪਿੱਛੇ ਨਹੀਂ ਹੋਏ। ਅਕਾਲ ਤਖਤ ਸਾਹਿਬ ਦੇ ਸਾਹਮਣੇ ਦੀਵਾਨ ਲੱਗਿਆ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਬੂਟਾ ਸਿੰਘ, ਜਥੇਦਾਰ ਤਾਰਾ ਸਿੰਘ ਜੀ ਨੇ ਸਿੰਘਾਂ ਨੂੰ ਅੱਗੇ ਆਉਣ ਲਈ ਕਿਹਾ। ਸਿੰਘ ਸ਼ਾਂਤਮਈ ਡੱਟ ਗਏ। ਨੌਜਵਾਨ ਕੰਧ ਟੱਪ ਕੇ ਮੰਜੀ ਸਾਹਿਬ ਪਹੁੰਚੇ। ਪੰਜਾਬੀ ਸੂਬਾ ਜਿੰਦਾਬਾਦ ਦੇ ਨਾਰੇ ਲਾਉਂਦੇ ਰਹੇ ਤੇ ਡਾਂਗਾਂ ਖਾਂਦੇ ਉਹ ਗ੍ਰਿਫ਼ਤਾਰ ਹੋ ਜਾਂਦੇ। ਸਰਕਾਰ ਨੇ ਰੋਜ਼ਾਨਾ ਪ੍ਰਭਾਤ ਅਤੇ ਅਕਾਲੀ ਅਖ਼ਬਾਰਾਂ ਦੇ ਪ੍ਰਕਾਸ਼ਨ ਰੋਕ ਦਿੱਤੇ ਅਜੀਤ ਅਤੇ ਅਕਾਲੀ ਪੱਤ੍ਰਕਾ ਤੇ ਰੋਕ ਦੀ ਕਾਰਵਾਈ ਹੋਈ। ਚਾਰੇ ਅਖ਼ਬਾਰਾਂ 4-9 ਜੁਲਾਈ 1955 ਤੱਕ ਬੰਦ ਰਹੀਆਂ ਤਾਂ ਜੋ ਪੁਲਿਸ ਤਸ਼ੱਦਦ ਦੀਆਂ ਖ਼ਬਰਾਂ ਅਖ਼ਬਾਰਾਂ ਰਾਹੀਂ ਬਾਹਰ ਨਾ ਨਿਕਲਣ। ਪੰਜ ਦਿਨਾਂ ਬਾਅਦ ਅਖ਼ਬਾਰ ਬਹਾਲ ਹੋਏ। ਭਾਵੇਂ ਬੀ ਬੀ ਸੀ ਲੰਡਰ ਅਤੇ ਅਮਰੀਕਾ ਤਕ ਖ਼ਬਰਾਂ ਪੁੱਜ ਚੁੱਕੀਆਂ ਸਨ।

ਪੁਲਿਸ ਦਾ ਖਿਆਲ ਸੀ ਕਿ ਮੰਜੀ ਸਾਹਿਬ ਦੀਵਾਨ ਅਸਥਾਨ ਤੇ ਕਬਜ਼ਾ ਕਰਕੇ ਦਰਬਾਰ ਸਾਹਿਬ ਦੀ ਨਾਕਾਬੰਦੀ ਕਰਕੇ ਉਹ ਮੋਰਚਾ ਕੁਚਲ ਦੇਣਗੇ। ਪੁਲਿਸ ਨੇ ਮੰਜੀ ਸਾਹਿਬ ਛਾਉਣੀ ਪਾ ਲਈ। ਗੁਰੂ ਰਾਮ ਦਾਸ ਸਰਾਂ, ਲੰਗਰ, ਪ੍ਰਕਾਸ਼ ਅਸਥਾਨ ਅਤੇ ਚਲਾਏ ਜਾ ਰਹੇ ਲੰਗਰਾਂ ਤੇ ਕਬਜ਼ਾ ਕਰ ਲਿਆ। ਲੰਗਰਾਂ ਵਿਚੋਂ ਦਾਲ, ਆਟਾ, ਘਿਓ ਅਤੇ ਭਾਂਡੇ ਪੁਲਿਸ ਚੁੱਕ ਕੇ ਲੈ ਗਈ। ਬਾਬਾ ਅਟਲ ਸਾਹਿਬ ਅਤੇ ਕੋਲਸਰ ਸਰੋਵਰ ਦੀ ਪਵਿੱਤਰਤਾ ਭੰਗ ਹੋਈ। ਜੁਲਾਈ 4,1955 ਨੂੰ ਦਰਬਾਰ ਸਾਹਿਬ ਵਾਸਤੇ ਕੜਾਹ ਪ੍ਰਸ਼ਾਦ ਅਤੇ ਪ੍ਰਸ਼ਾਦਿਆਂ ’ਤੇ ਵੀ ਰੋਕ ਲਗਾ ਦਿੱਤੀ। ਸੇਵਾਦਾਰਾਂ ਨੂੰ ਵੀ ਬੇਇੱਜ਼ਤ ਕੀਤਾ ਗਿਆ। ਸਖ਼ਤੀ ਦੇ ਬਾਵਜੂਦ ਵੀ ਅਕਾਲ ਤਖ਼ਤ ਸਾਹਿਬ ਤੇ ਪ੍ਰਸ਼ਾਦੇ ਦਾ ਭੰਡਾਰ ਲੱਗ ਗਿਆ। ਸੰਗਤਾਂ ਨੂੰ ਹੋਰ ਪ੍ਰਸ਼ਾਦੇ ਲਿਆਉਣ ਤੋਂ ਰੋਕਣਾ ਪਿਆ।

ਗ੍ਰਿਫ਼ਤਾਰੀਆਂ ਜਾਰੀ ਸਨ। ਪੁਲਿਸ ਨੇ ਹਿੰਦੂ ਸਿੱਖ ਫਸਾਦ ਕਰਵਾਉਣ ਦੀ ਸਾਜ਼ਿਸ਼ ਹੇਠ ਸ਼ਰਾਰਤੀ ਖੜੇ ਕਰ ਲਏ ਕਿ ਫਸਾਦ ਹੋਣ ਦੇ ਬਹਾਨੇ ਕਰਫਿਊ ਲਗਾ ਕੇ ਮੋਰਚਾ ਕੁਚਲ ਦਿੱਤਾ ਜਾਵੇ ਪਰ ਇਹ ਸਾਜ਼ਿਸ਼ ਸਫਲ ਨਾ ਹੋਈ। ਰੋਜ਼ ਸੈਂਕੜੇ ਸਿੰਘ ਅਕਾਲ ਤਖ਼ਤ ਸਾਹਿਬ ’ਤੇ ਇਕੱਠੇ ਹੁੰਦੇ ਗਏ। ਚੀਫ਼ ਖ਼ਾਲਸਾ ਦੀਵਾਨ ਨੇ ਵੀ ਆਵਾਜ਼ ਉਠਾਈ ਕਿ ਸਰਕਾਰ ਕੋਲੋਂ ਹੋ ਰਹੇ ਤਸ਼ੱਦਦ ਦੀ ਪੜਤਾਲ ਕਰਵਾਈ ਜਾਵੇ । ਸੰਤ ਮਹਾਤਮਾ ਵੀ ਮੋਰਚੇ ਵਿੱਚ ਕੁੱਦ ਪਏ। ਮਤਭੇਦ ਰੱਖਣ ਵਲੇ ਕਾਂਗਰਸੀ ਵੀ ਮੋਰਚੇ ਵਿੱਚ ਆ ਗਏ। ਸੱਚਰ ਸਰਕਾਰ ਬੌਖਲਾ ਗਈ। ਗ੍ਰਿਫ਼ਤਾਰੀਆਂ ਤੇ ਰੋਕ ਲਗਾ ਦਿੱਤੀ ਪਰ ਥੋੜੇ ਚਿਰ ਬਾਅਦ ਗ੍ਰਿਫ਼ਤਾਰੀਆਂ ਫਿਰ ਸ਼ੁਰੂ ਹੋ ਗਈਆਂ।

ਜੁਲਾਈ 11, 1955 ਨੂੰ 600 ਗ੍ਰਿਫ਼ਤਾਰੀਅ ਹੋਈਆਂ। 12 ਜੁਲਾਈ 1955 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਗਿਆਨ ਸਿੰਘ ਰਾੜੇਵਾਲਾ ਨੂੰ ਇਤਲਾਹ ਦਿੱਤੀ ਕਿ ਪ੍ਰਧਾਨ ਮੰਤਰੀ ਨਹਿਰੂ ਨੇ ਸਦਭਾਵਨਾ ਅਧੀਨ ਨਾਰ੍ਹਿਆਂ ਤੋਂ ਪਾਬੰਦੀ ਹਟਾ ਲਈ ਹੈ। ਜਥੇਦਾਰ ਗੁਰਬਚਨ ਸਿੰਘ ਜੀ ਫ਼ਤਿਹਗੜ੍ਹ ਦੀ ਕਮਾਨ ਹੇਠ ਸਰਕੂਲਰ ਰੋਡ ਅੰਮ੍ਰਿਤਸਰ ਤੇ 10-15 ਹਜ਼ਾਰ ਦੀ ਸੰਗਤ ਨੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਰ੍ਹਿਆਂ ਨਾਲ ਅਸਮਾਨ ਗੂੰਜਾਂ ਦਿੱਤਾ। ਸਤਿਆਗ੍ਰਹੀ ਵਾਪਸ ਮੰਜੀ ਸਾਹਿਬ ਆ ਗਏ। ਇਹ ਮੋਰਚਾ 64 ਦਿਨਾਂ ਬਾਅਦ ਪੂਰੀ ਸ਼ਾਨ ਨਾਲ ਫ਼ਤਿਹ ਹੋਇਆ।

ਸਮੇਂ ਸਮੇਂ ਮੋਰਚਾ ਸਫਲਤਾ ਪੂਰਵਕ ਚਲਾਉਣ ਲਈ ਮਾਸਟਰ ਤਾਰਾ ਸਿੰਘ ਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਜਿਨ੍ਹਾਂ ਆਗੂਆਂ ਨੇ ਮੋਰਚੇ ਦੀ ਅਗਵਾਈ ਸੰਭਾਲੀ, ਉਹਨਾਂ ਵਿੱਚ ਪ੍ਰਿੰਸੀਪਲ ਇਕਬਾਲ ਸਿੰਘ, ਭੁਪਿੰਦਰ ਸਿੰਘ ਮਾਨ, ਮੀਹਾਂ ਸਿੰਘ ਗਿੱਲ ਵਿਧਾਇਕ ਪੈਪਸੂ,ਗੁਰਰਾਜ ਸਿੰਘ ਮੈਂਬਰ ਕੌਂਸਲ ਆਫ਼ ਸਟੇਟ, ਨਰਿੰਦਰ ਸਿੰਘ ਭੁਲੇਰ, ਪ੍ਰੀਤਮ ਸਿੰਘ ਮੋਫਰ ਵਿਧਾਇਕ ਪੈਪਸੂ ਸ਼ਾਮਲ ਸਨ।

ਇਸ ਮੋਰਚੇ ਵਿੱਚ ਅਕਾਲੀਆਂ ਨੇ ਪੰਥ ਦੀ ਆਵਾਜ਼ ਤੇ ਸ਼ਾਨਦਾਰ ਹਿੱਸਾ ਲਿਆ। ਆਪਣੀਆਂ ਫਸਲਾਂ, ਚਲਦੇ ਵਪਾਰ, ਕਾਰੋਬਾਰ, ਨੌਕਰੀਆਂ,ਕੁਰਕੀਆਂ, ਪੜਾਈਆਂ ਦੀ ਪ੍ਰਵਾਹ ਨਾ ਕਰਦੇ ਹੋਏ 12000 ਜੇਲ੍ਹਾਂ ਵਿੱਚ ਗਏ। ਜੋ ਜੋਸ਼, ਰੋਹ, ਹਿੰਮਤ, ਦਲੇਰੀ, ਬਹਾਦਰੀ, ਕੁਰਬਾਨੀ ਅਤੇ ਚੜ੍ਹਦੀਕਲਾ ਨਾਲ ਮੋਰਚੇ ਵੱਲ ਵਧੇ। ਸ਼੍ਰੋਮਣੀ ਕਮੇਟੀ ਦੇ 111 ਮੈਂਬਰ, ਸਾਰੇ ਅਕਾਲੀ, ਮੈਂਬਰ ਪਾਰਲੀਮੈਂਟ, ਵਿਧਾਇਕ, ਮਿਉਂਸਪਲ ਕੌਂਸਲਰ, ਸਿੱਖ ਆਗੂ, ਨਿਆਇਕ ਅਮਲਾ, ਵਕੀਲ, ਪ੍ਰੋਫੈਸਰ, ਪ੍ਰਿੰਸੀਪਲ, ਡਾਕਟਰ, ਵਿਦਿਆਰਥੀ ਅਤੇ ਹਰ ਖ਼ਿੱਤੇ ਦੇ ਆਗੂ ਅਤੇ ਸੇਵਾਦਾਰ ਜੇਲ੍ਹ ਗਏ। ਬੀਬੀਆਂ ਨੇ ਵੀ ਸਰਗਰਮੀ ਨਾਲ ਮੋਰਚੇ ਵਿੱਚ ਹਿੱਸਾ ਲਿਆ। ਗ੍ਰਿਫ਼ਤਾਰੀਆਂ ਦਿੱਤੀਆਂ। ਬੀਬੀ ਜੋਗਿੰਦਰ ਕੌਰ ਰੇਡੀਓ ਗਾਇਕ ਨੇ ਮੰਜੀ ਸਾਹਿਬ ਤੋਂ ਬੀਰ ਰਸੀ ਵਾਰਾਂ ਨਾਲ ਸੰਗਤਾਂ ਵਿੱਚ ਉਤਸ਼ਾਹ ਭਰਿਆ ਅਤੇ ਗ੍ਰਿਫ਼ਤਾਰ ਵੀ ਹੋਏ।

ਸ਼੍ਰੋਮਣੀ ਅਕਾਲੀ ਦਲ ਨੇ ਦਰਬਾਰ ਸਾਹਿਬ ’ਤੇ ਹੋਏ ਪੁਲਿਸ ਹਮਲੇ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ ਪਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ। ਅਕਾਲੀ ਦਲ ਨੇ ਆਪ ਇੱਕ ਜਾਂਚ ਕਮੇਟੀ ਬਣਾਈ। ਸੇਵਾ ਮੁਕਤ ਜੱਜ ਸਰਦਾਰ ਤੇਜਾ ਸਿੰਘ, ਭਾਈ ਜੋਧ ਸਿੰਘ, ਕੰਵਰ ਦਲੀਪ ਸਿੰਘ ਮੈਂਬਰ ਸਨ। ਪੜਤਾਲੀਆਂ ਕਮੇਟੀ ਨੇ ਸਰਕਾਰ ਨੂੰ ਦੋਸ਼ੀ ਠਹਿਰਾਇਆ। ਮਾਸਟਰ ਜੀ ਨੂੰ 8 ਸਤੰਬਰ 1955 ਨੂੰ ਗੁੜ ਗਾਵਾਂ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਨੇ 10 ਨਵੰਬਰ 1955 ਨੂੰ ਅਕਾਲ ਤਖ਼ਤ ਸਾਹਿਬ ’ਤੇ ਆ ਕੇ ਮਾਫ਼ੀ ਮੰਗੀ। 21 ਜਨਵਰੀ 1956 ਨੂੰ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਬਣਾਇਆ। ਕਾਂਗਰਸ ਨਾਲ ਚਲਦੇ ਟਕਰਾਓ ਦੇ ਦੌਰ ਵਿੱਚ ਪੰਜਾਬੀ ਸੂਬਾ ਮੋਰਚਾ 1960 ਵਿੱਚ ਲੱਗਿਆ।

***

## ਐਮਰਜੈਂਸੀ ਦੇ ਬਿਰਤਾਂਤ ’ਚੋਂ ਗੁੰਮ

ਸਮਾਂ ਪਾ ਕੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਤੋਂ ਪ੍ਰੇਰਨਾ ਲੈਣੀ ਵੀ ਛੱਡ ਦਿੰਦੀਆਂ ਹਨ ਅਤੇ ਹੌਲੀ-ਹੌਲੀ ਦੇਸ਼ ਦੇ ਲੋਕ ਵੀ ਉਨ੍ਹਾਂ ਦੇ ਯੋਗਦਾਨ ਨੂੰ ਭੁੱਲ ਜਾਂਦੇ ਹਨ। ਅਜਿਹੀ ਸਥਿਤੀ ਦਾ ਸਾਹਮਣਾ ਅੱਜ ਅਕਾਲੀ ਦਲ ਕਰਦਾ ਨਜ਼ਰ ਆ ਰਿਹਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਅਕਾਲੀ ਦਲ ਇੱਕ ਸਿਆਸੀ ਜਥੇਬੰਦੀ ਵਜੋਂ ਵੀ ਨਿਰੰਤਰ ਕਮਜ਼ੋਰ ਹੋਇਆ ਹੈ। 2017 ਤੋਂ ਲੈ ਕੇ 2024 ਤੱਕ ਹੋਈਆਂ ਵਿਧਾਨ ਸਭਾਵਾਂ ਅਤੇ ਲੋਕ ਸਭਾਵਾਂ ਦੀਆਂ ਚੋਣਾਂ ਵਿੱਚ ਇਸ ਨੂੰ ਵੱਡੀਆਂ-ਵੱਡੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ।

ਇਸ ਦਾ ਸਿੱਟਾ ਇਹ ਵੀ ਨਿਕਲਿਆ ਹੈ ਕਿ ਦੇਸ਼ ਵਿੱਚ ਪੰਥ ਅਤੇ ਪੰਜਾਬ ਦੀ ਆਵਾਜ਼ ਕਮਜ਼ੋਰ ਹੋ ਗਈ ਹੈ। ਜੇ ਧਾਰਮਿਕ ਖੇਤਰ ਦੀ ਗੱਲ ਕਰੀਏ ਤਾਂ ਦਿੱਲੀ ਗੁਰਦੁਆਰਾ ਕਮੇਟੀ, ਅਕਾਲੀ ਦਲ ਦੇ ਪ੍ਰਭਾਵ ਹੇਠੋਂ ਨਿਕਲ ਚੁੱਕੀ ਹੈ। ਹਰਿਆਣੇ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਬਣ ਗਈ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਵੀ ਸਿੱਖ ਪੰਥ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਉਥੋਂ ਦੀਆਂ ਸਰਕਾਰਾਂ ਵਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੇ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਵਿੱਚ ਵੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਅਸਫ਼ਲ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਧਿਰ ਵਜੋਂ ਕਮਜ਼ੋਰ ਹੋਣ ਦੇ ਪੰਜਾਬ ’ਤੇ ਰਾਜਨੀਤਕ ਪੱਖ ਤੋਂ ਪਏ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਕੇਂਦਰ ਸਰਕਾਰ ਨੇ ਸੁਰੱਖਿਆ ਦਾ ਬਹਾਨਾ ਬਣਾ ਕੇ ਭਾਖੜਾ ਡੈਮ ਦਾ ਸਾਰਾ ਪ੍ਰਬੰਧ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਇਸ ਵਿਚੋਂ ਪੰਜਾਬ ਦੀ ਨੁਮਾਇੰਦਗੀ ਵੀ ਖ਼ਤਮ ਕਰ ਦਿੱਤੀ ਹੈ। ਚੰਡੀਗੜ੍ਹ ਰਾਜਧਾਨੀ ਪੰਜਾਬ ਨੂੰ ਦੇਣ ਦੀ ਥਾਂ ’ਤੇ ਉਥੇ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਬਣਾਉਣ ਲਈ ਥਾਂ ਦੇਣ ਦਾ ਕੇਂਦਰ ਸਰਕਾਰ ਨੇ ਫ਼ੈਸਲਾ ਕੀਤਾ ਹੋਇਆ ਹੈ। ਚੰਡੀਗੜ੍ਹ ਵਿਚੋਂ ਪੰਜਾਬ ਅਤੇ ਪੰਜਾਬੀਅਤ ਦਾ ਪ੍ਰਭਾਵ ਘਟਾਉਣ ਲਈ ਕੇਂਦਰ ਸਰਕਾਰ ਚੰਡੀਗੜ੍ਹ ਪ੍ਰਸ਼ਾਸਨ ਰਾਹੀਂ ਨਿਰੰਤਰ ਯਤਨ ਕਰਦੀ ਆ ਰਹੀ ਹੈ। ਦਰਿਆਈ ਪਾਣੀਆਂ ਸੰਬੰਧੀ ਵੀ ਪੰਜਾਬ ਨੂੰ ਅੱਜ ਤੱਕ ਇਨਸਾਫ਼ ਨਹੀਂ ਮਿਲਿਆ। ਸਮੁੱਚੇ ਤੌਰ ’ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਇਕੋ-ਇਕ ਮਜ਼ਬੂਤ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਕਮਜ਼ੋਰ ਹੋਣ ਦਾ ਸਿੱਖ ਪੰਥ ਅਤੇ ਪੰਜਾਬ ਦੋਵਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਬਿਨਾਂ ਸ਼ੱਕ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਰਾਜ ਵਿੱਚ ਕੋਈ ਵੀ ਹੋਰ ਰਾਜਨੀਤਕ ਪਾਰਟੀ ਅਜਿਹੀ ਨਹੀਂ ਹੈ ਜੋ ਪੰਥ ਅਤੇ ਪੰਜਾਬ ਦੇ ਹਿਤਾਂ ਲਈ ਉਸ ਤਰ੍ਹਾਂ ਲੜ ਸਕੇ, ਜਿਸ ਤਰ੍ਹਾਂ ਕਿ ਕੁਝ ਦਹਾਕੇ ਪਹਿਲਾਂ ਤੱਕ ਸ਼੍ਰੋਮਣੀ ਅਕਾਲੀ ਦਲ ਲੜਦਾ ਰਿਹਾ ਹੈ। ਇਹ ਹੋਰ ਵੀ ਦੁੱਖ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਆਪਣੀਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਦੂਰ ਕਰਨ ਦੀ ਥਾਂ ’ਤੇ ਅੱਗੋਂ ਹੋਰ ਵੀ ਪਾਟੋਧਾੜ ਵੱਲ ਵਧਦਾ ਨਜ਼ਰ ਆ ਰਿਹਾ ਹੈ। ਜੇਕਰ ਇਹ ਰਾਜਨੀਤਕ ਜਥੇਬੰਦੀ ਇਸੇ ਤਰ੍ਹਾਂ ਰਸਾਤਲ ਵੱਲ ਜਾਂਦੀ ਰਹੀ ਤਾਂ ਦੇਸ਼ ਵਿੱਚ ਪੰਥ ਅਤੇ ਪੰਜਾਬ ਦੀ ਆਵਾਜ਼ ਦੇ ਹੋਰ ਵੀ ਕਮਜ਼ੋਰ ਹੋਣ ਦੇ ਵੱਡੇ ਖ਼ਦਸ਼ੇ ਹਨ। ਇਸ ਸੰਬੰਧ ਵਿੱਚ ਸਿੱਖ ਪੰਥ ਦੇ ਸਮੂਹ ਆਗੂਆਂ ਅਤੇ ਸਾਰੇ ਗ਼ੈਰਤਮੰਦ ਪੰਜਾਬੀਆਂ ਨੂੰ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com